ਅਠਾਰਵਾਂ ਸਾਲ
PARDES TIMES
18th year in Publication
# ਪਰਦੇਸ ਟਾਇਮਜ਼
ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)
ਦੇਵ ਰਾਏ (ਮੈਨੇਜਿੰਗ ਡਾਇਰੈਕਟਰ) 604-561-9797
ਮਾਂ ਬੋਲੀ ਨੂੰ ਸਮਰਪਿਤ
www.pardestimes.com
pardestimes
VOL- 18 | No. 453 | July 24, 2024 | E-mail : info@pardestimes.com | Ph 510-938-7771

# ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪੇਸ਼ ਕੀਤਾ 9 ਨੁਕਤਿਆਂ ਵਾਲ ਬਜਟ 2024-25

ਨਵੀਂ ਦਿੱਲੀ- ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਮੰਗਲਵਾਰ 23 ਜੁਲਾਈ ਨੂੰ ਲਗਾਤਾਰ ਸੱਤਵੀਂ ਵਾਰ ਬਜਟ ਪੇਸ਼ ਕੀਤਾ। ਸੀਤਾਰਮਨ ਨੇ ਆਪਣੇ 1 ਘੰਟਾ 23 ਮਿੰਟ ਦੇ

## ਨਵੀਂ ਤਾਕਤ ਦੇਣ ਵਾਲਾ ਬਜਟ- ਮੋਦੀ



ਪ੍ਰਧਾਨ ਮੰਤਰੀ ਮੋਦੀ ਨੇ ਬਜਟ 'ਚ ਕੀਤੀਆਂ ਵਿਵਸਥਾਵਾਂ 'ਤੇ ਖੁਸ਼ੀ ਜ਼ਾਹਰ ਕੀਤੀ ਅਤੇ ਦੇਸ਼ ਨੂੰ ਬਜਟ ਬਾਰੇ ਦੱਸਿਆ। ਬਜਟ ਬਾਰੇ ਪੀਐਮ ਮੋਦੀ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ 25 ਕਰੋੜ ਲੋਕ ਗਰੀਬੀ ਤੋਂ ਬਾਹਰ ਆਏ ਹਨ। ਇਹ ਬਜਟ ਨਵੇਂ ਮੱਧ ਵਰਗ ਦੇ ਸਸ਼ਕਤੀਕਰਨ ਲਈ ਹੈ। ਇਹ ਬਜਟ ਨੌਜਵਾਨਾਂ ਨੂੰ ਬੇਅੰਤ ਮੌਕੇ ਪ੍ਰਦਾਨ ਕਰੇਗਾ। ਇਹ ਬਜਟ ਸਿੱਖਿਆ ਤੇ ਹੁਨਰ ਨੂੰ ਨਵਾਂ ਆਯਾਮ ਦੇਵੇਗਾ। ਇਹ ਬਜਟ ਨਵੇਂ ਮੱਧ ਵਰਗ ਨੂੰ ਤਾਕਤ ਦੇਵੇਗਾ।।ਇਹ ਬਜਟ ਔਰਤਾਂ, ਛੋਟੇ ਕਾਰੋਬਾਰੀਆਂ, MSME ਦੀ ਮਦਦ ਕਰੇਗਾ। ਧਾਨ ਮੰਤਰੀ ਨੇ ਕਿਹਾ ਕਿ ਬਜਟ ਆਦਿਵਾਸੀਆਂ, ਦਲਿਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸਸ਼ਕਤੀਕਰਨ ਦੇ ਉਦੇਸ਼ ਨਾਲ ਮਜ਼ਬੂਤ ਯੋਜਨਾਵਾਂ ਲੈ ਕੇ ਆਉਂਦਾ ਹੈ। ਇਹ ਬਜਟ ਵਿੱਤੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ।

ਬਜਟ ਭਾਸ਼ਣ ਵਿੱਚ ਨੌਜਵਾਨਾਂ, ਗਰੀਬਾਂ, ਔਰਤਾਂ ਅਤੇ ਭੋਜਨ ਪ੍ਰਦਾਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਸ਼ੇਸ਼ ਨੌਂ-ਨੁਕਾਤੀ ਯੋਜਨਾਵਾਂ ਦਾ ਐਲਾਨ ਕੀਤਾ। ਬਿਹਾਰ ਨੂੰ 58.9 ਹਜ਼ਾਰ ਕਰੋੜ ਰੁਪਏ ਅਤੇ ਆਂਧਰਾ ਪ੍ਰਦੇਸ਼ ਨੂੰ 15 ਹਜ਼ਾਰ ਕਰੋੜ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਹੈ। ਨਵੀਂ ਟੈਕਸ ਪ੍ਰਣਾਲੀ ਦੀ ਚੋਣ ਕਰਨ ਵਾਲੇ ਟੈਕਸਦਾਤਾਵਾਂ ਨੂੰ ਵੀ ਮਾਮੂਲੀ ਰਾਹਤ ਦਿੱਤੀ ਗਈ ਹੈ

### ਅੰਨਦਾਤਾ ਦਾ ਰੱਖਿਆ ਵਿਸ਼ੇਸ਼ ਧਿਆਨ

ਕੇਂਦਰੀ ਬਜਟ 2024 ਵਿੱਚ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਲਈ 1.52 ਲੱਖ ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਇਸ ਦੇ ਨਾਲ ਹੀ ਜ਼ਮੀਨ ਦੀ ਰਜਿਸਟਰੀ 'ਤੇ 6 ਕਰੋੜ ਕਿਸਾਨਾਂ ਦੀ ਜਾਣਕਾਰੀ ਲਿਆਂਦੀ ਜਾਵੇਗੀ। ਪੰਜ ਰਾਜਾਂ ਵਿੱਚ ਨਵੇਂ ਕਿਸਾਨ ਕ੍ਰੈਡਿਟ ਕਾਰਡ ਜਾਰੀ ਕੀਤੇ ਜਾਣਗੇ।

### ਔਰਤਾਂ ਅਤੇ ਕੁੜੀਆਂ ਦਾ ਰੱਖਿਆ ਵੀ ਧਿਆਨ

ਔਰਤਾਂ ਅਤੇ ਲੜਕੀਆਂ ਨੂੰ ਲਾਭ ਪਹੁੰਚਾਉਣ ਵਾਲੀਆਂ ਯੋਜਨਾਵਾਂ ਲਈ 3 ਲੱਖ ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਇਸ ਦੇ ਨਾਲ ਹੀ ਕੰਮਕਾਜੀ ਔਰਤਾਂ ਲਈ




ਹੋਸਟਲ ਅਤੇ ਕਰੈਚ ਬਣਾਏ ਜਾਣਗੇ।

### ਨੌਜਵਾਨਾਂ ਦਾ ਬੱਲੇ-ਬੱਲੇ!

ਕੇਂਦਰੀ ਬਜਟ 2024 ਵਿੱਚ ਨੌਜਵਾਨਾਂ ਲਈ ਰੁਜ਼ਗਾਰ ਅਤੇ ਹੁਨਰ ਸਿਖਲਾਈ ਨਾਲ ਸਬੰਧਤ ਪੰਜ ਯੋਜਨਾਵਾਂ ਲਈ 2 ਲੱਖ ਕਰੋੜ ਰੁਪਏ ਰੱਖੇ ਗਏ ਹਨ।

ਐਜੂਕੇਸ਼ਨ ਲੋਨ ਛੋਟ: ਜਿਨ੍ਹਾਂ ਲੋਕਾਂ ਨੂੰ ਸਰਕਾਰੀ ਸਕੀਮਾਂ ਤਹਿਤ ਕੋਈ ਲਾਭ ਨਹੀਂ ਮਿਲ ਰਿਹਾ ਹੈ, ਉਨ੍ਹਾਂ ਨੂੰ 10 ਲੱਖ ਰੁਪਏ ਤੋਂ ਵੱਧ ਦਾ ਸਿੱਖਿਆ ਕਰਜ਼ਾ ਮਿਲੇਗਾ। ਸਰਕਾਰ 3% ਤੱਕ ਕਰਜ਼ਾ ਦੇਵੇਗੀ।

ਚੋਟੀ ਦੀਆਂ ਕੰਪਨੀਆਂ ਵਿੱਚ ਇੰਟਰਨਸ਼ਿਪ: ਇਸ ਦੇ ਨਾਲ, ਸਰਕਾਰ 500 ਚੋਟੀ ਦੀਆਂ ਕੰਪਨੀਆਂ ਵਿੱਚ ਇੱਕ ਕਰੋੜ ਨੌਜਵਾਨਾਂ ਨੂੰ ਇੰਟਰਨਸ਼ਿਪ ਦੇ ਮੌਕੇ ਪ੍ਰਦਾਨ ਕਰਨ ਲਈ ਇੱਕ ਯੋਜਨਾ ਸ਼ੁਰੂ ਕਰੇਗੀ। ਇਸ ਸਕੀਮ ਤਹਿਤ 5000 ਰੁਪਏ ਪ੍ਰਤੀ ਮਹੀਨਾ ਮਾਣ ਭੱਤਾ ਅਤੇ 6000 ਰੁਪਏ ਦੀ ਇਕਮੁਸ਼ਤ ਸਹਾਇਤਾ ਦਿੱਤੀ ਜਾਵੇਗੀ।

### ਪਹਿਲੀ ਵਾਰ ਨੌਕਰੀ ਲੱਭਣ ਵਾਲਿਆਂ ਲਈ

ਪਹਿਲੀ ਵਾਰ ਨੌਕਰੀ ਵਿੱਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਲਈ, ਜੇਕਰ ਉਨ੍ਹਾਂ ਦੀ ਤਨਖਾਹ 1 ਲੱਖ ਰੁਪਏ ਤੋਂ ਘੱਟ ਹੈ, ਤਾਂ EPFO ਤਿੰਨ ਕਿਸ਼ਤਾਂ ਵਿੱਚ 15,000 ਰੁਪਏ ਦੀ ਸਹਾਇਤਾ ਪ੍ਰਦਾਨ ਕਰੇਗਾ। ਮੁਦਰਾ ਯੋਜਨਾ ਤਹਿਤ ਦਿੱਤੇ ਜਾਣ ਵਾਲੇ ਕਰਜ਼ੇ ਦੀ ਰਕਮ 10 ਲੱਖ ਰੁਪਏ ਤੋਂ ਵਧਾ ਕੇ 20 ਲੱਖ ਰੁਪਏ ਕਰ ਦਿੱਤੀ ਗਈ ਹੈ।

ਸੇਵਾ ਖੇਤਰ ਬਾਰੇ ਕੀ?- ਬਜਟ ਵਿੱਚ ਸਰਕਾਰੀ

(ਬਾਕੀ ਸਫਾ 3 'ਤੇ)

## ਕੁਰਸੀ ਬਚਾਓ ਬਜਟ- ਰਾਹੁਲ ਗਾਂਧੀ



ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕੇਂਦਰੀ ਬਜਟ ਨੂੰ 'ਕੁਰਸੀ ਬਚਾਓ ਬਜਟ' ਕਰਾਰ ਦਿੱਤਾ ਅਤੇ ਦਾਅਵਾ ਕੀਤਾ ਕਿ ਹੋਰ ਸੂਬਿਆਂ ਦੀ ਇਵਜ਼ 'ਚ ਭਾਜਪਾ ਭਾਈਵਾਲਾਂ ਨਾਲ ਖੋਖਲੇ ਵਾਅਦੇ ਕੀਤੇ ਗਏ ਹਨ। ਕਾਂਗਰਸ ਆਗੂ ਨੇ ਇਹ ਵੀ ਦਾਅਵਾ ਕੀਤਾ ਕਿ ਬਜਟ ਕਾਂਗਰਸ ਦੇ ਚੋਣ ਮਨੋਰਥ ਪੱਤਰ ਅਤੇ ਪਿਛਲੇ ਬਜਟਾਂ ਦੀ ਹੂ-ਬ-ਹੂ ਨਕਲ ਹੈ। ਉਨ੍ਹਾਂ 'ਐਕਸ' 'ਤੇ ਪੋਸਟ 'ਚ ਕਿਹਾ ਕਿ ਬਜਟ ਭਾਈਵਾਲਾਂ ਅਤੇ ਵੱਡੇ ਪੂੰਜੀਪਤੀਆਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਹੈ ਅਤੇ ਇਸ 'ਚ ਆਮ ਭਾਰਤੀਆਂ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ ਹੈ। ਕਾਂਗਰਸ ਨੇ ਬਜਟ ਦੀ ਨਿਖੇਧੀ ਕਰਦਿਆਂ ਦਾਅਵਾ ਕੀਤਾ ਕਿ ਸਰਕਾਰ ਨੇ ਮੰਨ ਲਿਆ ਹੈ ਕਿ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਇਕ ਕੌਮੀ ਸੰਕਟ ਹੈ ਅਤੇ ਬਜਟ 'ਚ ਸਿਆਸੀ ਮਜਬੂਰੀ ਵੀ ਝਲਕ ਰਹੀ ਹੈ।

# ਅਮਰੀਕਾ 'ਚ ਰਾਸ਼ਟਰਪਤੀ ਚੋਣ ਤੋਂ ਹਟੇ ਬਾਇਡਨ

## ਕਮਲਾ ਹੈਰਿਸ ਦਾ ਨਾਂ ਅੱਗੇ ਵਧਾਇਆ, ਕੌਣ ਹੋਵੇਗਾ ਅਗਲਾ ਉਮੀਦਵਾਰ ਪਾਰਟੀ ਕਰੇਗੀ ਵਿਚਾਰ



ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਸ੍ਰੀ ਜੋ ਬਾਈਡਨ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲੜਨ ਤੋਂ ਕਿਨਾਰਾ ਕਰਕੇ ਸੰਨਿਆਸ ਲੈਣ ਦਾ ਐਲਾਨ ਕਰ ਚੁੱਕੇ ਹਨ। ਉਹਨਾਂ ਦਾ ਮੁੱਖ ਮੁਕਾਬਲਾ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਸੀ। ਸ੍ਰੀ ਬਾਈਡਨ ਦੇ ਪਿੱਛੇ ਹਟ ਜਾਣ ਤੋਂ ਬਾਅਦ ਉਹਨਾਂ ਦੀ ਪਾਰਟੀ ਉਮੀਦਵਾਰ 'ਤੇ ਵਿਚਾਰ ਕਰਨ ਲਈ ਜੁਟ ਗਈ ਹੈ, ਹਾਲਾਂਕਿ ਸ੍ਰੀ ਬਾਈਡਨ ਨੇ ਆਪਣਾ ਉਤਰਾਧਿਕਾਰੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਬਣਾਇਆ ਹੈ ਪਰ ਪਾਰਟੀ ਦੇ ਅੰਦਰ ਇਹ ਵੀ ਕਨਸੋਆਂ ਹਨ ਕਿ ਉਹਨਾਂ ਦੀ ਥਾਂ ਜੇਕਰ ਮਿਸ਼ੈਲ ਓਬਾਮਾ ਤੇ ਵਿਚਾਰ ਕੀਤਾ ਜਾਵੇ ਜਾਂ ਕੋਈ ਹੋਰ ਤਾਕਤਵਰ ਅਤੇ ਵਿਵਾਦ ਰਹਿਤ ਉਮੀਦਵਾਰ ਲੱਭਿਆ ਜਾਵੇ। ਕਮਲਾ ਹੈਰਿਸ ਨੇ ਹਾਲਾਂਕਿ ਚੋਣ ਫੰਡ ਇਕੱਠਾ ਕਰਨਾ ਆਰੰਭ ਕਰ ਦਿੱਤਾ ਹੈ ਅਤੇ ਉਹ ਟਰੰਪ ਦੇ ਮਿਸ਼ਨ 2025 ਦੇ ਖਿਲਾਫ ਵੀ ਖੁੱਲ੍ਹ ਕੇ ਪ੍ਰਚਾਰ ਕਰਨ ਲੱਗ ਪਈ ਹੈ। ਨਵੰਬਰ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ 2025 ਤੋਂ ਚਾਰ ਸਾਲ ਦੇ ਕਾਰਜਕਾਲ ਲਈ ਰਾਸ਼ਟਰਪਤੀ ਚੁਣਿਆ ਜਾਣਾ ਹੈ। ਖ਼ਰਾਬ ਸਿਹਤ ਅਤੇ ਯਾਦਦਾਸ਼ਤ ਦੀ ਘਾਟ ਕਾਰਨ, ਬਾਇਡਨ 'ਤੇ ਡੈਮੋਕ੍ਰੇਟਿਕ ਪਾਰਟੀ ਤੋਂ ਆਪਣੀ ਉਮੀਦਵਾਰੀ ਛੱਡਣ ਲਈ ਦਬਾਅ ਵਧ ਰਿਹਾ ਸੀ। ਉਨ੍ਹਾਂ ਦੇ ਵਿਰੋਧੀ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਾਰ-ਵਾਰ ਬਾਇਡਨ ਨੂੰ ਇਨ੍ਹਾਂ ਕਮਜ਼ੋਰੀਆਂ 'ਤੇ ਨਿਸ਼ਾਨਾ ਬਣਾ ਰਹੇ ਸਨ। ਇਸ ਕਾਰਨ ਕਈ ਸੰਸਥਾਵਾਂ ਦੇ ਸਰਵੇਖਣ ਵੀ ਬਾਇਡਨ ਨੂੰ ਟਰੰਪ ਨਾਲੋਂ ਕਮਜ਼ੋਰ ਉਮੀਦਵਾਰ ਹੋਣ ਦਾ ਸੁਨੇਹਾ ਦੇ ਰਹੇ ਸਨ।

MST INS SERV INC
Long Haul
A Rated Market
Licensed
Washington/CA/Indiana/Texas/nevada/New Jersey
ਦੇ ਲਈ Insurance ਜੋ ਬਹੁਤ ਵਧੀਆ ਰੇਟ 'ਤੇ ਕਰਵਾ ਸਕਦੇ ਹੋ।
ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ
Mandeep Thiara
Owner/Broker-Agent
Lic #600363
Tel (209) 407-4236
Fax (209) 666-1428
Cell (209) 666-0032
info@mstinsurance.net
3941 Holly Drive Suite #1 Tracy, CA 95304



Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545



Turning 65 Years Old?
If you've got questions, I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.



Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ
ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ
ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ
(559) 312-0083 (O) (888) 630-1230 (F)
TANVIR JOSHI
SBN: 302226
516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com



# Bill's PRINT & SIGN LTD.

## One Stop Shop For All Your Print, Sign & Promotional Items Needs

| | | |
|---|---|---|
| Trophies, | Key Chain, | Water Bottles, |
| Soft Touch Pen | T-Shirts, | Mugs, |
| Business Cards, | Hoodies, | Roll-up Banners (Standy), |
| Flyers, | Sandwich Board, | Car Door Magnet, |
| Invoices, | Door Hangers, | Truch Decals, |
| Envelope, | Lanyards, | Channel Letters |

ਟਰਾਫੀਆਂ,
ਸ਼ੀਲਡਾਂ,
ਫਲਾਇਰ,
ਟੀ-ਸ਼ਰਟ,
ਮੱਘ,
ਟਰੱਕ ਦੇ ਸਾਈਨ
ਬਣਾਉਣ ਲਈ ਇਕ ਵਾਰ
ਜ਼ਰੂਰ ਮੌਕਾ ਦਿਓ ਜੀ।

**Baljinder Singh Nandha**
**604-418-8666**
info@billsprint.com

**Unit 107, 32660 George Ferguson Way, Abbotsford BC V2T 4V6**

# SINGH WORLD travel

Lycamobile Call the world for less

ria Money Transfer

AIRPORT DROP OFF AND PICKUP AVAILBLE

**Money Transfer @ Special Rates India and Pakistan!!!**

Cell Phone Activation & Recharge Services

ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ

## SINGH WORLD TRAVEL

**PH. 530-443-4865**

Email: Info@singhworldtravel.com



1248 Franklin Ave. #A
Yuba City CA, 95991

# SANSAR

AUTHENTIC INDIAN CUISINE



We do catering for all occassions

ਅਸੀਂ ਵੱਡੇ ਤੋਂ ਵੱਡੇ ਪ੍ਰੋਗਰਾਮ/ਪਾਰਟੀ
ਲਈ ਕੇਟਰਿੰਗ ਦਾ ਪ੍ਰਬੰਧ ਕਰਦੇ ਹਾਂ

**Santokh Singh Judge**
**925-487-4679**

2220 First Street
Livermore, CA 94550
925-606-6191
www.SansarIndianCuisine.com

2610 S. Tracy Blvd
Tracy, CA 95376
209-834-2200
www.SansarTracy.com

# ਸੈਕਰਾਮੈਂਟੋ 'ਚ ਹੋਈਆਂ ਸੀਨੀਅਰ ਖੇਡਾਂ ਵਿੱਚ ਲਿਆ ਪੰਜਾਬੀ ਚੋਬਰਾਂ ਨੇ ਹਿੱਸਾ




ਸੈਕਰਾਮੈਂਟੋ (ਹੁਸਨ ਲੜੋਆ ਬੰਗਾ)- ਯੂਐਸਏ ਟ੍ਰੈਕ ਐਂਡ ਫੀਲਡ ਆਊਟਡੋਰ ਚੈਂਪੀਅਨਸ਼ਿਪ ਅਮਰੀਕਨ ਰਿਵਰ ਕਾਲਜ ਸਟੇਡੀਅਮ ਸੈਕਰਾਮੈਂਟੋ ਵਿੱਚ ਹੋਈ, ਜਿਸ ਵਿੱਚ ਦੁਨੀਆ ਭਰ ਦੇ ਲਗਭਗ 3000 ਪੁਰਸ਼ ਅਤੇ ਮਹਿਲਾ ਅਥਲੀਟਾਂ ਨੇ ਹਿੱਸਾ ਲਿਆ।

ਆਸਟ੍ਰੇਲੀਆ, ਯੂਨਾਈਟਿਡ ਕਿੰਗਡਮ, ਆਇਰਲੈਂਡ, ਮੈਕਸੀਕੋ, ਪੇਰੂ ਅਤੇ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਦੇ ਐਥਲੀਟ ਵੀ ਇਸ ਮੀਟ ਦਾ ਹਿੱਸਾ ਬਣੇ। ਇਹਨਾਂ ਖੇਡਾਂ ਵਿੱਚ ਪੰਜ ਪੰਜਾਬੀ ਚੋਬਰਾਂ ਨੇ ਵੀ ਹਿੱਸਾ ਲਿਆ। ਫਰਿਜ਼ਨੋ ਦੇ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋਅ ਵਿੱਚ ਕਾਂਸੀ ਦਾ ਤਗਮਾ ਅਤੇ ਵੇਟ ਥਰੋਅ ਵਿੱਚ ਚੌਥਾ ਸਥਾਨ ਹਾਸਲ ਕੀਤਾ। ਲਾਸ ਏਂਜਲਸ ਇਲਾਕੇ ਦੇ ਬਲਵਿੰਦਰ ਸਿੰਘ ਖਟੜਾ ਨੇ ਜੈਵਲਿਨ ਥਰੋਅ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਫਰਿਜ਼ਨੋ ਦੇ ਸੁਖਨੈਨ ਸਿੰਘ ਨੇ ਟ੍ਰਿਪਲ ਜੰਪ ਵਿੱਚ 5ਵਾਂ ਅਤੇ ਲੰਬੀ ਛਾਲ ਵਿੱਚ 8ਵਾਂ ਸਥਾਨ ਪ੍ਰਾਪਤ ਕੀਤਾ।

ਸੈਲਮਾ ਦੇ ਕੁਲਵੰਤ ਸਿੰਘ ਲੰਬਰ ਜੋ ਕਿ ਪੰਜਾਬ ਤੋਂ ਸੇਵਾਮੁਕਤ ਪੁਲਿਸ ਅਧਿਕਾਰੀ ਵੀ ਹਨ, ਨੇ ਡਿਸਕਸ ਥਰੋਅ ਵਿੱਚ ਹਿੱਸਾ ਲਿਆ ਅਤੇ ਜੈਵਲਿਨ ਥਰੋਅ ਵਿੱਚ 8ਵਾਂ ਅਤੇ 5ਵਾਂ ਸਥਾਨ ਪ੍ਰਾਪਤ ਕੀਤਾ। ਇਸ ਟਰੈਕ ਐਂਡ ਫੀਲਡ ਮੁਕਾਬਲੇ ਵਿੱਚ ਭਾਰਤ ਤੋਂ ਪੰਜਾਬ ਪੁਲੀਸ ਦੇ ਅਧਿਕਾਰੀ ਜਸਪਿੰਦਰ ਸਿੰਘ ਨੇ 100 ਮੀਟਰ ਹਰਡਲਜ਼ ਵਿੱਚ ਕਾਂਸੀ ਦਾ ਤਗਮਾ ਜਿੱਤਿਆ।

# ਦੁਨੀਆ ਦਾ ਹੁਣ ਤੱਕ ਦਾ ਸਭ ਤੋਂ ਗਰਮ ਦਿਨ ਰਿਹਾ 21 ਜੁਲਾਈ

ਲੰਡਨ- ਜਲਵਾਯੂ ਤਬਦੀਲੀ ਕਾਰਨ ਧਰਤੀ ਦਾ ਤਾਪਮਾਨ ਲਗਾਤਾਰ ਵੱਧ ਰਿਹਾ ਹੈ। ਲਗਾਤਾਰ ਵੱਧ ਰਹੀ ਗਰਮੀ ਕਾਰਨ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਹੀ, ਯੂਰਪੀਅਨ ਯੂਨੀਅਨ ਦੀ ਇੱਕ ਏਜੰਸੀ ਕੋਪਰਨਿਕਸ ਕਲਾਈਮੇਟ ਚੇਂਜ ਸਰਵਿਸ ਨੇ ਇੱਕ ਰਿਪੋਰਟ ਜਾਰੀ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ 21 ਜੁਲਾਈ ਵਿਸ਼ਵ ਪੱਧਰ 'ਤੇ ਹੁਣ ਤੱਕ ਦਾ ਸਭ ਤੋਂ ਗਰਮ ਦਿਨ ਸੀ। ਐਤਵਾਰ ਨੂੰ ਗਲੋਬਲ ਔਸਤ ਸਤਹ ਤਾਪਮਾਨ 17.09 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਪਿਛਲੇ ਮਹੀਨੇ ਦਰਜ ਕੀਤੇ ਗਏ 17.08 ਡਿਗਰੀ ਸੈਲਸੀਅਸ ਤੋਂ ਥੋੜ੍ਹਾ ਵੱਧ ਹੈ। ਕੋਪਰਨਿਕਸ ਨੇ ਕਿਹਾ ਕਿ ਪਿਛਲੇ ਸਾਲ ਗਰਮੀ ਨੇ ਰਿਕਾਰਡ ਬਣਾਇਆ ਸੀ, ਜੋ ਐਤਵਾਰ ਨੂੰ ਟੁੱਟ ਗਿਆ। ਇਸ ਦੇ ਨਾਲ ਹੀ ਪਿਛਲੇ ਹਫਤੇ ਅਮਰੀਕਾ, ਯੂਰਪ ਅਤੇ ਰੂਸ ਦੇ ਕਈ ਹਿੱਸਿਆਂ 'ਚ ਭਿਆਨਕ ਗਰਮੀ ਦੇਖਣ ਨੂੰ ਮਿਲੀ।




**2024 ਸਭ ਤੋਂ ਗਰਮ ਸਾਲ ਹੋ ਸਕਦਾ ਹੈ**

ਵਰਣਨਯੋਗ ਹੈ ਕਿ ਪਿਛਲੇ ਸਾਲ 3 ਜੁਲਾਈ ਤੋਂ 6 ਜੁਲਾਈ ਤੱਕ ਲਗਾਤਾਰ ਚਾਰ ਦਿਨ ਸਖ਼ਤ ਗਰਮੀ ਪਈ ਸੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਜੈਵਿਕ ਈਂਧਨ ਦੇ ਜਲਣ ਕਾਰਨ ਉੱਤਰੀ ਗੋਲਿਸਫਾਇਰ 'ਚ ਭਿਆਨਕ ਗਰਮੀ ਦੇਖਣ ਨੂੰ ਮਿਲੀ। ਇਸ ਦੇ ਨਾਲ ਹੀ ਵਿਗਿਆਨੀਆਂ ਨੇ ਕਿਹਾ ਹੈ ਕਿ ਸਾਲ 2024 ਪਿਛਲੇ ਸਾਲ ਦੇ ਮੁਕਾਬਲੇ ਜ਼ਿਆਦਾ ਗਰਮ ਸਾਲ ਹੋ ਸਕਦਾ ਹੈ। ਵਿ-ਗਆਨੀਆਂ ਨੇ ਇਸ ਲਈ ਜਲਵਾਯੂ ਪਰਿਵਰਤਨ ਅਤੇ ਐਲ ਨੀਨੋ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

# ਬਿਜਲੀ ਦੇ ਕੱਟਾਂ ਨੇ ਦੁਖੀ ਕੀਤੇ ਪੰਜਾਬੀ

ਚੰਡੀਗੜ੍ਹ- ਪੰਜਾਬ ਵਿੱਚ ਮੌਨਸੂਨ ਦੇ ਮੱਠਾ ਪੈਣ ਕਾਰਨ ਹੁੰਮਸ ਭਰੀ ਗਰਮੀ ਦਾ ਕਹਿਰ ਲਗਾਤਾਰ ਜਾਰੀ ਹੈ। ਗਰਮੀ ਕਾਰਨ ਲੋਕ ਘਰਾਂ ਅੰਦਰ ਰਹਿਣ ਨੂੰ ਹੀ ਤਰਜੀਹ ਦੇ ਰਹੇ ਹਨ ਜਿਸ ਕਾਰਨ ਬਿਜਲੀ ਦੀ ਮੰਗ 16 ਹਜ਼ਾਰ ਮੈਗਾਵਾਟ 'ਤੇ ਪੁੱਜ ਗਈ ਹੈ। ਸੂਬੇ 'ਚ ਝੋਨੇ ਦੀ ਲੁਆਈ ਦਾ ਕੰਮ ਵੀ ਲਗਪਗ ਮੁਕੰਮਲ ਹੋਣ ਕਰਕੇ ਖੇਤੀ ਖੇਤਰ 'ਚ ਬਿਜਲੀ ਦੀ ਮੰਗ ਵਧੀ ਹੈ।

ਸੂਬੇ 'ਚ ਵਧ ਰਹੀ ਬਿਜਲੀ ਦੀ ਮੰਗ ਨੇ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਤਰੇਲੀਆਂ ਲਿਆ ਦਿੱਤੀਆਂ ਹਨ। ਪੰਜਾਬ 'ਚ ਅੱਜ ਦੁਪਹਿਰ ਸਮੇਂ ਬਿਜਲੀ ਦੀ ਮੰਗ 16000 ਮੈਗਾਵਾਟ 'ਤੇ ਪਹੁੰਚ ਗਈ ਜੋ ਕਿ ਪਿਛਲੇ ਸਾਲ ਇਸੇ ਦਿਨ ਦੇ ਮੁਕਾਬਲੇ ਲਗਪਗ 3800 ਮੈਗਾਵਾਟ ਵੱਧ ਹੈ। ਜਾਣਕਾਰੀ ਮੁਤਾਬਕ ਲੰਘੇ ਸਾਲ ਅੱਜ ਦੇ ਦਿਨ ਹੀ ਸੂਬੇ 'ਚ ਬਿਜਲੀ ਦੀ ਵੱਧ ਤੋਂ ਵੱਧ ਮੰਗ 12122 ਮੈਗਾਵਾਟ ਦਰਜ ਹੋਈ ਸੀ ਜਿਹੜੀ ਸਾਲ 2022 'ਚ ਇਸੇ ਦਿਨ 9362 ਮੈਗਾਵਾਟ ਸੀ। ਬਿਜਲੀ ਦੀ ਮੰਗ ਵਧਣ ਕਰਕੇ ਸੂਬੇ 'ਚ ਸਰਕਾਰੀ ਤੇ ਨਿੱਜੀ ਖੇਤਰ ਦੇ 5 ਥਰਮਲ ਪਲਾਂਟਾਂ ਦੇ 15 ਯੂਨਿਟਾਂ ਵਿੱਚੋਂ 13 ਯੂਨਿਟ ਚੱਲ ਰਹੇ ਹਨ। ਇਨ੍ਹਾਂ ਵਿੱਚੋਂ ਲਹਿਰਾ ਮੁਹੱਬਤ ਥਰਮਲ ਪਲਾਂਟ ਦੇ ਚਾਰ ਯੂਨਿਟਾਂ 'ਚੋਂ ਦੋ ਯੂਨਿਟ ਬੰਦ ਹਨ ਅਤੇ ਦੋ ਯੂਨਿਟ ਚੱਲ ਰਹੇ ਹਨ, ਜਿਥੋਂ 405 ਮੈਗਾਵਾਟ ਬਿਜਲੀ ਦਾ ਉਤਪਾਦਨ ਹੋ ਰਿਹਾ ਹੈ।

ਰੋਪੜ ਥਰਮਲ ਪਲਾਂਟ ਦੇ ਚਾਰੋਂ ਯੂਨਿਟ 740 ਮੈਗਾਵਾਟ ਤੇ ਗੋਇੰਦਵਾਲ ਸਾਹਿਬ ਥਰਮਲ ਪਲਾਂਟ ਦੇ ਦੋਵੇਂ ਯੂਨਿਟ 439 ਮੈਗਾਵਾਟ ਬਿਜਲੀ ਪੈਦਾ ਕਰ ਰਹੇ ਹਨ। ਦੂਜੇ ਪਾਸੇ ਨਿੱਜੀ ਖੇਤਰ ਦੇ ਰਾਜਪੁਰਾ ਥਰਮਲ ਪਲਾਂਟ ਦੇ ਦੋਵੇਂ ਯੂਨਿਟਾਂ ਤੋਂ 1325 ਮੈਗਾਵਾਟ ਜਦਕਿ ਤਲਵੰਡੀ ਸਾਬੋ ਥਰਮਲ ਪਲਾਂਟ ਦੇ ਤਿੰਨੋਂ ਯੂਨਿਟਾਂ ਤੋਂ ਲਗਪਗ 1700 ਮੈਗਾਵਾਟ ਬਿਜਲੀ ਦਾ ਉਤਪਾਦਨ ਹੋ ਰਿਹਾ ਹੈ। ਗਰਮੀ ਕਾਰਨ ਲੋਕਾਂ ਦੇ ਘਰਾਂ 'ਚ ਰਹਿਣ ਕਾਰਨ ਰਿਹਾਇਸ਼ੀ ਖੇਤਰ 'ਚ ਬਿਜਲੀ ਦੀ ਵੱਡੇ ਪੱਧਰ 'ਤੇ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ ਅਤੇ ਇਸੇ ਕਰਕੇ ਬਿਜਲੀ ਦੀ ਮੰਗ ਸਿਖਰ 'ਤੇ ਚੱਲ ਰਹੀ ਹੈ। ਹਾਲਾਂਕਿ ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ 23 ਤੇ 24 ਜੁਲਾਈ ਨੂੰ ਰੁਕ-ਰੁਕ ਕੇ ਮੀਂਹ ਪੈ ਸਕਦਾ ਹੈ, ਜਿਸ ਨਾਲ ਤਾਪਮਾਨ ਘਟਣ ਕਰਕੇ ਬਿਜਲੀ ਵਿਭਾਗ ਨੂੰ ਸੁੱਖ ਦਾ ਸਾਹ ਆ ਸਕਦਾ ਹੈ।

ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਨੇ ਅੱਜ ਇੱਥੇ ਦੱਸਿਆ ਕਿ ਪਾਵਰਕੌਮ ਨੇ 21 ਜੁਲਾਈ ਨੂੰ ਰਿਕਾਰਡ 3666 ਲੱਖ ਯੂਨਿਟ ਬਿਜਲੀ ਦੀ ਮੰਗ ਸਫਲਤਾ ਨਾਲ ਪੂਰੀ ਹੈ।

# ਸੁਖਬੀਰ ਬਾਦਲ ਨੇ ਭੰਗ ਕੀਤੀ ਅਕਾਲੀ ਦਲ ਦੀ ਕੋਰ ਕਮੇਟੀ



ਚੰਡੀਗੜ੍ਹ - ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੋਰ ਕਮੇਟੀ ਭੰਗ ਕਰ ਦਿੱਤੀ ਹੈ। ਦਲ ਦੇ ਬੁਲਾਰੇ ਡਾ ਦਲਜੀਤ ਸਿੰਘ ਚੀਮਾ ਨੇ ਐਕਸ ਉਤੇ ਜਾਣਕਾਰੀ ਸਾਂਝੀ ਕਰਦਿਆ ਦੱਸਿਆ ਕਿ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਅੱਜ ਸੀਨੀਅਰ ਆਗੂਆਂ ਨਾਲ ਮੀਟਿੰਗ ਕਰ ਕੇ ਇਹ ਫੈਸਲਾ ਲਿਆ ਹੈ।

ਮੀਟਿੰਗ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ, ਪਰਮਜੀਤ ਸਿੰਘ ਸਰਨਾ, ਬਲਵਿੰਦਰ ਸਿੰਘ ਭੂੰਦੜ, ਮਹੇਸਇੰਦਰ ਸਿੰਘ ਗਰੇਵਾਲ, ਡਾ ਦਲਜੀਤ ਸਿੰਘ ਚੀਮਾ ਤੇ ਹਰਚਰਨ ਸਿੰਘ ਬੈਂਸ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਜਲਦ ਹੀ ਕੋਰ ਕਮੇਟੀ ਦਾ ਪੁਨਰਗਠਨ ਕਰ ਦਿੱਤਾ ਜਾਵੇਗਾ।

# ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪੇਸ਼ ਕੀਤਾ 9 ਨੁਕਤਿਆਂ ਵਾਲ ਬਜਟ 2024-25



ਵਾਤਾਵਰਣ ਨੂੰ ਸੁੱਧ ਕਰਨ ਲਈ ਸਰਕਾਰਾਂ ਅਤੇ ਵਾਤਾਵਰਣ ਪ੍ਰੇਮੀਆਂ ਵੱਲੋਂ ਵੱਧ ਤੋਂ ਵੱਧ ਰੁੱਖ ਲਾਉਂਣ ਲਈ ਲੋਕਾਂ ਨੂੰ ਅਪੀਲਾਂ ਕਰਕੇ ਜਗੂਰਕ ਕੀਤਾ ਜਾ ਰਿਹਾ ਹੈ ਇਸ ਲੜੀ ਤਹਿਤ ਸਥਾਨਿਕ ਮੰਡੀ ਦੇ ਰਮਨ ਕੁਮਾਰ ਰਿੰਪੀ ਆੜਤੀਆ ਦੇ ਤਿੰਨੋਂ ਜੁੜਵਾ ਪੁੱਤਰਾਂ ਪਰਿਆਨ, ਪਾਰਸ਼ ਤੇ ਧਰੁਵ ਨੇ ਆਪਣੇ 6 ਵੇਂ ਜਨਮ ਦਿਨ ਮੌਕੇ ਸੈਲਰ 'ਚ 5-5 ਫਲਦਾਰ ਤੇ ਛਾਂਦਾਰ ਬੂਟੇ ਲਾ ਕੇ ਆਪਣਾ ਜਨਮ ਮਨਾਇਆ,ਅਤੇ ਨੇੜਲੇ ਪਿੰਡ ਕਾਲੇਕੇ ਦੇ ਨੌਜਵਾਨਾਂ ਸੁਖਪਾਲ ਸਿੰਘ ਰਾਸੂ, ਜਸਵਿੰਦਰ ਸਿੰਘ, ਅਮਨਦੀਪ ਸਿੰਘ, ਅਕਬਰ ਖਾਨ ਪ੍ਰਧਾਨ ਮੰਤਰੀ ਮਨਰੇਗਾ ਸਕੀਮ ਤਹਿਤ ਬੂਟੇ ਲਾਏ। **ਫੋਟੋ ਤੇ ਵੇਰਵਾ : ਸੰਜੀਵ ਗਰਗ ਕਾਲੀ**

**(ਸਫਾ 1 ਦੀ ਬਾਕੀ)**

ਸਕੀਮਾਂ ਰਾਹੀਂ ਪ੍ਰਾਈਵੇਟ ਸੈਕਟਰਾਂ ਨੂੰ ਮਦਦ ਦਿੱਤੀ ਜਾਵੇਗੀ। ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ ਰਾਹੀਂ ਕੰਪਨੀਆਂ ਨੂੰ 3.13 ਲੱਖ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਵਿਵਾਦਾਂ ਦੇ ਨਿਪਟਾਰੇ ਲਈ ਵਧੀਕ ਟ੍ਰਿਬਿਊਨਲ ਬਣਾਏ ਜਾਣਗੇ। ਵਸੂਲੀ ਲਈ ਵਧੀਕ ਟ੍ਰਿਬਿਊਨਲ ਵੀ ਬਣਾਏ ਜਾਣਗੇ। ਸ਼ਹਿਰਾਂ ਦੇ ਸਿਰਜਣਾਤਮਕ ਪੁਨਰ ਵਿਕਾਸ ਲਈ ਯੋਜਨਾ ਲਿਆਉਣ ਦਾ ਐਲਾਨ ਕੀਤਾ ਗਿਆ ਹੈ।

ਕੀ ਸਸਤਾ ਹੋ ਗਿਆ?

ਕੈਂਸਰ ਦੀ ਦਵਾਈ, ਸੋਨਾ-ਚਾਂਦੀ, ਪਲੈਟੀਨਮ, ਮੋਬਾਈਲ ਫ਼ੋਨ, ਮੋਬਾਈਲ ਚਾਰਜਰ, ਬਿਜਲੀ ਦੀਆਂ ਤਾਰਾਂ, ਐਕਸਰੇ ਮਸ਼ੀਨਾਂ, ਸੋਲਰ ਸੈਂਟ, ਚਮੜਾ ਅਤੇ ਸਮੁੰਦਰੀ ਭੋਜਨ।

ਤਨਖਾਹਦਾਰ ਕਰਮਚਾਰੀਆਂ ਨੂੰ ਰਾਹਤ- ਨਵੀਂ ਟੈਕਸ ਪ੍ਰਣਾਲੀ ਵਿੱਚ, 3.75 ਲੱਖ ਰੁਪਏ ਤੱਕ ਦੀ ਆਮਦਨ ਟੈਕਸ ਮੁਕਤ ਹੈ, 17.5 ਹਜ਼ਾਰ ਰੁਪਏ ਦਾ ਲਾਭ।

ਪਰਿਵਾਰਕ ਪੈਨਸ਼ਨ 'ਤੇ ਵੀ ਟੈਕਸ ਛੋਟ 15 ਹਜ਼ਾਰ ਰੁਪਏ ਤੋਂ ਵਧਾ ਕੇ 25 ਹਜ਼ਾਰ ਰੁਪਏ ਕਰ ਦਿੱਤੀ ਗਈ ਹੈ।

ਨਵਿਆਉਣਯੋਗ ਊਰਜਾ ਨੂੰ ਉਤਸ਼ਾਹਿਤ ਕਰਨ ਲਈ ਬਜਟ ਭਾਰਤ ਸਰਕਾਰ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਦਾ ਮੁਕਾਬਲਾ ਕਰਨ ਅਤੇ ਸ਼ੁੱਧ-ਜ਼ੀਰੋ ਨਿਕਾਸ ਦੇ ਟੀਚੇ ਤੱਕ ਪਹੁੰਚਣ ਲਈ ਨਵਿਆਉਣਯੋਗ ਊਰਜਾ ਨੂੰ ਉਤਸ਼ਾਹਿਤ ਕਰ ਰਹੀ ਹੈ। ਇਸ ਤਹਿਤ ਸੂਰਜ ਘਰ ਮੁਫ਼ਤ ਬਿਜਲੀ ਯੋਜਨਾ ਤਹਿਤ ਇੱਕ ਕਰੋੜ ਘਰਾਂ ਨੂੰ ਹਰ ਮਹੀਨੇ 300 ਯੂਨਿਟ ਤੱਕ ਮੁਫ਼ਤ ਬਿਜਲੀ ਦਿੱਤੀ ਜਾਵੇਗੀ।

ਬਿਹਾਰ ਅਤੇ ਆਂਧਰਾ ਪ੍ਰਦੇਸ਼ ਵਿਸ਼ੇਸ਼ ਮਦਦ

ਬਿਹਾਰ ਨੂੰ 58.19 ਹਜ਼ਾਰ ਕਰੋੜ ਰੁਪਏ ਅਤੇ ਆਂਧਰਾ ਪ੍ਰਦੇਸ਼ ਨੂੰ 15 ਹਜ਼ਾਰ ਕਰੋੜ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਸੀ। ਇਸ ਦੇ ਨਾਲ ਹੀ ਬਿਹਾਰ, ਝਾਰਖੰਡ, ਉੜੀਸਾ, ਆਂਧਰਾ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵਿਸ਼ੇਸ਼ ਯੋਜਨਾ ਸ਼ੁਰੂ ਕਰਨ ਦੀ ਗੱਲ ਕਹੀ ਗਈ।

ਲੋੜਵੰਦਾਂ ਨੂੰ ਪੱਕੇ ਮਕਾਨ ਮਿਲਣਗੇ

ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਤਿੰਨ ਕਰੋੜ ਗਰੀਬ ਪਰਿਵਾਰਾਂ ਅਤੇ ਮੱਧ ਵਰਗ ਦੇ ਪਰਿਵਾਰਾਂ ਲਈ ਨਵੇਂ ਘਰ ਬਣਾਏ ਜਾਣਗੇ। ਇਸ ਲਈ 10 ਲੱਖ ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਨਾਲ ਹੀ ਰੈਂਟਲ ਹਾਊਸਿੰਗ ਨੂੰ ਉਤਸ਼ਾਹਿਤ ਕਰਨ ਲਈ ਰੈਗੂਲੇਸ਼ਨ ਲਈ ਨਿਯਮ ਬਣਾਏ ਜਾਣਗੇ। ਰੱਖਿਆ ਬਜਟ ਲਗਭਗ ਅੰਤਰਿਮ ਬਜਟ ਦੇ ਬਰਾਬਰ ਹੈ- ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਨੂੰ ਖਰਚੇ ਲਈ ਬਜਟ ਤੋਂ 6,21,940 ਕਰੋੜ ਰੁਪਏ ਮਿਲੇ ਹਨ। ਇਹ ਰਕਮ ਸਿਰਫ਼ 400 ਕਰੋੜ ਰੁਪਏ ਹੈ ਯਾਨੀ 6 ਮਹੀਨੇ ਪਹਿਲਾਂ ਪੇਸ਼ ਕੀਤੇ ਗਏ ਅੰਤਰਿਮ ਬਜਟ ਨਾਲੋਂ 0.064% ਜ਼ਿਆਦਾ ਹੈ। ਇਸ ਵਾਰ ਕੁੱਲ ਬਜਟ ਦਾ 12.9% ਰੱਖਿਆ ਬਜਟ ਹੈ। ਪਿਛਲੇ ਸਾਲ ਇਹ ਸ਼ੇਅਰ ਲਗਭਗ 13% ਸੀ। 14717 ਸ਼ਬਦਾਂ ਦੇ ਭਾਸ਼ਣ ਵਿੱਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਦੋ ਵਾਰ ਰੱਖਿਆ ਦਾ ਜ਼ਿਕਰ ਕੀਤਾ, ਪਰ ਅਗਨੀਵੀਰ ਯੋਜਨਾ ਦਾ ਨਾਂ ਨਹੀਂ ਲਿਆ।

ਸੈਰ ਸਪਾਟੇ ਦਾ ਪ੍ਰਚਾਰ ਵੀ ਜਾਰੀ ਹੈ- ਬਿਹਾਰ ਵਿੱਚ ਵਿਸ਼ਨੂੰਪਦ ਮੰਦਿਰ ਕੋਰੀਡੋਰ ਅਤੇ ਮਹਾਬੋਧੀ ਮੰਦਿਰ ਕੋਰੀਡੋਰ ਬਣਾਇਆ ਜਾਵੇਗਾ। ਨਾਲੰਦਾ ਯੂਨੀਵਰਸਿਟੀ ਨੂੰ ਸੈਰ ਸਪਾਟਾ ਕੇਂਦਰ ਬਣਾਇਆ ਜਾਵੇਗਾ।

ਸਿੱਖਿਆ ਖੇਤਰ ਨੂੰ ਕਿੰਨਾ ਫੰਡ ਮਿਲਿਆ?- ਬਜਟ ਵਿੱਚ, ਵਿੱਤ ਮੰਤਰੀ ਸੀਤਾਰਮਨ ਨੇ ਸਿੱਖਿਆ, ਹੁਨਰ ਵਿਕਾਸ ਅਤੇ ਰੁਜ਼ਗਾਰ ਨੂੰ ਉਤਸ਼ਾਹਿਤ ਕਰਨ ਲਈ 1.48 ਲੱਖ ਕਰੋੜ ਰੁਪਏ ਅਲਾਟ ਕੀਤੇ ਹਨ।

# ਸਾਰੀਆਂ ਸਿਆਸੀ ਪਾਰਟੀ ਦੇ ਆਗੂਆਂ ਨੇ ਇਕਜੁੱਟਤਾ ਨਾਲ ਚੁੱਕੇ ਵਿੱਤ ਕਮਿਸ਼ਨ ਅੱਗੇ ਪੰਜਾਬ ਦੇ ਮਸਲੇ

ਚੰਡੀਗੜ੍ਹ- ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਇਕਜੁੱਟ ਹੋ ਕੇ 16ਵੇਂ ਵਿੱਤ ਕਮਿਸ਼ਨ ਦੇ ਸਾਹਮਣੇ ਆਪਣਾ ਸਾਂਝਾ ਪੱਖ ਰੱਖਦਿਆਂ ਸੂਬੇ ਦੇ ਪ੍ਰਮੁੱਖ ਮੁੱਦਿਆਂ ਨੂੰ ਉਠਾਉਣ ਦੇ ਨਾਲ-ਨਾਲ ਕਮਿਸ਼ਨ ਤੋਂ ਵਿਸ਼ੇਸ਼ ਗ੍ਰਾਂਟਾਂ ਅਤੇ ਸਕੀਮਾਂ ਦੀ ਮੰਗ ਕੀਤੀ। ਸਿਆਸੀ ਪਾਰਟੀਆਂ ਨੇ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਕੇਂਦਰ ਸਰਕਾਰ ਨੂੰ ਆਪਣੀ ਰਿਪੋਰਟ ਸੌਂਪਣ ਸਮੇਂ ਪੰਜਾਬ ਦੇ ਹਿੱਤ ਵਿੱਚ ਉਹਨਾਂ ਦੇ ਸੁਝਾਵਾਂ ਦੀ ਸਿਫ਼ਾਰਿਸ਼ ਕੀਤੀ ਜਾਵੇ, ਜਿਸ ਵਿੱਚ ਆਰਥਿਕ ਵਿਕਾਸ, ਖੇਤੀਬਾੜੀ ਵਿਭਿੰਨਤਾ, ਸਥਿਰਤਾ ਤੇ ਕਿਸਾਨ ਭਲਾਈ, ਉਦਯੋਗਿਕ ਵਿਕਾਸ ਤੇ ਬੁਨਿਆਦੀ ਢਾਂਚੇ ਦੇ ਵਿਕਾਸ ਤੋਂ ਇਲਾਵਾ ਸਮਾਜਿਕ ਭਲਾਈ, ਸਿੱਖਿਆ, ਸਿਹਤ ਸੰਭਾਲ ਤੇ ਮੈਡੀਕਲ ਬੁਨਿਆਦੀ ਢਾਂਚਾ ਵਿਕਾਸ ਲਈ ਵਿਸ਼ੇਸ਼ ਫੰਡ ਦੇਣ ਦੀ ਮੰਗ ਕੀਤੀ ਗਈ ਹੈ।

ਪਾਰਟੀਆਂ ਨੇ ਦੇਸ਼ ਦੀ ਖੁਰਾਕ ਸੁਰੱਖਿਆ, ਫੌਜੀ ਜਵਾਨਾਂ ਦੀਆਂ ਕੁਰਬਾਨੀਆਂ ਅਤੇ ਸੱਭਿਆਚਾਰਕ ਵਿਰਾਸਤ ਵਿੱਚ ਪੰਜਾਬ ਦੇ ਮਹੱਤਵਪੂਰਨ ਯੋਗਦਾਨ 'ਤੇ ਚਾਨਣਾ ਪਾਉਂਦਿਆਂ ਕੇਂਦਰ ਤੋਂ ਸਹਾਇਤਾ ਦੀ ਮੰਗ ਕੀਤੀ।ਇੱਕ ਸਾਂਝੀ ਪੇਸ਼ਕਾਰੀ ਦਿੰਦਿਆਂ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਵਿਚਾਰਧਾਰਕ ਮਤਭੇਦਾਂ ਨੂੰ ਪਾਸੇ ਰੱਖ ਕੇ ਸੂਬੇ ਦੇ ਵਡੇਰੇ ਹਿੱਤ ਲਈ ਆਪਣੀ ਵਚਨਬੱਧਤਾ ਦਾ ਸਬੂਤ ਦਿੱਤਾ।

ਵਿੱਤ ਕਮਿਸ਼ਨ ਦੇ ਸਾਹਮਣੇ ਸੂਬੇ ਦਾ ਕੇਸ ਰੱਖਣ ਵਾਲੀਆਂ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਵਿੱਚ ਆਮ ਆਦਮੀ ਪਾਰਟੀ ਤੋਂ ਕੈਬਨਿਟ ਮੰਤਰੀ ਅਮਨ ਅਰੋੜਾ, ਵਿਧਾਇਕ ਕੁਲਵੰਤ ਸਿੰਘ, ਜਗਰੂਪ ਸਿੰਘ ਗਿੱਲ ਅਤੇ 'ਆਪ' ਦੇ ਗੁਰਿੰਦਰ ਸਿੰਘ ਗੈਰੀ ਵੜਿੰਗ, ਕਾਂਗਰਸ ਤੋਂ ਸਾਬਕਾ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ, ਸਾਬਕਾ ਵਿਧਾਇਕ ਕੁਲਦੀਪ ਸਿੰਘ ਵੈਦ ਅਤੇ ਹਰਦੀਪ ਸਿੰਘ ਕਿੰਗਰਾ, ਅਕਾਲੀ ਦਲ ਦੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਤੇ ਮਹੇਸ਼ਇੰਦਰ ਸਿੰਘ ਗਰੇਵਾਲ, ਭਾਜਪਾ ਦੇ ਡਾ. ਜਗਮੋਹਨ ਸਿੰਘ ਰਾਜੂ ਤੇ ਹਰਜੀਤ ਸਿੰਘ ਗਰੇਵਾਲ ਅਤੇ ਬਸਪਾ ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਅਤੇ ਪਾਰਟੀ ਵਿਧਾਇਕ ਡਾ. ਨਛੱਤਰ ਪਾਲ ਸ਼ਾਮਲ ਸਨ।

****

# ਸੰਪਾਦਕੀ

## ਸਰਕਾਰ ਦੇ ਲੰਮੇ ਹੱਥ

ਭਾਰਤ ਵਿਚ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣੀ ਹੈ। ਹਾਲਾਂਕਿ ਇਸ ਸਰਕਾਰ ਕੋਲ ਪੂਰਨ ਬਹੁਮਤ ਹੈ ਪਰ ਬਣੀ ਸਹਿਯੋਗੀ ਪਾਰਟੀਆਂ ਦੀਆਂ ਸੀਟਾਂ ਨਾਲ ਹੈ। ਸਰਕਾਰ ਬਣਨ ਤੋਂ ਬਾਅਦ ਵੀ ਵਿਰੋਧੀ ਪਾਰਟੀਆਂ ਚੋਣ ਮੂਡ ਵਿਚ ਹੀ ਨਜ਼ਰ ਆ ਰਹੀਆਂ ਹਨ ਪਰ ਅਸਲੀਅਤ ਕੁਝ ਹੋਰ ਹੈ। ਅਸਲ ਵਿਚ ਇਸ ਵਾਰ ਭਾਰਤ ਦੇ ਮੁਸਲਿਮ ਵੋਟਰਾਂ ਨੇ ਭਾਜਪਾ ਨੂੰ ਵੋਟ ਨਹੀਂ ਪਾਈ ਅਤੇ ਇਸ ਗੱਲ ਦਾ ਐਲਾਨ ਵੀ ਕੀਤਾ ਕਿ ਉਹਨਾਂ ਨੇ ਭਾਜਪਾ ਤੋਂ ਬਦਲ ਲਿਆ ਹੈ। ਅਸਰ ਇਹ ਹੋਇਆ ਕਿ ਭਾਜਪਾ ਆਪਣੇ ਪੁਰਾਣੇ ਏਜੰਡੇ ਵੱਲ ਵਾਪਸ ਪਰਤ ਗਈ ਅਤੇ ਜਿਉਂ ਹੀ ਵਾਪਸ ਪਰਤੀ, ਵਿਵਾਦ ਫਿਰ ਆਰੰਭ ਹੋ ਗਿਆ ਕਿ ਸਰਕਾਰ ਮੁਸਲਮਾਨਾਂ ਨਾਲ ਵਿਤਕਰਾ ਕਰ ਰਹੀ ਹੈ। ਹਾਲਾਂਕਿ ਅਜਿਹੀ ਰਾਜਨੀਤੀ ਪਹਿਲਾਂ ਵੀ ਚਲਦੀ ਰਹੀ ਹੈ ਪਰ ਅਗਲੇਰੇ ਦਿਨਾਂ ਵਿਚ ਕਿਸ ਤਰ੍ਹਾਂ ਦੀ ਰਾਜਨੀਤੀ ਹੁੰਦੀ ਹੈ, ਫਿਲਹਾਲ ਇਹ ਕਿਹਾ ਨਹੀਂ ਜਾ ਸਕਦਾ।

ਹਾਲ ਹੀ ਵਿਚ ਸਰਕਾਰ ਨੇ ਬਜਟ ਪੇਸ਼ ਕੀਤਾ ਹੈ। ਇਸ ਬਜਟ ਵਿਚ ਕਿਸੇ ਵਰਗ ਨਾਲ ਵਿਤਕਰਾ ਤਾਂ ਨਹੀਂ ਦਿਖਾਈ ਦਿੰਦਾ ਪਰ ਸਰਕਾਰ ਇਸ ਵਾਰ ਆਮਦਨ ਕਰ ਦੇਣ ਵਾਲੇ ਟੈਕਸਦਾਤਾ ਨਾਲ ਹੇਰਾਫੇਰੀ ਕਰਦੀ ਨਜ਼ਰ ਆ ਰਹੀ ਹੈ। ਪਿਛਲੀ ਵਾਰ ਟੈਕਸ ਸਲੈਬ 7 ਲੱਖ ਤੱਕ ਕਰ ਦਿੱਤੀ ਸੀ। ਇਸ ਕਰਕੇ ਜਿਸ ਵਿਅਕਤੀ ਦੀ ਆਮਦਨ 7 ਲੱਖ ਹੈ ਵੀ ਨਹੀਂ ਸੀ, ਉਹ ਵੀ 7 ਲੱਖ ਤੱਕ ਰਿਟਰਨ ਦਾਖਲ ਕਰਨ ਲੱਗ ਪਿਆ। ਪਰ ਇਸ ਵਾਰ ਸਰਕਾਰ ਨੇ ਇਹ ਹੱਦ ਘਟਾ ਕੇ 3.75 ਲੱਖ ਤੇ ਲਿਆਂਦੀ। ਹੁਣ ਜਿਹੜੇ ਲੋਕੀ ਇਸ ਹੱਦ ਤੋਂ ਜ਼ਿਆਦਾ ਰਿਟਰਨ ਦਾਖਲ ਕਰ ਚੁੱਕੇ ਹਨ, ਅਗਲੀ ਵਾਰ ਉਹਨਾਂ ਨੂੰ ਆਮਦਨ ਕਰ ਹਰ ਹਾਲਤ ਵਿਚ ਦੇਣਾ ਹੀ ਪੈਣਾ ਹੈ। ਯਾਨਿ ਕਿ ਕਾਫੀ ਲੋਕ ਜੋ ਹੁਣ ਤੱਕ ਰਿਟਰਨ ਦਾਖਲ ਕਰਕੇ ਹੀ ਖਹਿੜਾ ਛੁਡਾ ਲੈਂਦੇ ਸੀ, ਅਗਲੀ ਵਾਰ ਟੈਕਸ ਦੇਣ ਵਾਲੇ ਬਣ ਜਾਣਗੇ।

ਜਿੱਥੋਂ ਤੱਕ ਪੰਜਾਬ ਦੀ ਗੱਲ ਹੈ, ਪੰਜਾਬ ਦੀ ਰਾਜਨੀਤੀ ਹਾਲੇ ਵੀ ਦੁਚਿੱਤੀ ਦਾ ਸ਼ਿਕਾਰ ਬਣੀ ਪਈ ਹੈ। ਕੇਂਦਰ ਸਰਕਾਰ ਕੋਈ ਵਿਸ਼ੇਸ਼ ਪੈਕੇਜ ਤਾਂ ਪੰਜਾਬ ਨੂੰ ਦੇਵੇਗੀ ਨਹੀਂ ਪਰ ਖਰਚੇ ਨਿਰੰਤਰ ਵੱਧ ਰਹੇ ਹਨ। ਇਸ ਕਰਕੇ ਸਰਕਾਰ ਨਾ ਤਾਂ ਕੋਈ ਪ੍ਰਾਜੈਕਟ ਉਲੀਕ ਪਾ ਰਹੀ ਹੈ ਅਤੇ ਨਾ ਹੀ ਐਲਾਨ ਕਰ ਪਾ ਰਹੀ ਹੈ। ਕਿਸੇ ਤਰ੍ਹਾਂ ਧੱਕਾ-ਮੁੱਕੀ ਨਾਲ ਖਰਚਾ ਤਾਂ ਨਿਕਲ ਰਿਹਾ ਹੈ ਪਰ ਜਦੋਂ ਵੋਟਰਾਂ ਕੋਲ 2027 ਵਿਚ ਆਮ ਆਦਮੀ ਪਾਰਟੀ ਵੋਟਾਂ ਲੈਣ ਜਾਵੇਗੀ ਤਾਂ ਕੀ ਦਿਖਾਵੇਗੀ? ਹੁਣ ਤੱਕ ਸਥਿਤੀ ਇਹ ਹੈ ਕਿ ਪੰਜਾਬ ਕੋਲ ਕੇਂਦਰ ਸਰਕਾਰ ਦੇ ਹੀ ਕੁਝ ਪ੍ਰਾਜੈਕਟ ਹਨ, ਜਿਹਨਾਂ ਵਿਚ ਮੁੱਖ ਤੌਰ ਤੇ ਮੁੱਖ ਤੌਰ ਤੇ ਦਿੱਲੀ-ਕਟੜਾ ਐਕਸਪ੍ਰੈਸ ਵੇਅ, ਦਿੱਲੀ-ਅੰਮ੍ਰਿਤਸਰ ਬੁਲਿਟ ਟਰੇਨ (ਇਹ ਪ੍ਰਾਜੈਕਟ ਫਿਲਹਾਲ ਆਰੰਭ ਨਹੀਂ ਹੋਇਆ), ਦਿੱਲੀ ਤੋਂ ਚੰਡੀਗੜ੍ਹ ਅਤੇ ਹੋਰ ਭਾਗਾਂ ਨੂੰ ਜੋੜਨ ਵਾਲੀ ਇਕ ਹੋਰ ਟਰੇਨ ਦਾ ਰੂਟ, ਜਿਸ ਦਾ ਸਰਵੇ ਆਰੰਭ ਹੋ ਗਿਆ ਹੈ। ਬਾਕੀ ਹੋਰ ਅਜਿਹੇ ਵਰਣਨਯੋਗ ਪ੍ਰਾਜੈਕਟ ਫਿਲਹਾਲ ਨਜ਼ਰ ਨਹੀਂ ਆ ਰਹੇ।


ਜਿੱਥੋਂ ਤੱਕ ਰਾਜਨੀਤੀ ਦਾ ਸਵਾਲ ਹੈ, ਪੰਜਾਬ ਵਿਚ ਅਕਾਲੀ ਦਲ ਦੀ ਹਾਲਤ ਤਾਂ ਤਰਸਯੋਗ ਹੋ ਚੁੱਕੀ ਹੈ, ਬਾਕੀ ਪਾਰਟੀਆਂ ਫਿਲਹਾਲ ਚੁੱਪ ਹਨ ਅਤੇ ਮੌਜੂਦਾ ਭਗਵੰਤ ਮਾਨ ਸਰਕਾਰ ਦੀ ਕਾਰਗੁਜ਼ਾਰੀ ਤੇ ਨਜ਼ਰ ਟਿਕਾਅ ਕੇ ਬੈਠੀਆਂ ਹਨ।

**-ਬਲਬੀਰ ਸਿੰਘ ਐਮ ਏ**

albir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Sub Office - Bakersfield (CA)
209 Weedpatch HWY, Bakersfield (CA)
Manmit Saggu 661-900-7357
Tanjit Saggu 661-761-8795
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times and people associated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਚਿੰਤਾਜਨਕ ਹਾਲਾਤਾਂ 'ਚ ਫਸਦਾ ਜਾ ਰਿਹਾ ਹੈ ਅਮਰੀਕਾ



ਸ਼ਿਵਕਾਂਤ ਸ਼ਰਮਾ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਹੋਏ ਜਾਨਲੇਵਾ ਹਮਲੇ ਨੇ ਅਮਰੀਕਾ ਹੀ ਨਹੀਂ, ਪੂਰੀ ਦੁਨੀਆ ਨੂੰ ਰਾਜਨੀਤੀ ਵਿਚ ਫੈਲ ਰਹੇ ਵੈਰ-ਭਾਵ 'ਤੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਗੋਲ਼ੀ ਨਿਸ਼ਾਨੇ 'ਤੇ ਲੱਗ ਜਾਂਦੀ ਤਾਂ ਕੁੜੱਤਣ ਵਾਲੇ ਇਸ ਮਾਹੌਲ ਵਿਚ ਕੀ ਹੋ ਸਕਦਾ ਸੀ, ਇਸ ਨੂੰ ਸੋਚ ਕੇ ਹੀ ਹਰ ਕਿਸੇ ਦੇ ਲੂ-ਕੰਡੇ ਖੜ੍ਹੇ ਹੋ ਜਾਂਦੇ ਹਨ।

ਇਸੇ ਲਈ ਰਾਸ਼ਟਰਪਤੀ ਜੋਅ ਬਾਇਡਨ ਨੇ ਹਮਲੇ ਦੀ ਸਖ਼ਤ ਨਿੰਦਾ ਕੀਤੀ ਅਤੇ ਲੋਕਾਂ ਨੂੰ ਹਿੰਸਕ ਬਿਆਨਬਾਜ਼ੀ ਰੋਕਣ ਦੀ ਅਪੀਲ ਕੀਤੀ। ਟਰੰਪ ਨੇ ਵੀ ਹਮਲੇ ਤੋਂ ਬਾਅਦ ਕਿਹਾ ਕਿ ਉਹ ਆਪਣੀ ਰਿਪਬਲਿਕਨ ਪਾਰਟੀ ਦੇ ਇਜਲਾਸ ਦੇ ਭਾਸ਼ਣ ਵਿਚ ਦੇਸ਼ ਨੂੰ ਇਕਜੁੱਟ ਹੋਣ ਦੀ ਅਪੀਲ ਕਰਨਗੇ। ਦੋਵੇਂ ਪਾਰਟੀਆਂ ਦੇ ਮੁੱਖ ਨੇਤਾ, ਸਿਆਸੀ ਪੰਡਿਤ ਅਤੇ ਮੀਡੀਆ ਸਾਰੇ ਇਸ ਸਮੇਂ ਸਮਝਦਾਰੀ ਵਾਲੀਆਂ ਗੱਲਾਂ ਕਰ ਰਹੇ ਹਨ ਅਤੇ ਲੋਕਾਂ ਨੂੰ ਯਾਦ ਦਿਵਾ ਰਹੇ ਹਨ ਕਿ ਲੋਕਤੰਤਰ ਅਤੇ ਹਿੰਸਾ ਨਾਲ-ਨਾਲ ਨਹੀਂ ਰਹਿ ਸਕਦੇ।

ਇਹ ਦੋਵੇਂ ਇਕ-ਦੂਜੇ ਦੇ ਵਿਰੋਧੀ ਹਨ। ਟਰੰਪ 'ਤੇ ਹਮਲੇ ਦੀ ਦੁਨੀਆ ਭਰ ਦੇ ਨੇਤਾਵਾਂ ਨੇ ਨਿੰਦਾ ਕੀਤੀ ਹੈ। ਭਾਰਤ ਵਿਚ ਵੀ ਪ੍ਰਧਾਨ ਮੰਤਰੀ ਮੋਦੀ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ ਪਰ ਹਕੀਕਤ ਇਹ ਹੈ ਕਿ ਅਮਰੀਕਾ ਅਤੇ ਭਾਰਤ, ਦੋਵੇਂ ਹੀ ਲੋਕਤੰਤਰਾਂ ਦੀ ਰਾਜਨੀਤੀ



ਵਿਚ ਹਿੰਸਾ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਤੇ ਪੁਰਾਣੀਆਂ ਹਨ। ਅਮਰੀਕਾ ਵਿਚ ਜਦ-ਜਦ ਵੀ ਸਮਾਜਿਕ ਅਤੇ ਸੱਭਿਆਚਾਰਕ ਮੁੱਦਿਆਂ 'ਤੇ ਆਪਸੀ ਵਿਰੋਧ ਵਧਿਆ, ਤਦ-ਤਦ ਰਾਜਨੀਤਕ ਹੱਤਿਆਵਾਂ ਅਤੇ ਦੰਗੇ-ਫ਼ਸਾਦ ਹੋਏ ਹਨ। ਉਂਨੀਵੀਂ ਸਦੀ ਦੇ ਅੱਧ ਵਿਚ ਦੇਸ਼ ਜਦੋਂ ਦਾਸਤਾ ਹਟਾਉਣ ਦੇ ਮੁੱਦੇ 'ਤੇ ਉੱਤਰ ਤੇ ਦੱਖਣ ਵਿਚ ਵੰਡਿਆ ਗਿਆ ਸੀ, ਉਦੋਂ ਦਾਸਤਾ ਨੂੰ ਹਟਾਉਣ ਦੇ ਪੱਖ ਵਿਚ ਡਟੇ ਰਾਸ਼ਟਰਪਤੀ ਇਬਰਾਹੀਮ ਲਿੰਕਨ ਦੀ ਹੱਤਿਆ ਹੋਈ। ਪਿਛਲੀ ਸਦੀ ਦੇ ਸੱਤਵੇਂ ਦਹਾਕੇ ਵਿਚ ਜਦ ਨਾਗਰਿਕ ਅਧਿਕਾਰ ਅੰਦੋਲਨ ਨੂੰ ਲੈ ਕੇ ਆਪਸੀ ਮਤਭੇਦ ਵਧੇ, ਉਦੋਂ ਰਾਸ਼ਟਰਪਤੀ ਜੌਹਨ ਕੈਨੇਡੀ, ਸੈਨੇਟਰ ਰਾਬਰਟ ਕੈਨੇਡੀ ਅਤੇ ਮਾਰਟਿਨ ਲੂਥਰ ਕਿੰਗ ਦੇ ਕਤਲ ਹੋਏ।

ਪਿਛਲੀ ਸਦੀ ਦੇ ਅੱਠਵੇਂ ਦਹਾਕੇ ਵਿਚ ਵੀਅਤਨਾਮ ਜੰਗ ਨੂੰ ਲੈ ਕੇ ਫੈਲੀ ਵਿਚਾਰਧਾਰਕ ਕੁੜੱਤਣ ਦੌਰਾਨ ਦੋ ਵਾਰ ਰਾਸ਼ਟਰਪਤੀ ਜੇਰਲਡ ਫੋਰਡ 'ਤੇ ਜਾਨਲੇਵਾ ਹਮਲੇ ਹੋਏ ਅਤੇ 1981 ਵਿਚ ਆਰਥਿਕ ਸੰਕਟ ਨੂੰ ਲੈ ਕੇ ਫੈਲੀ ਕੁੜੱਤਣ ਦੌਰਾਨ ਰਾਸ਼ਟਰਪਤੀ ਰੀਗਨ 'ਤੇ ਹਮਲਾ ਹੋਇਆ। ਤ੍ਰਾਸਦੀ ਇਹ ਹੈ ਕਿ ਦੁਨੀਆ ਵਿਚ ਸਭ ਤੋਂ ਚੰਗੀ ਆਰਥਿਕ ਅਤੇ ਫ਼ੌਜੀ ਸਥਿਤੀ ਦੇ ਬਾਵਜੂਦ ਅਮਰੀਕਾ ਇਸ ਸਮੇਂ ਸਭ ਤੋਂ ਗੰਭੀਰ ਵਿਚਾਰਧਾਰਕ ਅਤੇ ਰਾਜਨੀਤਕ ਸੰਕਟ ਦੇ ਦੌਰ ਵਿਚ ਹੈ।

ਉਸ ਦਾ ਅਰਥਚਾਰਾ ਕੋਵਿਡ ਦੀ ਮਾਰ ਤੋਂ ਬਾਅਦ ਤੋਂ ਸਭ ਤੋਂ ਸ਼ਕਤੀਸ਼ਾਲੀ ਹੋ ਕੇ ਉੱਭਰਿਆ ਹੈ। ਬੇਰੁਜ਼ਗਾਰੀ ਸਭ ਤੋਂ ਹੇਠਲੇ ਪੱਧਰ 'ਤੇ ਹੈ। ਮਹਿੰਗਾਈ ਨੂੰ ਨੱਥ ਪੈ ਰਹੀ ਹੈ। ਵਿਆਜ ਦਰਾਂ ਘਟਣ ਵਾਲੀਆਂ ਹਨ। ਚੀਨ ਦੀ ਕੋਸ਼ਿਸ਼ ਦੇ ਬਾਵਜੂਦ ਡਾਲਰ ਅਤੇ ਅਮਰੀਕੀ ਕੰਪਨੀਆਂ ਦੀ ਚੜ੍ਹਤ ਬਰਕਰਾਰ ਹੈ, ਫਿਰ ਵੀ ਅੱਧੀ ਅਮਰੀਕੀ ਜਨਤਾ ਨੂੰ ਪੱਟੀ ਪੜ੍ਹਾ ਦਿੱਤੀ ਗਈ ਹੈ ਕਿ ਉਨ੍ਹਾਂ ਦਾ ਦੇਸ਼ ਤੀਜੀ ਦੁਨੀਆ ਦਾ ਮੁਲਕ ਬਣ ਚੁੱਕਾ ਹੈ।

ਰਿਪਬਲਿਕਨ ਪਾਰਟੀ ਦੇ ਟਰੰਪ ਸਮਰਥਕਾਂ ਨੂੰ ਲੱਗਦਾ ਹੈ ਕਿ ਬਾਇਡਨ ਸਰਕਾਰ ਦੇਸ਼ ਦੇ ਦਰਵਾਜ਼ੇ ਅਪਰਾਧੀ ਅਤੇ ਪਾਗਲ ਪਰਵਾਸੀਆਂ ਦੀ ਭੀੜ ਲਈ ਖੋਲ੍ਹ ਕੇ ਉਨ੍ਹਾਂ ਦੀ ਸੰਸਕ੍ਰਿਤੀ ਅਤੇ ਕਦਰਾਂ-ਕੀਮਤਾਂ ਨਸ਼ਟ ਕਰਨ 'ਤੇ ਉਤਾਰੂ ਹੈ। ਡੈਮੋਕ੍ਰੈਟਿਕ ਪਾਰਟੀ ਨੂੰ ਉਹ ਉਸ ਡੀਪ ਸਟੇਟ ਜਾਂ ਨੌਕਰਸ਼ਾਹੀ ਤੰਤਰ ਦਾ ਹਿੱਸਾ ਮੰਨਦੇ ਹਨ ਜੋ ਜਲਵਾਯੂ ਪਰਿਵਰਤਨ ਰੋਕਣ ਦੇ ਨਾਂ 'ਤੇ ਟੈਕਸ ਵਧਾ ਕੇ ਦੇਸ਼ ਨੂੰ ਬਰਬਾਦ ਕਰਨਾ ਚਾਹੁੰਦਾ ਹੈ। ਦੂਜੇ ਪਾਸੇ ਬਾਇਡਨ ਦੀ ਡੈਮੋਕ੍ਰੈਟਿਕ ਪਾਰਟੀ ਦੇ ਸਮਰਥਕਾਂ ਨੂੰ ਲੱਗਦਾ ਹੈ ਕਿ ਟਰੰਪ ਦੀ ਜਿੱਤ ਲੋਕਤੰਤਰ ਨੂੰ ਖ਼ਤਮ ਕਰ ਕੇ ਤਾਨਾਸ਼ਾਹੀ ਲਿਆ ਦੇਵੇਗੀ ਅਤੇ ਟਰੰਪ ਦੇ ਚੁਣੇ ਜਾਂਦੇ ਹੀ ਅਮਰੀਕਾ ਵਿਚ ਕਿਆਮਤ ਆ ਜਾਵੇਗੀ। ਟਰੰਪ ਆਪਣੇ ਵਿਰੋਧੀਆਂ ਨੂੰ ਕੀੜੇ-ਮਕੌੜੇ ਕਹਿੰਦੇ ਹਨ ਜਦਕਿ ਬਾਇਡਨ ਟਰੰਪ ਨੂੰ ਫਾਸੀ, ਤਾਨਾਸ਼ਾਹ ਅਤੇ ਅਪਰਾਧੀ ਕਹਿੰਦੇ ਹਨ। ਲੋਕਤੰਤਰ ਵਿਚ ਵਿਰੋਧੀ ਬਿਆਨਬਾਜ਼ੀ ਕੋਈ ਨਵੀਂ ਗੱਲ ਨਹੀਂ ਹੈ ਪਰ ਅਮਰੀਕਾ ਦੀ ਸਮੱਸਿਆ ਇਹ ਹੈ ਕਿ ਉੱਥੇ ਗੰਨਸੰਖਿਆ ਜਨਸੰਖਿਆ ਨਾਲੋਂ ਵੀ ਜ਼ਿਆਦਾ ਹੈ।

ਇਕ ਆਮ ਬਾਲਗ ਨਾਗਰਿਕ ਆਤਮ ਰੱਖਿਆ ਲਈ ਸੁਪਰ ਬਾਜ਼ਾਰ ਤੋਂ ਗੰਨ ਖ਼ਰੀਦ ਸਕਦਾ ਹੈ। ਅਮਰੀਕਾ ਵਿਚ ਮਾਨਸਿਕ ਤੌਰ 'ਤੇ ਬਿਮਾਰਾਂ ਦੀ ਗਿਣਤੀ ਵੀ ਵਧ ਰਹੀ ਹੈ। ਅਜਿਹੇ ਸਮਾਜਿਕ ਮਾਹੌਲ ਵਿਚ ਇੰਟਰਨੈੱਟ ਮੀਡੀਆ 'ਤੇ ਵਿਰੋਧੀਆਂ ਦਾ ਦਾਨਵੀਕਰਨ ਕੱਚੇ ਮਾਨਸਿਕ ਸੰਤੁਲਨ ਵਾਲੇ ਲੋਕਾਂ ਨੂੰ ਰਾਜਨੀਤਕ ਹਿੰਸਾ ਲਈ ਪ੍ਰੇਰਿਤ ਕਰ ਸਕਦਾ ਹੈ ਅਤੇ ਕਰ ਰਿਹਾ ਹੈ। ਟਰੰਪ 'ਤੇ ਹਮਲਾ ਕਰਨ ਵਾਲਾ ਟਾਮਸ ਮੈਥਿਊ ਕਰੂਕਸ ਇਸੇ ਦੀ ਮਿਸਾਲ ਹੈ। ਅਮਰੀਕਾ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਸਿਆਸਤਦਾਨ ਅਤੇ ਉਨ੍ਹਾਂ ਦੇ ਸਮਰਥਕ ਇਸ ਘਟਨਾ ਤੋਂ ਸਬਕ ਲੈ ਕੇ ਦੂਜਿਆਂ ਦਾ ਦਾਨਵੀਕਰਨ ਕਰਨੋਂ ਅਤੇ ਹਿੰਸਾ ਲਈ ਉਕਸਾਉਣ ਵਾਲੀ ਬਿਆਨਬਾਜ਼ੀ ਤੋਂ ਬਾਜ਼ ਆਉਣ ਲਈ ਤਿਆਰ ਹਨ? ਟਰੰਪ ਤੇ ਉਨ੍ਹਾਂ ਦੇ ਸਮਰਥਕ ਹਾਲੇ ਤਾਂ ਦੇਸ਼ ਜੋੜਨ ਦੀਆਂ ਗੱਲਾਂ ਕਰ ਰਹੇ ਹਨ ਪਰ ਕੀ ਉਨ੍ਹਾਂ ਨੂੰ ਚੋਣ ਪ੍ਰਚਾਰ ਵਿਚ ਹਕੀਕਤ ਵਿਚ ਬਦਲ ਸਕਣਗੇ? ਚੋਣ ਪ੍ਰਚਾਰ ਦੀ ਦਿਸ਼ਾ ਇਸ ਸਮੇਂ ਟਰੰਪ ਦੇ ਹੱਥਾਂ ਵਿਚ ਹੈ। ਬਹੁਤ ਕੁਝ ਇਸ 'ਤੇ ਨਿਰਭਰ ਕਰੇਗਾ ਕਿ ਰਿਪਬਲਿਕਨ ਪਾਰਟੀ ਦੇ ਇਜਲਾਸ ਵਿਚ ਆਪਣੀ ਉਮੀਦਵਾਰੀ ਸਵੀਕਾਰ ਕਰਦੇ ਹੋਏ ਟਰੰਪ ਕਿਸ ਅੰਦਾਜ਼ ਵਿਚ ਕੀ ਕਹਿਣਗੇ?

ਹਿੰਸਾ ਲਈ ਉਕਸਾਉਣ ਦੇ ਮਾਮਲੇ ਵਿਚ ਸਭ ਤੋਂ ਵੱਧ ਉਂਗਲੀਆਂ ਉਨ੍ਹਾਂ 'ਤੇ ਉੱਠਦੀਆਂ ਰਹੀਆਂ ਹਨ। ਅਜਿਹੀਆਂ ਕੁਝ ਘਟਨਾਵਾਂ ਨੂੰ ਬਾਇਡਨ ਨੇ ਗਿਣਾਇਆ ਵੀ, ਜਿਵੇਂ ਲੋਕਾਂ ਨੂੰ ਅਮਰੀਕੀ ਸੰਸਦ 'ਤੇ ਧਾਵਾ ਬੋਲਣ ਅਤੇ ਅਮਰੀਕੀ ਕਾਂਗਰਸ ਦੀ ਸਾਬਕਾ ਸਪੀਕਰ ਨੈਨਸੀ ਪੇਲੋਸੀ ਦੇ ਘਰ ਵਿਚ ਘੁਸ ਕੇ ਉਨ੍ਹਾਂ ਦੇ ਪਤੀ 'ਤੇ ਹਮਲੇ ਲਈ ਜਾਂ ਫਿਰ ਮਿਸ਼ੀਗਨ ਦੀ ਗਵਰਨਰ ਨੂੰ ਅਗਵਾ ਕਰਨ ਲਈ ਉਕਸਾਉਣਾ।

ਹਮਲੇ ਕਾਰਨ ਇਸ ਸਮੇਂ ਟਰੰਪ ਦੀ ਲੋਕਪ੍ਰਿਅਤਾ 'ਚ ਉਛਾਲ ਆ ਰਿਹਾ ਹੈ ਪਰ ਹਮਲੇ ਤੋਂ ਬਾਅਦ ਰੀਗਨ ਦੀ ਲੋਕਪ੍ਰਿਅਤਾ ਵਿਚ ਆਏ ਉਛਾਲ ਦੀ ਤਰ੍ਹਾਂ ਉਹ ਕੁਝ ਹਫ਼ਤਿਆਂ ਵਿਚ ਹੇਠਾਂ ਆ ਸਕਦੀ ਹੈ। ਉਸ ਸੂਰਤ ਵਿਚ ਟਰੰਪ ਅਤੇ ਉਨ੍ਹਾਂ ਦੇ ਸਮਰਥਕ ਕਿੰਨਾ ਸੰਜਮ ਵਰਤਣਗੇ? ਦੂਜੇ ਪਾਸੇ ਬਾਇਡਨ ਅਤੇ ਉਨ੍ਹਾਂ ਦੇ ਸਮਰਥਕ ਲੋਕਪ੍ਰਿਅਤਾ ਵਿਚ ਟਰੰਪ ਤੋਂ ਪੱਛੜਨ ਕਾਰਨ ਭਾਰੀ ਦਬਾਅ ਵਿਚ ਹਨ। ਅਜਿਹੇ ਵਿਚ ਕੀ ਉਹ ਨਫ਼ਰਤੀ ਬਿਆਨਬਾਜ਼ੀ ਨਾਲ ਵੋਟਾਂ ਹਾਸਲ ਕਰਨ ਦੇ ਲੋਭ ਤੋਂ ਬਚ ਸਕਣਗੇ? ਹਾਲੇ ਤਾਂ ਅਮਰੀਕੀ ਮੀਡੀਆ ਵਿਚ ਸੰਜਮ ਭਰੀਆਂ ਸੰਪਾਦਕੀਆਂ ਛਪ ਰਹੀਆਂ ਹਨ ਪਰ ਕੀ ਇਹ ਸੰਜਮ ਚੋਣ ਪ੍ਰਚਾਰ ਦੀ ਗਰਮੀ ਨੂੰ ਸਹਾਰ ਸਕੇਗਾ? ਅਮਰੀਕਾ ਨੂੰ ਇਸ ਸਮੇਂ ਇਸ ਤਰ੍ਹਾਂ ਦੇ ਕਈ ਸਵਾਲਾਂ ਦੇ ਉੱਤਰ ਲੱਭਣੇ ਪੈਣੇ ਹਨ। ਓਥੇ ਹੀ ਯੂਰਪੀ ਦੇਸ਼ਾਂ, ਚੀਨ ਅਤੇ ਭਾਰਤ ਨੇ ਇਕ ਵਾਰ ਫਿਰ ਟਰੰਪ ਦੀਆਂ ਅਣਕਿਆਸੀਆਂ ਨੀਤੀਆਂ ਲਈ ਕਮਰ ਕੱਸਣੀ ਹੈ ਕਿਉਂਕਿ ਹਮਲੇ ਮਗਰੋਂ ਉਨ੍ਹਾਂ ਦੇ ਜਿੱਤਣ ਦੀ ਸੰਭਾਵਨਾ ਮਜ਼ਬੂਤ ਹੋ ਗਈ ਹੈ।

ਭਾਰਤ ਸਮੇਤ ਹਰ ਜਮਹੂਰੀ ਮੁਲਕ ਨੂੰ ਆਪਣੇ ਇੱਥੇ ਰਾਜਨੀਤੀ ਵਿਚ ਵਧਦੇ ਵੈਰ-ਭਾਵ ਅਤੇ ਹਿੰਸਾ ਤੇ ਇੰਟਰਨੈੱਟ ਮੀਡੀਆ ਜ਼ਰੀਏ ਫੈਲਦੀ ਉਸ ਦੀ ਗੂੰਜ ਦੇ ਅਸਰਾਂ ਨਾਲ ਨਿਪਟਣ ਬਾਰੇ ਸੰਜੀਦਗੀ ਨਾਲ ਸੋਚਣਾ ਹੋਵੇਗਾ।

ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਖ਼ਤਰਨਾਕ ਨਤੀਜੇ ਸਾਹਮਣੇ ਆ ਸਕਦੇ ਹਨ ਤੇ ਸਮਾਜ ਵਿਚ ਅਸ਼ਾਂਤੀ ਵਾਲਾ ਮਾਹੌਲ ਬਣ ਸਕਦਾ ਹੈ। ਇਸ ਲਈ ਚੰਗਾ ਇਹੀ ਹੋਵੇਗਾ ਕਿ ਰਾਜਨੀਤੀ ਵਿਚ ਵਧ ਰਹੇ ਵੈਰ ਦੀ ਭਾਵਨਾ ਅਤੇ ਹਿੰਸਾ ਨੂੰ ਖ਼ਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ।

ਸ਼ਿਕਾਗੋ ਯੂਨੀਵਰਸਿਟੀ ਦੀ ਇਕ ਖੋਜ ਸੰਸਥਾ ਸ਼ਿਕਾਗੋ ਪ੍ਰਾਜੈਕਟ ਦੇ ਹਾਲੀਆ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਅਮਰੀਕਾ ਦੇ ਦਸ ਪ੍ਰਤੀਸ਼ਤ ਲੋਕਾਂ ਨੇ ਟਰੰਪ ਨੂੰ ਸੱਤਾ ਵਿਚ ਆਉਣ ਤੋਂ ਰੋਕਣ ਅਤੇ ਸੱਤ ਪ੍ਰਤੀਸ਼ਤ ਨੇ ਉਨ੍ਹਾਂ ਨੂੰ ਸੱਤਾ ਵਿਚ ਲਿਆਉਣ ਲਈ ਤਾਕਤ ਦੀ ਵਰਤੋਂ ਨੂੰ ਸਹੀ ਠਹਿਰਾਇਆ। ਅਮਰੀਕਾ ਵਿਚ ਹਿੰਸਾ ਦੇ ਲੰਬੇ ਇਤਿਹਾਸ ਨੂੰ ਦੇਖਦੇ ਹੋਏ ਉਕਤ ਸਰਵੇਖਣ ਹੋਰ ਚਿੰਤਾ ਵਧਾ ਰਿਹਾ ਹੈ। ਜਨਤਾ ਵਿਚ ਤੇਜ਼ੀ ਵਧ ਰਹੀ ਹਿੰਸਕ ਬਿਰਤੀ ਸ਼ਾਸਨ ਅਤੇ ਪ੍ਰਸ਼ਾਸਨ ਲਈ ਖ਼ਤਰੇ ਦੀ ਘੰਟੀ ਹੈ। ਲੋਕਤੰਤਰ ਵਿਚ ਮਨਚਾਹੀ ਸੱਤਾ ਲਈ ਵੋਟ ਦੀ ਜਗ੍ਹਾ ਲਾਠੀ ਪ੍ਰਤੀ ਵਧਦਾ ਲੋਕਾਂ ਦਾ ਇਹ ਵਿਸ਼ਵਾਸ ਖ਼ੁਦ ਨੂੰ ਲੋਕਤੰਤਰ ਦਾ ਸਭ ਤੋਂ ਵੱਡਾ ਪਹਿਰੇਦਾਰ ਮੰਨਣ ਵਾਲੇ ਅਮਰੀਕਾ ਲਈ ਹੀ ਨਹੀਂ, ਹਰ ਲੋਕਤੰਤਰ ਲਈ ਬਹੁਤ ਜ਼ਿਆਦਾ ਚਿੰਤਾ ਦਾ ਵਿਸ਼ਾ ਹੈ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਗੁਰਨਾਮ ਸਿੰਘ ਪੰਮਾ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਭੁਪਿੰਦਰ ਸਿੰਘ ਪਦਮ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਸੰਤੋਖ ਸਿੰਘ ਜੱਜ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਰਣਬੀਰ ਸਿੰਘ
(18) ਮਨਦੀਪ ਸਿੰਘ ਥਿਆੜਾ

**Balbir Singh M.A.**
**A Youtube Show**
ਇਹ ਚੈਨਲ ਪੰਜਾਬੀ ਮਾਂ-ਬੋਲੀ 'ਚ ਯੂ-ਟਿਊਬ ਸ਼ੋਅ ਲੈ ਕੇ ਆਉਂਦਾ ਹੈ। ਵੇਖਣ ਲਈ ਸਾਨੂੰ ਸਬਸਕ੍ਰਾਈਬ ਕਰੋ।

# ਸ਼ੰਭੂ ਮੋਰਚੇ 'ਚ ਮੁਢਲੀਆਂ ਲੋੜਾਂ ਮੁਹੱਈਆ ਨਾ ਕਰਵਾਉਣ ਖ਼ਿਲਾਫ਼ ਰੋਸ

ਪਟਿਆਲਾ- ਸ਼ੰਭੂ ਵਿੱਚ 162 ਦਿਨਾਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਦੇ ਮੱਦੇਨਜ਼ਰ ਕਿਸਾਨ-ਮਜ਼ਦੂਰ ਮੋਰਚੇ ਦੇ ਆਗੂ ਮਲਕੀਤ ਸਿੰਘ ਦੀ ਅਗਵਾਈ ਹੇਠ ਇਥੇ ਹੋਈ ਮੀਟਿੰਗ ਵਿੱਚ



ਉਨ੍ਹਾਂ ਸਰਕਾਰ ਖ਼ਿਲਾਫ਼ ਰੋਸ ਪ੍ਰਗਟਾਉਂਦਿਆਂ 26 ਜੁਲਾਈ ਨੂੰ ਗਗਨ ਚੌਕ ਹਾਈਵੇਅ ਮੁਕੰਮਲ ਬੰਦ ਕਰਨ ਦਾ ਐਲਾਨ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਪਿਛਲੇ ਚਾਰ ਮਹੀਨਿਆਂ ਤੋਂ ਕਿਸਾਨ ਅੰਦੋਲਨ 'ਚ ਹਿੱਸਾ ਲੈ ਰਹੇ ਕਿਸਾਨਾਂ ਦੀਆਂ ਬਿਜਲੀ, ਪਾਣੀ ਅਤੇ ਦਵਾਈਆਂ ਵਰਗੀਆਂ ਮੁੱਢਲੀਆਂ ਲੋੜਾਂ ਸਬੰਧੀ ਪੰਜਾਬ ਸਰਕਾਰ, ਪੁਲੀਸ ਤੇ ਬਿਜਲੀ ਮਹਿਕਮੇ ਨਾਲ ਕਈ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਇਸ 'ਤੇ ਕਿਸੇ ਵੱਲੋਂ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਚਾਰ ਦਿਨ ਪਹਿਲਾਂ ਵੀ ਕਿਸਾਨ ਆਗੂ ਬਲਵੰਤ ਸਿੰਘ ਬਹਿਰਾਮਕੇ ਨੇ ਪਾਵਰਕੌਮ ਦੇ ਐੱਸਡੀਓ ਨਾਲ ਫ਼ੋਨ 'ਤੇ ਗੱਲਬਾਤ ਕੀਤੀ ਸੀ ਪਰ ਉਨ੍ਹਾਂ ਵੀ ਕਿਸਾਨਾਂ ਦੀ ਗੱਲ ਨਹੀਂ ਸੁਣੀ। ਕਿਸਾਨ ਆਗੂਆਂ ਨੇ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਜੇ 25 ਜੁਲਾਈ ਤੱਕ ਟਰਾਂਸਫ਼ਾਰਮਰ ਨਾ ਰੱਖਿਆ ਗਿਆ ਜਾਂ ਹੋਰ ਲੋੜੀਂਦੇ ਪ੍ਰਬੰਧ ਨਾ ਕੀਤੇ ਗਏ ਤਾਂ 26 ਜੁਲਾਈ ਨੂੰ ਸ਼ੰਭੂ ਬਾਰਡਰ ਤੋਂ ਰਾਜਪੁਰਾ ਵੱਲ ਰਵਾਨਾ ਹੋ ਕੇ ਗਗਨ ਚੌਕ ਵਿੱਚ ਧਰਨਾ ਲਾਇਆ ਜਾਵੇਗਾ ਅਤੇ ਮੰਗਾਂ ਮੰਨੇ ਜਾਣ ਤੱਕ ਧਰਨਾ ਜਾਰੀ ਰੱਖਿਆ ਜਾਵੇਗਾ।

**ਬਜਟ ਦਾ ਵਿਰੋਧ**

ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਅਤੇ ਕਿਸਾਨ-ਮਜ਼ਦੂਰ ਮੋਰਚਾ ਵੱਲੋਂ ਖਨੌਰੀ ਬਾਰਡਰ ਤੋਂ ਜਾਰੀ ਕੀਤੇ ਗਏ ਸਾਂਝੇ ਬਿਆਨ ਵਿੱਚ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਤੋਂ ਕਿਸਾਨਾਂ ਨੂੰ ਨਿਰਾਸ਼ਾ ਹੋਈ ਹੈ। ਕਿਸਾਨ ਆਗੂਆਂ ਅਭਿਮਨਿਊ ਕੋਹਾੜ ਅਤੇ ਲਖਵਿੰਦਰ ਸਿੰਘ ਔਲਖ ਨੇ ਕਿਹਾ ਕਿ ਬਜਟ ਵਿੱਚ ਐੱਮਐੱਸਪੀ ਗਾਰੰਟੀ ਕਾਨੂੰਨ, ਕਿਸਾਨਾਂ ਤੇ ਮਜ਼ਦੂਰਾਂ ਦੀ ਕਰਜ਼ਾ ਮੁਕਤੀ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਐੱਮਐੱਸਪੀ ਦੇਣ ਸਬੰਧੀ ਕੋਈ ਵੀ ਕਦਮ ਨਹੀਂ ਉਠਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਸਾਲ ਖੇਤੀ ਬਜਟ ਕੁੱਲ ਬਜਟ ਦਾ 3।15 ਫੀਸਦੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਦੇਸ਼ ਦੀ ਆਬਾਦੀ ਦਾ 50 ਫੀਸਦੀ ਹਿੱਸਾ ਹਨ ਅਤੇ ਬਜਟ 'ਚ ਇਨ੍ਹਾਂ ਲਈ ਸਿਰਫ਼ 3।15 ਫੀਸਦੀ ਬਜਟ ਰੱਖਣਾ ਮੰਦਭਾਗਾ ਹੈ।

# ਯੂਨੀਵਰਸਿਟੀਆਂ ਤੇ ਕਾਲਜਾਂ 'ਚ ਜੰਕ ਫੂਡ 'ਤੇ ਪਾਬੰਦੀ

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ ਦੇਸ਼ ਦੀਆਂ ਸਾਰੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਸਿਹਤ ਲਈ ਨੁਕਸਾਨਦਾਇਕ ਖ਼ੁਰਾਕੀ ਪਦਾਰਥਾਂ, ਖ਼ਾਸ ਤੌਰ 'ਤੇ ਜੰਕ ਫੂਡ ਦੀ ਵਿਕਰੀ ਰੋਕਣ ਅਤੇ ਉਨ੍ਹਾਂ ਦੀ




ਥਾਂ ਪੌਸ਼ਟਿਕ ਤੇ ਸਿਹਤ ਲਈ ਲਾਭਕਾਰੀ ਖ਼ੁਰਾਕੀ ਸਮੱਗਰੀ ਉਪਲਬਧ ਕਰਵਾਉਣ ਲਈ ਹੰਭਲੇ ਮਾਰਨ।

ਬਿਨਾਂ ਸ਼ੱਕ ਯੂਜੀਸੀ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ ਪਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਸ ਹੁਕਮ ਨਾਲ ਹਾਲਾਤ 'ਚ ਕੋਈ ਸਿਫ਼ਤੀ ਤਬਦੀਲੀ ਆਵੇਗੀ? ਇਸ ਦਾ ਸ਼ੱਕ ਇਸ ਲਈ ਹੈ ਕਿਉਂਕਿ ਯੂਜੀਸੀ ਵੱਲੋਂ ਅਜਿਹੀ ਪਹਿਲ ਪਹਿਲਾਂ ਵੀ ਕੀਤੀ ਜਾ ਚੁੱਕੀ ਹੈ। ਪਹਿਲਾਂ ਦਿੱਤੇ ਗਏ ਹੁਕਮਾਂ ਦੀ ਅਣਦੇਖੀ ਕਾਰਨ ਹੀ ਉਸ ਨੂੰ ਮੁੜ ਹੁਕਮ ਦੇਣ ਦੀ ਜ਼ਰੂਰਤ ਪੈ ਰਹੀ ਹੈ।

ਜੋ ਵੀ ਹੋਵੇ, ਜ਼ਰੂਰਤ ਸਿਰਫ਼ ਇਸ ਗੱਲ ਦੀ ਨਹੀਂ ਹੈ ਕਿ ਵਿੱਦਿਅਕ ਅਦਾਰਿਆਂ 'ਚ ਨੁਕਸਾਨਦਾਇਕ ਖ਼ੁਰਾਕੀ ਪਦਾਰਥਾਂ ਦੀ ਉਪਲਬਧਤਾ ਨੂੰ ਕੰਟਰੋਲ ਕੀਤਾ ਜਾਵੇ ਬਲਕਿ ਇਸ ਨਾਲ ਇਹ ਵੀ ਜ਼ਰੂਰੀ ਹੈ ਕਿ ਸਿਹਤ ਲਈ ਨੁਕਸਾਨਦਾਇਕ ਮੰਨੇ ਜਾਣ ਵਾਲੇ ਖਾਣ-ਪੀਣ ਵਾਲੇ ਪਦਾਰਥਾਂ ਦੇ ਰੁਝਾਨ ਨੂੰ ਜਿੰਨਾ ਹੋ ਸਕੇ ਸੀਮਤ ਕੀਤਾ ਜਾਵੇ। ਬੱਚਿਆਂ ਤੇ ਨੌਜਵਾਨਾਂ 'ਚ ਅਜਿਹੇ ਖ਼ੁਰਾਕੀ ਪਦਾਰਥ ਕਾਫ਼ੀ ਹਰਮਨਪਿਆਰੇ ਹੁੰਦੇ ਜਾ ਰਹੇ ਹਨ, ਜੋ ਉਨ੍ਹਾਂ ਦੀ ਸਿਹਤ ਲਈ ਠੀਕ ਨਹੀਂ ਹਨ। ਵੱਖ-ਵੱਖ ਅਧਿਐਨਾਂ 'ਚ ਵਾਰ-ਵਾਰ ਇਹ ਸਾਹਮਣੇ ਆ ਰਿਹਾ ਹੈ ਕਿ ਜੰਕ ਫੂਡ ਕਹੇ ਜਾਣ ਵਾਲੇ ਖ਼ੁਰਾਕੀ ਪਦਾਰਥ ਨੌਜਵਾਨ ਪੀੜ੍ਹੀ ਦੀ ਸਿਹਤ ਨੂੰ ਖ਼ਰਾਬ ਕਰ ਰਹੇ ਹਨ ਪਰ ਉਨ੍ਹਾਂ ਦੇ ਰੁਝਾਨ ਨੂੰ ਘੱਟ ਕਰਨ ਲਈ ਜਿਹੋ ਜਿਹੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ, ਉਹ ਨਹੀਂ ਹੋ ਰਹੇ ਹਨ।

ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਜ਼ਰੂਰੀ ਨਿਯਮ-ਕਾਨੂੰਨਾਂ ਦੀ ਥੁੜ੍ਹ 'ਚ ਸਿਹਤ ਲਈ ਨੁਕਸਾਨਦਾਇਕ ਡੱਬਾ ਬੰਦ ਖ਼ੁਰਾਕੀ ਪਦਾਰਥਾਂ ਦੀ ਵਿਕਰੀ ਵਧਦੀ ਹੀ ਜਾ ਰਹੀ ਹੈ। ਪ੍ਰੋਸੈਸਡ ਫੂਡ ਦੀ ਵਰਤੋਂ ਤਾਂ ਅਜੇ ਕੁਝ ਹੱਦ ਤੱਕ ਫਿਰ ਵੀ ਠੀਕ ਮੰਨੀ ਜਾਂਦੀ ਹੈ ਪਰ ਅਲਟ੍ਰਾ ਪ੍ਰੋਸੈਸਡ ਫੂਡ ਦੀ ਲਗਾਤਾਰ ਵਰਤੋਂ ਤਾਂ ਇਕ ਤਰ੍ਹਾਂ ਬਿਮਾਰੀਆਂ ਨੂੰ ਖੁੱਲ੍ਹਾ ਸੱਦਾ ਦੇਣ ਵਾਲੀ ਗੱਲ ਹੈ। ਮੁਸ਼ਕਲ ਇਹ ਹੈ ਕਿ ਉਨ੍ਹਾਂ ਦਾ ਵੀ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ ਤੇ ਇਹ ਦੇਖਣ 'ਚ ਆਉਂਦਾ ਹੈ ਕਿ ਅਜਿਹੇ ਖ਼ੁਰਾਕੀ ਪਦਾਰਥ ਬਣਾਉਣ ਵਾਲੇ ਤੈਅ ਮਾਪਦੰਡਾਂ ਨੂੰ ਨਜ਼ਰਅੰਦਾਜ਼ ਹੀ ਕਰਦੇ ਹਨ।

ਭਾਰਤ 'ਚ ਖ਼ੁਰਾਕੀ ਪਦਾਰਥਾਂ ਦੇ ਸੰਦਰਭ 'ਚ ਜੋ ਨਿਯਮ-ਕਾਨੂੰਨ ਹਨ, ਉਨ੍ਹਾਂ ਦੀ ਪਰਵਾਹ ਘੱਟ ਹੀ ਕੀਤੀ ਜਾਂਦੀ ਹੈ। ਇਸੇ ਦਾ ਮਾੜਾ ਨਤੀਜਾ ਹੈ ਕਿ ਦੇਸ਼ 'ਚ ਮਿਲਾਵਟੀ ਖ਼ੁਰਾਕੀ ਪਦਾਰਥਾਂ ਦੀ ਵਿਕਰੀ 'ਤੇ ਰੋਕ ਨਹੀਂ ਲੱਗ ਰਹੀ ਹੈ। ਅਜਿਹਾ ਰੈਗੂਲੇਟਰੀ ਅਥਾਰਟੀਆਂ ਤੇ ਨਿ-ਗਰਾਨ ਸੰਸਥਾਵਾਂ ਦੀ ਸੁਸਤੀ ਤੇ ਲਾਪਰਵਾਹੀ ਕਾਰਨ ਹੋ ਰਿਹਾ ਹੈ। ਇਕ ਚਿੰਤਾਜਨਕ ਗੱਲ ਇਹ ਹੈ ਕਿ ਨੁਕਸਾਨਦ-ਾਇਕ ਐਲਾਨੀ ਸਮੱਗਰੀ ਦਾ ਇਸ਼ਤਿਹਾਰਾਂ ਰਾਹੀਂ ਖੁੱਲ੍ਹ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ।

ਹੁਣ ਤਾਂ ਅਜਿਹੇ ਇਸ਼ਤਿਹਾਰ ਅਨੇਕ ਪ੍ਰਸਿੱਧ ਹਸਤੀਆਂ ਵੀ ਕਰ ਰਹੀਆਂ ਹਨ। ਅਜਿਹਾ ਲੱਗਦਾ ਹੈ ਕਿ ਕਿਸੇ ਨੂੰ ਕੋਈ ਪਰਵਾਹ ਹੀ ਨਹੀਂ ਹੈ ਕਿ ਕਿੱਥੇ ਕੀ ਗ਼ਲਤ ਹੋ ਰਿਹਾ ਹੈ? ਯਕੀਨੀ ਤੌਰ 'ਤੇ ਸਿਹਤ ਦੀ ਚਿੰਤਾ ਕਰਨਾ ਸਿਰਫ਼ ਸਰਕਾਰਾਂ ਤੇ ਉਨ੍ਹਾਂ ਦੀਆਂ ਏਜੰਸੀਆਂ ਦੀ ਹੀ ਜ਼ਿੰ-ਮੇਵਾਰੀ ਨਹੀਂ ਹੈ, ਇਸ ਪ੍ਰਤੀ ਕਿਤੇ ਨਾ ਕਿਤੇ ਆਮ ਜਨਤਾ ਨੂੰ ਵੀ ਜਾਗਰੂਕ ਹੋਣਾ ਪਵੇਗਾ। ਇਸ ਸਭ ਦੇ ਬਾਵਜੂਦ ਏਨਾ ਤਾਂ ਹੈ ਹੀ ਕਿ ਜਿਨ੍ਹਾਂ ਸਰਕਾਰੀ ਸੰਸਥਾਵਾਂ ਨੂੰ ਖ਼ੁਰਾਕੀ ਪਦਾਰਥਾਂ ਦੀ ਗੁਣਵੱਤਾ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ, ਉਹ ਆਪਣਾ ਕੰਮ ਸਹੀ ਤਰੀਕੇ ਨਾਲ ਕਰਨ। ਹਰੇਕ ਪੱਧਰ 'ਤੇ ਜ਼ਿੰਮੇਵਾਰੀ ਤੇ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ।



**Matrimonial**
# ਵਿਆਹ/ਸ਼ਾਦੀ

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ
ਸੰਪਰਕ ਕਰੋ: **510-938-7771** **shaadi@pardestimes.com**

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਸਿੱਖ ਮੁੰਡਾ ਜਨਮ 1984, 5'10'' ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਸੰਪਰਕ +(510) 200-1772

## ਵਰ ਦੀ ਲੋੜ

Match for; PQM working in USA for beautiful Arora Sikh B.Tech.Girl 5'-2.5" born in Sept.,1986 VegetarianDivorcee( Issueless) Engineer in top MNC California on H1 B Visa(G.C.in process) @Package of 2.5 lack $. Contact; +91 94163 84158 (on WhatsApp only)

## ਲੜਕੀ ਦੀ ਲੋੜ

ਜੱਟ ਸਿੱਖ US, CPA ਕੈਨੇਡੀਅਨ ਸਿਟੀਜ਼ਨ, ਕੱਦ 5 ਫੁੱਟ 7 ਇੰਚ, ਉਮਰ 37 ਸਾਲ ਦੇ ਕੁਆਰੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਨੂੰ ਤਰਜੀਹ ਦਿੱਤੀ ਜਾਵੇਗੀ। ਈਮੇਲ pammi341@outlook.com ਫੋਨ 510-461-6629

# ਸਿੱਖ ਨਸਲਕੁਸ਼ੀ ਦੇ ਕੇਸਾਂ ਦੀ ਸੁਣਵਾਈ ਤੇਜ ਕਰਨ ਸ਼੍ਰੋਮਣੀ ਕਮੇਟੀ ਵੱਲੋਂ ਸਵਾਗਤ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੁਪਰੀਮ ਕੋਰਟ ਵੱਲੋਂ ਨਵੰਬਰ 1984 'ਚ ਕਾਨਪੁਰ 'ਚ ਵਾਪਰੀਆਂ ਸਿੱਖ ਕਤਲੇਆਮ ਦੀਆਂ ਘਟਨਾਵਾਂ ਸਬੰਧੀ ਮੁਕੱਦਿਆਂ ਦੀ ਕਾਰਵਾਈ ਤੇਜ਼ੀ ਅਤੇ ਸੁਚਾਰੂ ਢੰਗ ਨਾਲ ਚਲਾਉਣ ਦੇ ਨਿਰਦੇਸ਼ ਦਾ ਸਵਾਗਤ ਕੀਤਾ ਹੈ। ਜ਼ਿਕਰਯੋਗ ਹੈ ਕਿ ਕਾਨਪੁਰ ਸਿੱਖ ਕਤਲੇਆਮ ਦੇ ਮਾਮਲਿਆਂ ਸਬੰਧੀ ਜਨਹਿੱਤ ਪਟੀਸ਼ਨ ਜਥੇਦਾਰ ਕੁਲਦੀਪ ਸਿੰਘ ਭੋਗਲ ਵੱਲੋਂ 2017 'ਚ ਦਾਖ਼ਲ ਕੀਤੀ ਗਈ ਸੀ, ਜਿਸ ਬਾਰੇ ਸ਼੍ਰੋਮਣੀ ਕਮੇਟੀ ਵੀ ਕਾਨੂੰਨੀ ਸਹਿਯੋਗ ਦੇ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ 1984 'ਚ ਕਾਨਪੁਰ ਵਿੱਚ ਸਿੱਖਾਂ ਦੇ ਹੋਏ ਕਤਲੇਆਮ ਦੇ ਮਾਮਲੇ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਿੱਖ ਸੰਸਥਾ ਨਿਰੰਤਰ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ 11 ਮਾਮਲਿਆਂ ਜਿਨ੍ਹਾਂ ਵਿੱਚ ਦੋਸ਼ ਪੱਤਰ ਦਾਖਲ ਹੋਏ ਹਨ, ਬਾਰੇ 2 ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਮੁੱਖ ਜਾਂਚ ਅਧਿਕਾਰੀ ਨੂੰ ਵੀ ਇਨ੍ਹਾਂ ਨਾਲ ਸਹਿਯੋਗ ਕਰਨ ਦੀ ਹਦਾਇਤ ਕੀਤੀ ਗਈ ਹੈ। ਸਕੱਤਰ ਮੁਤਾਬਕ ਸਿਖਰਲੀ ਅਦਾਲਤ ਨੇ ਅਲਾਹਾਬਾਦ ਹਾਈ ਕੋਰਟ ਨੂੰ 4 ਚਾਰ ਮਾਮਲਿਆਂ ਸਬੰਧੀ ਚੱਲ ਰਹੀਆਂ ਅਪੀਲਾਂ 'ਤੇ ਤਰਜੀਹੀ ਆਧਾਰ 'ਤੇ ਸੁਣਵਾਈ ਕਰਨ ਲਈ ਆਖਿਆ ਹੈ। ਉਨ੍ਹਾਂ ਕਿਹਾ ਕਿ ਅਦਾਲਤ ਨੇ ਬੰਦ ਹੋ ਚੁੱਕੇ 9 ਕੇਸਾਂ ਬਾਰੇ ਉੱਤਰ ਪ੍ਰਦੇਸ਼ ਸਰਕਾਰ ਨੂੰ ਮਾਮਲਿਆਂ ਨਾਲ ਸਬੰਧਤ ਨਾਮ ਪਟੀਸ਼ਨਰਾਂ ਨੂੰ ਦੇਣ ਦਾ ਨਿਰਦੇਸ਼ ਵੀ ਦਿੱਤਾ ਹੈ।

# ਬਲਬੀਰ ਸਿੰਘ ਸੀਨੀਅਰ ਨੂੰ ਭਾਰਤ ਰਤਨ ਦਿੱਤਾ ਜਾਵੇ: ਕੰਗ

ਚੰਡੀਗੜ੍ਹ- 'ਆਪ' ਦੇ ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਪੰਜਾਬ ਦੇ ਉੱਭਰਦੇ ਖਿਡਾਰੀਆਂ ਲਈ ਬਿਹਤਰ ਸਹੂਲਤਾਂ ਦਾ ਮੁੱਦਾ ਅੱਜ ਸੰਸਦ ਵਿੱਚ ਚੁੱਕਿਆ। ਸ੍ਰੀ ਕੰਗ ਨੇ ਸਾਬਕਾ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ ਨੂੰ ਭਾਰਤ ਰਤਨ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਬਲਬੀਰ ਸਿੰਘ ਸੀਨੀਅਰ ਵਰਗੇ ਖਿਡਾਰੀਆਂ ਨੂੰ ਉੱਚਤਮ ਸਨਮਾਨ ਦੇਣ ਨਾਲ ਸਾਡੇ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਪ੍ਰੇਰਿਤ ਕੀਤਾ ਜਾਵੇਗਾ।

ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਬੁੱਢੇ ਨਾਲੇ ਦੇ ਦੂਸ਼ਿਤ ਪਾਣੀ ਕਾਰਨ ਸਤਲੁਜ ਦਰਿਆ ਦਾ ਪਾਣੀ ਗੰਧਲਾ ਹੋਣ ਦਾ ਮੁੱਦਾ ਅੱਜ ਇਕ ਲਿਖਤੀ ਸਵਾਲ ਰਾਹੀਂ ਰਾਜ ਸਭਾ 'ਚ ਚੁੱਕਿਆ ਹੈ।

ਸੰਧੂ ਨੇ ਸਦਨ ਦੇ ਚੇਅਰਮੈਨ ਅੱਗੇ ਬੁੱਢੇ ਨਾਲੇ ਦੇ ਪ੍ਰਦੂਸ਼ਣ ਨਾਲ ਮਨੁੱਖੀ ਤੇ ਜਨ ਜੀਵਨ ਉੱਪਰ ਮਾਰੂ ਅਸਰ ਬਾਰੇ ਤੌਖਲੇ ਪ੍ਰਗਟ ਕੀਤੇ।

ਉਨ੍ਹਾਂ ਬੁੱਢੇ ਨਾਲੇ ਦੇ ਪ੍ਰਦੂਸ਼ਣ ਦੇ ਸਤਲੁਜ ਦੇ ਪਾਣੀ 'ਤੇ ਅਸਰ ਪੈਣ ਦਾ ਮੁੱਦਾ ਚੁੱਕਦਿਆਂ ਇਸ ਦੇ ਹੱਲ ਲਈ ਚੁੱਕੇ ਗਏ ਕਦਮਾਂ ਬਾਰੇ ਪੁੱਛਿਆ।


**TANVIR Tour & Travels FRESNO**
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

ਟਰੰਪ 'ਤੇ ਜਾਨਲੇਵਾ ਹਮਲਾ

# ਕੌਣ ਹੈ 20 ਸਾਲਾ ਥੌਮਸ ਮੈਥਿਊ ਕਰੂਕਸ, ਜਿਸ ਨੇ ਚਲਾਈ ਸੀ ਗੋਲੀ

ਅਮਰੀਕਾ ਦੇ ਪੈਨਸਿਲਵੇਨੀਆ ਦੇ ਪਿਟਸਬਰਗ ਦਾ ਬੈਥਲ ਪਾਰਕ ਉਦੋਂ ਤੋਂ ਚਰਚਾ ਵਿੱਚ ਹੈ ਜਦੋਂ ਤੋਂ ਐਫਬੀਆਈ ਨੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ 'ਤੇ ਹਮਲਾ ਕਰਨ ਵਾਲੇ ਥੌਮਸ ਮੈਥਿਊ ਕਰੂਕਸ ਦਾ ਨਾਮ ਦੱਸਿਆ ਹੈ। ਜਾਂਚ ਵਿੱਚ ਇਹ ਮੰਨਿਆ ਜਾ ਰਿਹਾ ਹੈ ਕਿ ਕਰੂਕਸ ਕੋਲ ਸੈਮੀ ਆਟੋਮੈਟਿਕ ਏਆਰ-15 ਰਾਇਫਲ ਸੀ, ਜਿਸ ਨਾਲ ਉਸ ਨੇ ਸਾਬਕਾ ਰਾਸ਼ਟਰਪਤੀ 'ਤੇ ਉਦੋਂ ਗੋਲੀਆਂ ਚਲਾਈਆਂ ਜਦੋਂ ਉਹ ਪੈਨਸਿਲਵੇਨੀਆ ਦੇ ਬਟਲਰ ਵਿੱਚ ਭੀੜ ਨੂੰ ਸੰਬੋਧਨ ਕਰ ਰਹੇ ਸਨ, ਹਮਲੇ ਵਿੱਚ ਇੱਕ ਦਰਸ਼ਕ ਦੀ ਮੌਤ ਹੋ ਗਈ ਜਦੋਂ ਕਿ 2 ਫੱਟੜ ਹਨ।ਅਧਿਕਾਰੀਆਂ ਨੇ ਦੱਸਿਆ ਕਿ ਰਸੋਈ ਵਿੱਚ ਕੰਮ ਕਰਨ ਵਾਲੇ 20 ਸਾਲ ਦੇ ਮੁੰਡੇ ਨੂੰ ਸੀਕ੍ਰੇਟ ਸਰਵਿਸ ਸਨਾਈਪਰ ਨੇ ਮੌਕੇ 'ਤੇ ਗੋਲੀ ਮਾਰਕੇ ਮਾਰ ਦਿੱਤਾ ਸੀ। ਹਾਲਾਂਕਿ, ਉਸਦੇ ਜੱਦੀ ਸ਼ਹਿਰ ਵਿੱਚ ਗੁਆਂਢੀ ਸਦਮੇ ਵਿੱਚ ਹਨ। ਉਹ ਇਹ ਸਮਝਣ ਵਿੱਚ ਅਸਮਰੱਥ ਹਨ ਕਿ ਆਖਿਰ ਇੱਕ ਸ਼ਾਂਤ ਨੌਜਵਾਨ ਨੂੰ ਗੋਲੀਬਾਰੀ ਦਾ ਦੋਸ਼ੀ ਕਿਵੇਂ ਬਣਾਇਆ ਗਿਆ ਹੈ। ਐਫਬੀਆਈ ਨੇ ਦੱਸਿਆ ਹੈ ਕਿ ਸਿਰਫ ਕਰੂਕਸ ਹੀ "ਸਾਬਕਾ ਰਾਸ਼ਟਰਪਤੀ ਦੇ ਕਤਲ ਦੀ ਕੋਸ਼ਿਸ਼ ਵਿੱਚ ਸ਼ਾਮਲ ਸੀ ਅਤੇ ਜਾਂਚ ਚੱਲ ਰਹੀ ਹੈ।"

**ਕੌਣ ਸੀ ਥੌਮਸ ਮੈਥਿਊ ਕਰੂਕਸ**



ਐਫਬੀਆਈ ਨੇ ਕਿਹਾ ਕਿ ਥੌਮਸ ਕਰੂਕਸ ਕੋਲ ਆਈਡੀ ਨਹੀਂ ਸੀ, ਇਸ ਲਈ ਜਾਂਚ ਵੇਲੇ ਉਸ ਦੀ ਪਛਾਣ ਕਰਨ ਲਈ ਡੀਐਨਏ ਅਤੇ ਚਿਹਰੇ ਦੀ ਪਛਾਣ ਕਰਨ ਵਾਲੀ ਤਕਨੀਕ ਦੀ ਵਰਤੋਂ ਕੀਤੀ ਗਈ। ਉਹ ਪੈਨਸਿਲਵੇਨੀਆ ਦੇ ਬੈਥਲ ਪਾਰਕ ਤੋਂ ਸੀ ਜੋ ਕਤਲ ਦੀ ਕੋਸ਼ਿਸ਼ ਦੀ ਥਾਂ ਤੋਂ ਲਗਭਗ 70 ਕਿਲੋਮੀਟਰ (43 ਮੀਲ) ਦੂਰ ਹੈ। ਇੱਕ ਸਥਾਨਕ ਅਖ਼ਬਾਰ ਦੇ ਅਨੁਸਾਰ, ਗਣਿਤ ਅਤੇ ਵਿਗਿਆਨ ਲਈ 500 ਡਾਲਰ ਦਾ ਇਨਾਮ ਹਾਸਿਲ ਕਰ ਬੈਥਲ ਪਾਰਕ ਹਾਈ ਸਕੂਲ ਤੋਂ 2022 ਵਿੱਚ ਗ੍ਰੈਜੂਏਟ ਹੋਇਆ। ਕਰੂਕਸ ਆਪਣੇ ਘਰ ਤੋਂ ਥੋੜ੍ਹੀ ਦੂਰੀ 'ਤੇ ਇੱਕ ਸਥਾਨਕ ਨਰਸਿੰਗ ਹੋਮ ਦੀ ਰਸੋਈ ਵਿੱਚ ਕੰਮ ਕਰਦਾ ਸੀ। ਯੂਐਸ ਮੀਡੀਆ ਦੇ ਮੁਤਾਬਕ, ਰਾਜ ਦੇ ਵੋਟਰ ਰਿਕਾਰਡ ਦਰਸਾਉਂਦੇ ਹਨ ਕਿ ਉਹ ਇੱਕ ਰਜਿਸਟਰਡ ਰਿਪਬਲਿਕਨ ਸੀ। ਇਹ ਵੀ ਰਿਪੋਰਟ ਕੀਤਾ ਗਿਆ ਕਿ ਉਸ ਨੇ 2021 ਵਿੱਚ ਲਿਬਰਲ ਕੈਂਪੇਨ ਗਰੁੱਪ ਐਕਟ ਬਲੂ ਨੂੰ 15 ਡਾਲਰ ਦੀ ਚੰਦਾ ਦਿੱਤਾ ਸੀ। ਉਸ ਕੋਲ ਇੱਕ ਸਥਾਨਕ ਸ਼ੂਟਿੰਗ ਕਲੱਬ, ਕਲੇਅਰਟਨ ਸਪੋਰਟਸਮੈਨਜ਼ ਕਲੱਬ ਦੀ ਘੱਟੋ-ਘੱਟ ਇੱਕ ਸਾਲ ਦੀ ਮੈਂਬਰਸ਼ਿਪ ਸੀ। ਲਾਅ ਇਨਫੋਰਸਮੈਂਟ ਦੇ ਅਧਿਕਾਰੀ ਮੰਨਦੇ ਹਨ ਕਿ ਡੌਨਲਡ ਟਰੰਪ 'ਤੇ ਹਮਲਾ ਕਰਨ ਲਈ ਜੋ ਹਥਿਆਰ ਵਰਤਿਆ ਗਿਆ ਉਹ ਕਰੂਕਸ ਦੇ ਪਿਤਾ ਵੱਲੋਂ ਖਰੀਦਿਆ ਗਿਆ ਸੀ। ਨਾਮ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਬੋਲਦਿਆਂ ਦੋ ਅਧਿਕਾਰੀਆਂ ਨੇ ਨਿਊਜ਼ ਏਜੰਸੀ ਏਪੀ ਨੂੰ ਦੱਸਿਆ ਕਿ ਕਰੂਕਸ ਦੇ ਪਿਤਾ ਨੇ ਹਥਿਆਰ ਕਰੀਬ 6 ਮਹੀਨੇ ਪਹਿਲਾਂ ਖਰੀਦਿਆ ਸੀ।



ਯੂਐਸ ਮੀਡੀਆ ਰਿਪੋਰਟਾਂ ਦੇ ਅਨੁਸਾਰ, ਕਰੂਕਸ ਨੇ ਡੈਮੋਲਸ਼ਨ ਰੈਂਚ ਦੀ ਇੱਕ ਟੀ-ਸ਼ਰਟ ਪਹਿਨੀ ਹੋਈ ਸੀ, ਜੋ ਕਿ ਇੱਕ ਯੂਟਿਊਬ ਚੈਨਲ ਹੈ ਜੋ ਬੰਦੂਕਾਂ ਨਾਲ ਸਬੰਧਿਤ ਸਮੱਗਰੀ ਲਈ ਜਾਣਿਆ ਜਾਂਦਾ ਹੈ। ਇਸ ਚੈਨਲ ਦੇ ਲੱਖਾਂ ਸਬਸਕ੍ਰਾਈਬਰ ਹਨ। ਵੀਡੀਓਜ਼ ਵਿੱਚ ਵੱਖ-ਵੱਖ ਬੰਦੂਕਾਂ ਅਤੇ ਵਿਸਫੋਟਕ ਯੰਤਰਾਂ ਦੀਆਂ ਵੀਡੀਓਜ਼ ਦਿਖਾਈਆਂ ਜਾਂਦੀਆਂ ਹਨ। ਗੋਲੀਬਾਰੀ ਦੇ ਇੱਕ ਦਿਨ ਬਾਅਦ , ਲਾਅ ਇਨਫੋਰਸਮੈਂਟ ਦੇ ਅਧਿਕਾਰੀਆਂ ਨੇ ਯੂਐੱਸ ਵਿੱਚ ਬੀਬੀਸੀ ਦੇ ਸਹਿਯੋਗੀ ਸੀਬੀਐੱਸ ਨੂੰ ਦੱਸਿਆ ਕਿ ਕਰੂਕਸ ਦੇ ਵਾਹਨ 'ਤੇ ਸ਼ੱਕੀ ਉਪਕਰਣ ਮਿਲੇ ਹਨ । ਸ਼ੱਕੀ ਕੋਲ ਵਪਾਰਕ ਤੌਰ 'ਤੇ ਉਪਲੱਬਧ ਇੱਕ ਉਪਕਰਣ ਸੀ ਜੋ ਡਿਵਾਈਸ ਨੂੰ ਸ਼ੁਰੂ ਕਰਨ ਵਿੱਚ ਸਮੱਰਥ ਲੱਗਦਾ ਹੈ। ਬੰਬ ਟੈਕਨੀਸ਼ੀਅਨ ਨੂੰ ਮੌਕੇ 'ਤੇ ਸੱਦਿਆ ਗਿਆ ਤਾਂ ਜੋ ਮੌਕੇ ਨੂੰ ਸੰਭਾਲਿਆ ਜਾ ਸਕੇ ਅਤੇ ਯੰਤਰਾਂ ਦੀ ਜਾਂਚ ਕੀਤੀ ਜਾ ਸਕੇ।

**ਉਸ ਨੇ ਅਜਿਹਾ ਕਿਉਂ ਕੀਤਾ?**

ਕਰੂਕਸ ਦੀ ਪਛਾਣ ਕਰਨ ਤੋਂ ਬਾਅਦ ਹੁਣ ਪੁਲਿਸ ਅਤੇ ਏਜੰਸੀਆਂ ਹਮਲੇ ਪਿੱਛੇ ਉਸਦਾ ਮਕਸਦ ਪਤਾ ਕਰਨ ਵਿੱਚ ਲੱਗੀਆਂ ਹਨ । ਪਿਟਸਬਰ ਵਿੱਚ ਐੱਫਬੀਆਈ ਦੇ ਸਪੈਸ਼ਲ ਏਜੰਟ ਕੇਵਿਨ ਰੋਜੈਕ ਨੇ ਸ਼ਨਿੱਚਰਵਾਰ ਰਾਤ ਨੂੰ ਦੱਸਿਆ, "ਸਾਨੂੰ ਅਜੇ ਉਸ ਦੇ ਮਕਸਦ ਬਾਰੇ ਪਤਾ ਨਹੀਂ ਲੱਗਿਆ ਹੈ।" ਕੇਵਿਨ ਰੋਜੈਕ ਨੇ ਕਿਹਾ ਕਿ ਜਾਂਚ ਜਾਰੀ ਹੈ ਇਹ ਕਈ ਮਹੀਨੇ ਚੱਲ ਸਕਦੀ ਹੈ। ਜਾਂਚਕਰਤਾ ਲਗਾਤਾਰ ਕੰਮ ਕਰਨਗੇ ਅਤੇ ਇਹ ਪਤਾ ਲਾਉਣਗੇ ਕਿ ਕਰੂਕਸ ਦਾ ਮਕਸਦ ਕੀ ਸੀ। ਮੀਡੀਆ ਨਾਲ ਗੱਲ ਕਰਦਿਆਂ ਕਰੂਕਸ ਦੇ ਪਿਤਾ ਮੈਥਿਊ ਕਰੂਕਸ ਨੇ ਦੱਸਿਆ ਕਿ ਉਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ "ਆਖਰ ਹੋ ਕੀ ਰਿਹਾ ਹੈ", ਪਰ ਉਦੋਂ ਤੱਕ ਇੰਤਜ਼ਾਰ ਕਰਨਗੇ ਜਦੋਂ ਤੱਕ ਆਪਣੇ ਪੁੱਤਰ ਬਾਰੇ ਲਾਅ ਇਨਫੋਰਸਮੈਂਟ ਨਾਲ ਗੱਲ ਨਹੀਂ ਕਰ ਲੈਂਦੇ। ਐੱਫਬੀਆਈ ਦੇ ਮੁਤਾਬਕ ਕਰੂਕਸ ਦਾ ਪਰਿਵਾਰ ਜਾਂਚਕਰਤਾਵਾਂ ਦੇ ਨਾਲ ਸਹਿਯੋਗ ਕਰ ਰਿਹਾ ਹੈ। ਪੁਲਿਸ ਨੇ ਕਰੂਕਸ ਦੇ ਘਰ ਨੂੰ ਜਾਣ ਵਾਲੀ ਸੜਕ ਬੰਦ ਕਰ ਦਿੱਤੀ ਹੈ ਜਿੱਥੇ ਉਹ ਆਪਣੇ ਮਾਪਿਆਂ ਨਾਲ ਰਹਿੰਦਾ ਸੀ ।ਗੁਆਂਢੀ ਨੇ ਸੀਬੀਐੱਸ ਨੂੰ ਦੱਸਿਆ ਕਿ ਅਧਿਕਾਰੀਆਂ ਨੇ ਬਿਨ੍ਹਾਂ ਕਿਸੇ ਚਿਤਾਵਨੀ ਦੇ ਉਨ੍ਹਾਂ ਨੂੰ ਉੱਥੋਂ ਹਟਾ ਦਿੱਤਾ ਹੈ। ਬੈਥਲ ਪਾਰਕ ਪੁਲਿਸ ਨੇ ਕਿਹਾ ਕਿ ਕਰੂਕਸ ਦੇ ਘਰ ਦੇ ਆਲੇ-ਦੁਆਲੇ ਬੰਬ ਹੋਣ ਬਾਰੇ ਜਾਂਚ ਪੜਤਾਲ ਕੀਤੀ ਜਾ ਰਹੀ ਸੀ। ਸੜਕਾਂ 'ਤੇ ਪੁਲਿਸ ਵਾਹਨਾਂ ਦੀ ਤੈਨਾਤੀ ਹੋਣ ਕਰਕੇ ਇਲਾਕੇ ਵਿੱਚ ਪਹੁੰਚ ਬਹੁਤ ਘੱਟ ਕੀਤੀ ਗਈ ਹੈ, ਸਿਰਫ ਉੱਥੇ ਰਹਿਣ ਵਾਲੇ ਲੋਕਾਂ ਨੂੰ ਹੀ ਆਉਣ-ਜਾਣ ਦੀ ਇਜਾਜ਼ਤ ਹੈ । ਲਾਅ ਇਨਫੋਰਸਮੈਂਟ ਦੇ ਸੂਤਰਾਂ ਨੇ ਸੀਬੀਐੱਸ ਨੂੰ ਦੱਸਿਆ ਕਿ ਉਹ ਮੰਨਦੇ ਹਨ ਕਿ ਗੋਲੀਬਾਰੀ ਦੀ ਵਿਉਂਤ ਕੁਝ ਹੱਦ ਤੱਕ ਪਹਿਲਾਂ ਹੋਈ ਸੀ। ਹਾਲਾਂਕਿ ਵਿਉਂਤ ਬਣਾਉਣ ਵਿੱਚ ਕਿੰਨਾ ਵਕਤ ਲੱਗਿਆ, ਇਹ ਜਾਂਚ ਦਾ ਵਿਸ਼ਾ ਹੈ । ਪੁਲਿਸ ਦਾ ਇਹ ਮੰਨਣਾ ਹੈ ਕਿ ਉਸ ਨੇ ਇਹ ਇਕੱਲੇ ਕੀਤਾ ਪਰ ਜਾਂਚਕਰਤਾ ਇਹ ਪਤਾ ਲਾਉਣ ਦੀ ਵੀ ਕੋਸ਼ਿਸ਼ ਕਰ ਰਹੇ ਹਨ ਕਿ ਕੀ ਕੋਈ ਉਸ ਦੇ ਨਾਲ ਰੈਲੀ ਵਿੱਚ ਆਇਆ ਸੀ। ਹੁਣ ਤੱਕ, ਸ਼ਸ਼ੋਪੰਜ ਵੀ ਹੈ ਅਤੇ ਸਥਿਤੀ ਵਿਵਾਦਪੂਰਨ ਵੀ ਹੈ -ਤਸਵੀਰ ਸਪਸ਼ਟ ਹੋ ਰਹੀ ਹੈ ਕਿ ਕਰੂਕਸ ਇਨਸਾਨ ਵਜੋਂ ਕਿਹੋ ਜਿਹਾ ਸੀ। ਉਹ ਸਥਾਨਕ ਨੌਜਵਾਨ ਜੋ ਉਸ ਨਾਲ ਸਕੂਲ ਜਾਇਆ ਕਰਦੇ ਸਨ, ਉਨ੍ਹਾਂ ਨੇ ਸਥਾਨਕ ਨਿਊਜ਼ ਆਊਟਲੈਟ ਕੇਡੀਕੇਏ ਨਾਲ ਗੱਲ ਕਰਦਿਆਂ ਦੱਸਿਆ ਕਿ ਉਹ ਇਕੱਲਾ ਰਹਿੰਦਾ ਸੀ ਅਤੇ ਅਕਸਰ ਹੀ ਧੱਕੇਸ਼ਾਹੀ ਦਾ ਸ਼ਿਕਾਰ ਹੁੰਦਾ ਸੀ । ਉਸਦੇ ਇੱਕ ਹੋਰ ਸਾਬਕਾ ਸਹਿਪਾਠੀ ਸਮਰ ਬਾਰਕਲੀ ਨੇ ਉਸ ਨੂੰ ਵੱਖਰਾ ਦੱਸਿਆ, ਉਹ ਦੱਸਦੇ ਹਨ , "ਉਸ ਦੇ ਇਮਤਿਹਾਨਾਂ ਵਿੱਚ ਹਮੇਸ਼ਾਂ ਚੰਗੇ ਅੰਕ ਆਉਂਦੇ ਸਨ" ਅਤੇ "ਇਤਿਹਾਸ ਨਾਲ ਉਸ ਨੂੰ ਕਾਫੀ ਲਗਾਅ ਸੀ।" ਨ੍ਹਾਂ ਨੇ ਕਿਹਾ ਕਿ ਇਉਂ ਲੱਗਦਾ ਸੀ ਕਿ ਸਰਕਾਰ ਅਤੇ ਇਤਿਹਾਸ ਬਾਰੇ ਉਹ ਸਭ ਕੁਝ ਜਾਣਦਾ ਸੀ। ਉਨ੍ਹਾਂ ਦੱਸਿਆ ਕਿ ਉਸ ਨੂੰ ਅਧਿਆਪਕਾਂ ਵੱਲੋਂ ਬਹੁਤ ਪਸੰਦ ਕੀਤਾ ਜਾਂਦਾ ਸੀ। ਜਦਕਿ ਬਾਕੀ ਉਸ ਨੂੰ ਸ਼ਾਂਤ ਇਨਸਾਨ ਵਜੋਂ ਜਾਣਦੇ ਸਨ। ਇੱਕ ਹੋਰ ਸਾਬਕਾ ਸਹਿਪਾਠੀ ਨੇ ਨਾਮ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਦੱਸਿਆ ਕਿ "ਮੈਂ ਕਿਸੇ ਬਾਰੇ ਨਹੀਂ ਸੋਚ ਸਕਦਾ ਜੋ ਉਸਨੂੰ ਚੰਗੀ ਤਰ੍ਹਾਂ ਜਾਣਦਾ ਸੀ, ਉਹ ਅਜਿਹਾ ਮੁੰਡਾ ਨਹੀਂ ਸੀ ਜਿਸ ਬਾਰੇ ਮੈਂ ਸੱਚਮੁੱਚ ਸੋਚਦਾ ਸੀ ਪਰ ਉਹ ਠੀਕ ਲੱਗ ਰਿਹਾ ਸੀ।"

2022 ਵਿੱਚ ਕਰੂਕਸ ਦੇ ਨਾਲ ਗ੍ਰੈਜੂਏਟ ਹੋਣ ਵਾਲੇ ਬੈਥਲ ਪਾਰਕ ਹਾਈ ਸਕੂਲ ਵਰਸਿਟੀ ਰਾਈਫਲ ਟੀਮ ਦੇ ਸਾਬਕਾ ਮੈਂਬਰ ਜੇਮਸਨ ਮੇਅਰ ਨੇ ਦੱਸਿਆ ਕਿ ਉਹ ਟੀਮ ਦਾ ਹਿੱਸਾ ਨਹੀਂ ਬਣ ਸਕਿਆ ਸੀ। ਜੇਮਸਨ ਮੇਅਰਸ ਨੇ ਅਗਾਂਹ ਦੱਸਿਆ , "ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਹ ਜੂਨੀਅਰ ਵਰਸਿਟੀ ਟੀਮ ਦਾ ਹਿੱਸਾ ਵੀ ਨਹੀਂ ਬਣ ਸਕਿਆ ਸੀ।" ਜੇਮਸਨ ਮੇਅਰਸ ਕਰੂਕਸ ਨੂੰ ਇੱਕ ਆਮ ਮੁੰਡੇ ਦੀ ਤਰ੍ਹਾਂ ਚੇਤੇ ਕਰਦੇ ਹਨ ਜੋ ਕਿਸੇ ਖ਼ਾਸ ਚੀਜ਼ ਲਈ ਮਸ਼ਹੂਰ ਨਹੀਂ ਸੀ। "ਉਹ ਚੰਗਾ ਬੱਚਾ ਸੀ ਜੋ ਕਦੇ ਕਿਸੇ ਬਾਰੇ ਮਾੜਾ ਨਹੀਂ ਬੋਲਦਾ ਸੀ ਅਤੇ ਮੈਂ ਕਦੇ ਨਹੀਂ ਸੋਚਿਆ ਸੀ ਕਿ ਉਹ ਕੁਝ ਵੀ ਕਰਨ ਦੇ ਸਮਰੱਥ ਹੈ ਜੋ ਮੈਂ ਉਸਨੂੰ ਪਿਛਲੇ ਕੁਝ ਦਿਨਾਂ ਵਿੱਚ ਕਰਦੇ ਦੇਖਿਆ ਹੈ।" ਭਾਈਚਾਰੇ ਦੇ ਲੋਕਾਂ ਨੇ ਕਿਹਾ ਕਿ ਉਹ ਹੈਰਾਨ ਹਨ ਕਿ ਗੋਲੀਬਾਰੀ ਦਾ ਕਥਿਤ ਦੋਸ਼ੀ ਬੈਥਲ ਪਾਰਕ ਦੀਆਂ ਸ਼ਾਂਤ, ਰੁੱਖਾਂ ਨਾਲ ਭਰੀਆਂ ਸੜਕਾਂ ਤੋਂ ਆ ਸਕਦਾ। ਉਨ੍ਹਾਂ ਵਿੱਚ ਜੇਸਨ ਮੈਕੀ ਨਾਮ ਦਾ ਇੱਕ 27 ਸਾਲਾ ਸਥਾਨਕ ਸ਼ਖ਼ਸ ਸੀ, ਜੋ ਕਰੂਕਸ ਨਿਵਾਸ ਦੇ ਨੇੜੇ ਰਹਿੰਦਾ ਸੀ ਅਤੇ ਜਦੋਂ ਕਰੂਕਸ ਵਿਦਿਆਰਥੀ ਸੀ ਉਦੋਂ ਉਹ ਉਸ ਸਕੂਲ ਵਿੱਚ ਕੰਮ ਕਰਿਆ ਕਰਦਾ ਸੀ। ਜੇਸਨ ਮੈਕੀ ਨੇ ਕਿਹਾ ,"ਇਹ ਸਿਰਫ ਹੈਰਾਨ ਕਰਨ ਵਾਲਾ ਹੈ, ਤੁਸੀਂ ਨਹੀਂ ਸੋਚੋਗੇ ਕਿ ਅਜਿਹੀ ਘਟਨਾ ਤੁਹਾਡੇ ਵਿਹੜੇ ਦੇ ਬਿਲਕੁਲ ਬਾਹਰ ਹੋਵੇਗੀ।"

**ਕੀ ਉਸ ਨੇ ਕਿਸੇ ਨੂੰ ਮਾਰਿਆ?**

ਤਿੰਨੋਂ ਪੀੜਤ ਬਾਲਗ ਆਦਮੀ ਸਨ ਅਤੇ ਰੈਲੀ ਵਿੱਚ ਦਰਸ਼ਕ ਸਨ। ਐਤਵਾਰ ਨੂੰ ਨਿਊਜ਼ ਕਾਨ-ਫਰੈਂਸ ਵਿੱਚ ਪੈਨਸਿਲਵੇਨੀਆ ਦੇ ਰਾਜਪਾਲ ਜੋਸ਼ ਸ਼ਾ-ਪੀਰੋ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ 50 ਸਾਲ ਦੇ ਵਾਲੰਟੀਅਰ ਫਾਇਰ ਚੀਫ, ਕੋਰੀ ਕੰਪੇਰਾਟੋਰ ਵਜੋਂ ਹੋਈ ਹੈ, ਉਨ੍ਹਾਂ ਦੀ ਮੌਤ ਉਦੋਂ ਹੋਈ ਜਦੋਂ ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਬਚਾਉਣ ਲਈ ਛਾਲ ਮਾਰੀ"। ਉਨ੍ਹਾਂ ਕਿਹਾ ਕਿ ਕੰਪੇਰਾਟੋਰ "ਹੀਰੋ ਵਾਂਗ ਮਰੇ"। ਇੱਕ ਗੋ ਫੰਡ ਮੀ ਪੇਜ, ਜੋ ਕਿ ਟਰੰਪ ਦੀ ਮੁਹਿੰਮ ਦੇ ਰਾਸ਼ਟਰੀ ਵਿੱਤ ਨਿਰਦੇਸ਼ਕ ਮੈਰੀਡੀਥ ਓ'ਰੂਰਕੇ ਵੱਲੋਂ ਬਣਾਇਆ ਗਿਆ ਹੈ ,ਇਸ ਨੂੰ ਹਮਲੇ ਦੇ ਕੁਝ ਘੰਟਿਆਂ ਬਾਅਦ ਜ਼ਖ਼ਮੀਆਂ ਦੇ ਪਰਿਵਾਰਾਂ ਨੂੰ ਦਾਨ ਦੇਣ ਦੇ ਨਾਲ ਸ਼ੁਰੂ ਕੀਤਾ ਗਿਆ ਸੀ। ਇਸ ਵਿੱਚ 2 ਕਰੋੜ 84 ਲੱਖ ਤੋਂ ਵੱਧ ਰੁਪਏ ($340,000) ਇਕੱਠੇ ਹੋ ਚੁੱਕੇ ਹਨ।

ਆਪਣੇ ਟਰੂਥ ਸੋਸ਼ਲ ਪਲੇਟਫਾਰਮ 'ਤੇ ਇੱਕ ਪੋਸਟ ਵਿੱਚ, ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਇੱਕ ਗੋਲੀ ਲੱਗੀ ਸੀ ਜੋ ਸੱਜੇ ਕੰਨ ਦੇ ਉਪਰਲੇ ਹਿੱਸੇ ਨੂੰ ਵਿੰਨ੍ਹਦੀ ਹੋਈ ਗਈ ਅਤੇ ਕਿਹਾ ਕਿ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਗੋਲੀ "ਚਮੜੀ ਵਿੱਚੋਂ ਨਿਕਲ ਕੇ ਗਈ"। ਟਰੰਪ ਦੇ ਕੰਨ ਅਤੇ ਚਿਹਰੇ 'ਤੇ ਖੂਨ ਦਿਖਾਈ ਦੇ ਰਿਹਾ ਸੀ ਕਿਉਂਕਿ ਸੁਰੱਖਿਆ ਅਧਿਕਾਰੀ ਉਨ੍ਹਾਂ ਨੂੰ ਭਜਾ ਕੇ ਲੈ ਗਏ ਸਨ। ਰਿਪਬਲਿਕਨ ਨੈਸ਼ਨਲ ਕਮੇਟੀ (ਆਰਐਨਸੀ) ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਇੱਕ ਬਿਆਨ ਦੇ ਅਨੁਸਾਰ, ਟਰੰਪ ਠੀਕ ਮਹਿਸੂਸ ਕਰ ਰਹੇ ਹਨ ਅਤੇ ਲਾਅ ਇਨਫੋਰਸਮੈਂਟ ਅਧਿਕਾਰੀਆਂ ਦੇ ਧੰਨਵਾਦੀ ਹਨ।

**ਉਹ ਡੌਨਲਡ ਟਰੰਪ ਤੋਂ ਕਿੰਨਾ ਦੂਰ ਸੀ?**

ਇੱਕ ਪ੍ਰਤੱਖਦਰਸ਼ੀ ਨੇ ਬੀਬੀਸੀ ਨੂੰ ਦੱਸਿਆ ਕਿ ਉਸ ਨੇ ਇੱਕ ਸ਼ਖ਼ਸ ਨੂੰ ਦੇਖਿਆ, ਜੋ ਕਰੂਕਸ ਮੰਨਿਆ ਜਾ ਰਿਹਾ, ਜੋ ਛੱਤ ਉੱਤੇ ਮੌਜੂਦ ਸੀ ਅਤੇ ਉਸ ਦੇ ਕੋਲ ਰਾਇਫਲ ਸੀ ਜਿਸ ਨਾਲ ਟਰੰਪ ਉੱਤੇ ਗੋਲੀ ਦਾਗੀ ਗਈ। ਟੀਐੱਮਜ਼ੈੱਡ ਵੱਲੋਂ ਹਾਸਿਲ ਕੀਤੀ ਗਈ ਵੀਡੀਓ ਵਿੱਚ ਉਹ ਪਲ ਦੇਖੇ ਗਏ ਜਦੋਂ ਗੋਲੀਬਾਰੀ ਸ਼ੁਰੂ ਹੋਈ ਸੀ। ਰਿਪੋਰਟਾਂ ਮੁਤਾਬਕ ਹਮਲਾਵਰ ਨੇ "ਏਆਰ-ਸਟਾਈਲ ਰਾਇਫਲ" ਨਾਲ ਗੋਲੀਬਾਰੀ ਕੀਤੀ।

ਲਾਅ ਇਸਫੋਰਸਮੈਂਟ ਸੂਤਰਾਂ ਨੇ ਵੀ ਦੱਸਿਆ ਕਿ ਇੱਕ ਰਾਹਗੀਰ ਨੇ ਜਾਣਕਾਰੀ ਦਿੱਤੀ ਅਤੇ ਪੁਲਿਸ ਵੱਲੋਂ ਸ਼ੱਕੀ ਵਿਅਕਤੀ ਵਜੋਂ ਉਸਦੀ ਪਛਾਣ ਕੀਤੀ ਗਈ ਸੀ,ਪਰ ਗੋਲੀਬਾਰੀ ਸ਼ੁਰੂ ਹੋਣ ਤੋਂ ਪਹਿਲਾਂ ਅਧਿਕਾਰੀ ਉਸ ਨੂੰ ਗੁਆ ਬੈਠੇ। ਭਾਵੇਂ, ਦਿ ਐਫਬੀਆਈ ਨੇ ਕਿਹਾ ਕਿ ਇੱਕਦਮ ਪਤਾ ਨਹੀਂ ਲੱਗਿਆ ਕਿ ਕਿਸ ਤਰ੍ਹਾਂ ਦੇ ਹਥਿਆਰ ਨਾਲ ਗੋਲੀਆਂ ਚੱਲੀਆਂ ਅਤੇ ਕਿੰਨੀਆਂ ਗੋਲੀਆਂ ਚਲਾਈਆਂ ਗਈਆਂ। ਐਸੋਸੀਏਟਿਡ ਪ੍ਰੈਸ ਨਿਊਜ਼ ਏਜੰਸੀ ਨੇ ਕਿਹਾ ਕਿ ਸੀਕ੍ਰੇਟ ਸਰਵਿਸ ਦੇ ਸਨਾਈਪਰ ਨੇ ਗੋਲੀਆਂ ਚਲਾਈਆਂ ਅਤੇ ਗਨਮੈਨ ਨੂੰ ਮਾਰ ਮੁਕਾਇਆ। ਬਾਅਦ ਵਿੱਚ ਫੁਟੇਜ ਵਿੱਚ ਵੀ ਇਹ ਦੇਖਿਆ ਗਿਆ ਕਿ ਅਧਿਕਾਰੀ ਇਮਾਰਤ ਦੀ ਛੱਤ 'ਤੇ ਮ੍ਰਿਤਕ ਦੇਹ ਲੈਣ ਲਈ ਜਾ ਰਹੇ ਹਨ ।

## ਅਮਰੀਕਾ 'ਚ ਕੁੜੱਤਣ ਭਰਪੂਰ ਸਿਆਸੀ ਮਾਹੌਲ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਜਾਨਲੇਵਾ ਹਮਲਾ ਇਕ ਬੇਹੱਦ ਗੰਭੀਰ ਘਟਨਾ ਹੈ। ਉਹ ਵਾਲ-ਵਾਲ ਬਚ ਗਏ ਪਰ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਵਾਲਾ ਜਿਸ ਤਰ੍ਹਾਂ ਉਨ੍ਹਾਂ 'ਤੇ ਗੋਲੀਆਂ ਵਰ੍ਹਾਉਣ ਵਿਚ ਕਾਮਯਾਬ ਰਿਹਾ, ਉਹ ਸੁਰੱਖਿਆ ਵਿਚ ਵੱਡੀ ਉਕਾਈ ਦਾ ਨਤੀਜਾ ਹੈ। ਹਮਲਾਵਰ ਕਿਉਂਕਿ ਮਾਰਿਆ ਗਿਆ ਹੈ, ਇਸ ਲਈ ਇਹ ਜਾਣਨਾ ਮੁਸ਼ਕਲ ਹੋ ਸਕਦਾ ਹੈ ਕਿ ਟਰੰਪ ਨੂੰ ਨਿਸ਼ਾਨਾ ਬਣਾਉਣ ਪਿੱਛੇ ਉਸ ਦਾ ਮਕਸਦ ਕੀ ਸੀ ਪਰ ਇਸ ਤੋਂ ਇਨਕਾਰ ਨਹੀਂ ਕਿ ਇਹ ਘਟਨਾ ਉਸ ਜ਼ਹਿਰੀਲੇ ਸਿਆਸੀ ਮਾਹੌਲ ਦਾ ਨਤੀਜਾ ਲੱਗਦੀ ਹੈ ਜੋ ਅਮਰੀਕਾ ਵਿਚ ਬੀਤੇ ਕੁਝ ਸਾਲਾਂ ਤੋਂ ਬਣਿਆ ਹੋਇਆ ਹੈ।

ਚਿੰਤਾ ਇਸ ਗੱਲ ਦੀ ਹੈ ਕਿ ਇਹ ਕੁੜੱਤਣ ਵਾਲਾ ਸਿਆਸੀ ਮਾਹੌਲ ਦਿਨ-ਬ-ਦਿਨ ਹੋਰ ਖ਼ਰਾਬ ਹੁੰਦਾ ਜਾ ਰਿਹਾ ਹੈ। ਅਮਰੀਕਾ ਇਸ ਸਮੇਂ ਸਿਆਸੀ ਤੇ ਵਿਚਾਰਧਾਰਕ ਤੌਰ 'ਤੇ ਇੰਨਾ ਜ਼ਿਆਦਾ ਪਾਟੋਧਾੜ ਦਾ ਸ਼ਿਕਾਰ ਹੈ ਕਿ ਉਸ ਦਾ ਮਾੜਾ ਅਸਰ ਪੂਰੇ ਸਮਾਜ 'ਤੇ ਪੈ ਰਿਹਾ ਹੈ। ਕਿਸੇ ਵੀ ਲੋਕਤੰਤਰ ਲਈ ਇਹ ਸਥਿਤੀ ਠੀਕ ਨਹੀਂ ਪਰ ਇਸ ਵਿਚ ਸ਼ੱਕ ਹੈ ਕਿ ਅਮਰੀਕਾ ਵਿਚ ਵਿਚਾਰਧਾਰਕ ਪਾਟੋਧਾੜ ਨੂੰ ਠੱਲ੍ਹ ਪਵੇਗੀ। ਅਮਰੀਕਾ ਵਿਚ



ਰਾਸ਼ਟਰਪਤੀ, ਸਾਬਕਾ ਰਾਸ਼ਟਰਪਤੀਆਂ ਤੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ 'ਤੇ ਹਮਲਿਆਂ ਦਾ ਇਕ ਇਤਿਹਾਸ ਰਿਹਾ ਹੈ।

ਇਨ੍ਹਾਂ ਹਮਲਿਆਂ ਵਿਚ ਕਈ ਨੇਤਾਵਾਂ ਦੀ ਜਾਨ ਵੀ ਜਾ ਚੁੱਕੀ ਹੈ। ਅਮਰੀਕਾ ਵਿਚ ਜਨਤਕ ਥਾਵਾਂ 'ਤੇ ਗੋਲੀਬਾਰੀ ਦੀਆਂ ਘਟਨਾਵਾਂ ਨਵੀਆਂ ਨਹੀਂ ਹਨ। ਇਹ ਘਟਨਾਵਾਂ ਅਮਰੀਕਾ ਵਿਚ ਪਸਰੇ ਬੰਦੂਕ ਸੱਭਿਆਚਾਰ ਦਾ ਨਤੀਜਾ ਹਨ। ਇਸ ਮਸਲੇ 'ਤੇ ਵੱਖ-ਵੱਖ ਪੱਧਰਾਂ 'ਤੇ ਚਿੰਤਾ ਜ਼ਾਹਰ ਕੀਤੀ ਜਾ ਚੁੱਕੀ ਹੈ ਪਰ ਕੋਈ ਵੀ ਉਸ 'ਤੇ ਰੋਕ ਲਗਾਉਣ ਲਈ ਤਿਆਰ ਨਹੀਂ। ਇਹ ਗੰਨ ਕਲਚਰ ਇਕ ਤਰ੍ਹਾਂ ਨਾਲ ਵਿਸ਼ਵ ਵਿਚ ਸਭ ਤੋਂ ਘਾਤਕ ਅੰਦਰੂਨੀ ਦਹਿਸ਼ਤ ਦਾ ਪ੍ਰਤੀਕ ਬਣ ਚੁੱਕਾ ਹੈ।

ਉਂਜ ਤਾਂ ਅਮਰੀਕਾ ਸਾਰੀ ਦੁਨੀਆ ਨੂੰ ਉਪਦੇਸ਼ ਦਿੰਦਾ ਰਹਿੰਦਾ ਹੈ ਪਰ ਉਹ ਇਹ ਦੇਖਣ-ਸਮਝਣ ਨੂੰ ਤਿਆਰ ਨਹੀਂ ਕਿ ਖ਼ੁਦ ਉਸ ਦੇ ਆਪਣੇ ਇੱਥੇ ਕੀ ਸਥਿਤੀ ਹੈ। ਡੋਨਾਲਡ ਟਰੰਪ 'ਤੇ ਇਕ ਅਜਿਹੇ ਸਮੇਂ ਹਮਲਾ ਹੋਇਆ ਹੈ ਜਦ ਰਾਸ਼ਟਰਪਤੀ ਅਹੁਦੇ ਲਈ ਉਨ੍ਹਾਂ ਦੀ ਦਾਅਵੇਦਾਰੀ 'ਤੇ ਮੋਹਰ ਲੱਗਣ ਵਾਲੀ ਹੈ। ਇਸ ਦੀ ਸੰਭਾਵਨਾ ਹੈ ਕਿ ਇਸ ਹਮਲੇ ਮਗਰੋਂ ਟਰੰਪ ਨੂੰ ਹਮਦਰਦੀ ਦਾ ਲਾਹਾ ਮਿਲੇਗਾ। ਇਸ ਨਾਲ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਦੀਆਂ ਮੁਸ਼ਕਲ ਵਧ ਸਕਦੀਆਂ ਹਨ। ਵੈਸੇ ਵੀ ਉਨ੍ਹਾਂ 'ਤੇ ਪਹਿਲਾਂ ਹੀ ਦਬਾਅ ਹੈ ਕਿ ਉਹ ਆਪਣੀ ਸਰੀਰਕ ਤੇ ਮਾਨਸਿਕ ਸਥਿਤੀ ਨੂੰ ਦੇਖਦੇ ਹੋਏ ਰਾਸ਼ਟਰਪਤੀ ਦੀ ਚੋਣ ਲੜਨ ਤੋਂ ਪਿੱਛੇ ਹਟ ਜਾਣ। ਅਮਰੀਕਾ ਕਿਉਂਕਿ ਵਿਸ਼ਵ ਦਾ ਸਭ ਤੋਂ ਮਜ਼ਬੂਤ ਲੋਕਤੰਤਰ ਹੈ ਤੇ ਆਲਮੀ ਸਿਆਸਤ ਨੂੰ ਕਿਤੇ ਡੂੰਘਾਈ ਨਾਲ ਪ੍ਰਭਾਵਿਤ ਕਰਦਾ ਹੈ, ਇਸ ਲਈ ਟਰੰਪ 'ਤੇ ਹਮਲੇ ਦੀ ਵੱਡੇ ਪੱਧਰ 'ਤੇ ਨਿੰਦਾ ਕੀਤੀ ਜਾ ਰਹੀ ਹੈ ਪਰ ਇਸ ਦੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ ਕਿ ਜਿਹੋ ਜਿਹਾ ਜ਼ਹਿਰੀਲਾ ਸਿਆਸੀ ਮਾਹੌਲ ਅਮਰੀਕਾ ਵਿਚ ਹੈ, ਉਹੋ ਜਿਹਾ ਹੋਰ ਦੇਸ਼ਾਂ ਵਿਚ ਵੀ ਬਣ ਚੁੱਕਾ ਹੈ।

# ਭਾਰਤ ਅਮਰੀਕਾ ਰਿਸ਼ਤਿਆਂ ਦੇ ਦੁਵੱਲੇ ਪ੍ਰਸੰਗ



ਜੀ ਪਾਰਥਾਸਾਰਥੀ

ਭਾਰਤ ਵਿਚ ਹਾਲੀਆ ਚੋਣਾਂ ਤੋਂ ਬਾਅਦ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੁਲੀਸ਼ਨ ਸਰਕਾਰ ਬਣ ਗਈ ਹੈ; ਅਮਰੀਕਾ ਵਿਚ ਹੋਣ ਵਾਲੀ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਕਰ ਕੇ ਉੱਥੋਂ ਦਾ ਸਮੁੱਚਾ ਸਿਆਸੀ ਕਾਰਵਿਹਾਰ ਭੰਬਲਭੂਸੇ ਵਿਚ ਘਿਰ ਗਿਆ ਹੈ। ਇਸ ਅਹੁਦੇ ਲਈ ਦਾਅਵੇਦਾਰ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਅਤੇ ਡੋਨਲਡ ਟਰੰਪ ਦੇ ਸਬੰਧ ਪਹਿਲਾਂ ਤੋਂ ਹੀ ਅੱਛੇ ਨਹੀਂ ਰਹੇ। ਪਿਛਲੀ ਚੋਣ ਵਿਚ ਬਾਇਡਨ ਨੇ ਉਸ ਵੇਲੇ ਦੇ ਰਾਸ਼ਟਰਪਤੀ ਟਰੰਪ ਨੂੰ ਮਾਤ ਦੇ ਦਿੱਤੀ ਸੀ। ਇਸ ਸਮੇਂ ਇਸ ਚੋਣ ਨੂੰ ਲੈ ਕੇ ਦੁਨੀਆ ਭਰ ਵਿਚ ਭੰਬਲਭੂਸਾ ਹੈ। ਬਾਇਡਨ ਸਰੀਰਕ ਤੌਰ 'ਤੇ ਫਿੱਟ ਨਜ਼ਰ ਨਹੀਂ ਆ ਰਹੇ ਅਤੇ ਉਨ੍ਹਾਂ ਟਰੰਪ ਨਾਲ ਟੈਲੀਵਿਜ਼ਨ 'ਤੇ ਹੋਈ ਸਿੱਧੀ ਬਹਿਸ ਵਿਚ ਆਪਣੀਆਂ ਸਰੀਰਕ ਕਮਜ਼ੋਰੀਆਂ ਦੀ ਗੱਲ ਸ਼ਰੇਆਮ ਕਬੂਲ ਵੀ ਕੀਤੀ ਹੈ। ਅਮਰੀਕਾ ਦੇ ਬਹੁਤ ਸਾਰੇ ਤਬਕੇ ਆਪਣੇ ਰਾਸ਼ਟਰਪਤੀ ਦੀ ਸਿਹਤ ਬਾਰੇ ਖੁਲਾਸੇ ਸੁਣ ਕੇ ਕਾਫ਼ੀ ਮਾਯੂਸ ਹੋਏ ਹਨ। ਇਸ ਤੋਂ ਇਲਾਵਾ ਇਹ ਵੀ ਨਜ਼ਰ ਆ ਰਿਹਾ ਹੈ ਕਿ ਰਾਸ਼ਟਰਪਤੀ ਦੀ ਇਸ ਚੋਣ ਦੌਰਾਨ ਅਮਰੀਕੀ ਸੁਪਰੀਮ ਕੋਰਟ ਦੀ ਨਿਰਪੱਖਤਾ ਵੀ ਸ਼ੱਕੀ ਹੋਵੇਗੀ।

ਸੰਕੇਤ ਹਨ ਕਿ ਬਾਇਡਨ ਨੂੰ ਚੋਣ ਮੈਦਾਨ 'ਚੋਂ ਹਟਣਾ ਪਵੇਗਾ ਨਹੀਂ ਤਾਂ ਹਾਰ ਦਾ ਮੂੰਹ ਦੇਖਣਾ ਪਵੇਗਾ। ਟਰੰਪ ਦੇ ਮੁਕਾਬਲੇ ਉਨ੍ਹਾਂ ਦੀ ਜਿੱਤ ਦੇ ਆਸਾਰ ਬਹੁਤ ਮੱਧਮ ਹਨ। ਕੁਝ ਵੀ ਹੋਵੇ ਪਰ ਬਾਇਡਨ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਅਤੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਦੇ ਆਪਣੇ ਭਾਰਤੀ ਹਮਰੁਤਬਾ ਨਾਲ ਰਿਸ਼ਤੇ ਕਾਫ਼ੀ ਵਧੀਆ ਹਨ। ਨਵੀਂ ਦਿੱਲੀ ਅਤੇ ਵਾਸ਼ਿੰਗਟਨ ਵਿਚਕਾਰ ਸਬੰਧਾਂ ਨੂੰ ਸੁਚਾਰੂ ਰੱਖਣ ਲਈ ਇਹ ਰਿਸ਼ਤੇ ਅਹਿਮ ਹੁੰਦੇ ਹਨ। ਹਾਲ ਹੀ ਵਿਚ ਨਿਯੁਕਤ ਕੀਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਅਮਰੀਕਾ ਤੇ ਚੀਨ ਵਿਚ ਸੇਵਾਵਾਂ ਨਿਭਾਈਆਂ ਹਨ ਅਤੇ ਉਹ ਅਮਰੀਕਾ ਤੇ ਚੀਨ, ਦੋਵਾਂ ਨਾਲ ਹੁਨਰਮੰਦੀ ਨਾਲ ਨਜਿੱਠਣ ਦੇ ਸਮਰੱਥ ਹਨ। ਹੁਣ ਇਹ ਗੱਲ ਸਾਫ਼ ਹੋ ਗਈ ਹੈ ਕਿ ਭਾਰਤ ਦੀਆਂ ਨੀਤੀਆਂ ਦਾ ਮੁੱਖ ਫੋਕਸ ਪੂਰਬ ਵਿਚ ਮਲੱਕਾ ਜਲਡਮਰੂ ਤੋਂ ਲੈ ਕੇ ਪੱਛਮ ਵਿਚ ਹਰਮੂਜ਼ ਜਲਡਮਰੂ ਤੱਕ ਪੈਂਦੇ ਆਪਣੇ ਆਂਢ-ਗੁਆਂਢ ਦੇ ਦੇਸ਼ਾਂ ਨਾਲ ਮਜ਼ਬੂਤ ਰਿਸ਼ਤੇ ਉਸਾਰਨ 'ਤੇ ਰਹੇਗਾ।

ਟਰੰਪ ਰਾਸ਼ਟਰਪਤੀ ਸੀ ਤਾਂ ਉਸ ਦੇ ਪ੍ਰਧਾਨ ਮੰਤਰੀ ਮੋਦੀ ਨਾਲ ਸਬੰਧ ਕਾਫ਼ੀ ਨਿੱਘੇ ਸਨ; ਰਾਸ਼ਟਰਪਤੀ ਬਾਇਡਨ ਬਾਰੇ ਇਹ ਗੱਲ ਕਹਿਣੀ ਮੁਸ਼ਕਿਲ ਹੈ। ਸਪੱਸ਼ਟ ਹੈ ਕਿ ਹਾਲ ਹੀ 'ਚ ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਬਿਆਨ ਲਈ ਰਾਸ਼ਟਰਪਤੀ ਬਾਇਡਨ ਜ਼ਿੰਮੇਵਾਰ ਹਨ ਜਿਸ ਵਿਚ ਕਿਹਾ ਗਿਆ: "ਭਾਰਤ ਵਿਚ ਅਸੀਂ ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ, ਨਫ਼ਰਤੀ ਭਾਸ਼ਣਾਂ, ਘੱਟਗਿਣਤੀ ਧਰਮਾਂ ਦੇ ਲੋਕਾਂ ਦੇ ਘਰ, ਧਾਰਮਿਕ ਸਥਾਨਾਂ ਨੂੰ ਢਾਹੇ ਜਾਣ ਦੀਆਂ ਵਾਰਦਾਤਾਂ ਵਿਚ ਚਿੰਤਾਜਨਕ ਵਾਧਾ ਹੁੰਦੇ ਦੇਖਿਆ ਹੈ।" ਕੋਈ ਹੈਰਾਨੀ ਦੀ ਗੱਲ ਨਹੀਂ ਕਿ ਮੋਦੀ ਰੂਸ ਦੇ ਰਾਸ਼ਟਰਪਤੀ ਪੂਤਿਨ ਨਾਲ ਮੁਲਾਕਾਤ ਲਈ ਮਾਸਕੋ ਜਾ ਰਹੇ ਹਨ ਜਿਨ੍ਹਾਂ ਦੇ ਉਨ੍ਹਾਂ ਨਾਲ ਨਾ ਕੇਵਲ ਦੋਸਤਾਨਾ ਤੇ ਹਮਦਰਦਾਨਾ ਸਬੰਧ ਹਨ ਸਗੋਂ ਭਾਰਤ ਬਾਰੇ ਬੋਲਣ ਸਮੇਂ ਕਾਫ਼ੀ ਸੰਜਮ ਤੇ ਸਤਿਕਾਰ ਤੋਂ ਕੰਮ ਲੈਂਦੇ ਹਨ।

ਉਂਝ, ਇਨ੍ਹਾਂ ਸਾਰੀਆਂ ਘਟਨਾਵਾਂ ਅਤੇ ਮੱਤਭੇਦਾਂ ਦੇ ਬਾਵਜੂਦ ਭਾਰਤ ਅਤੇ ਅਮਰੀਕਾ ਦੇ ਸਬੰਧ ਸਮਾਂ ਪਾ ਕੇ ਮਜ਼ਬੂਤ ਹੁੰਦੇ ਰਹੇ ਹਨ। ਇਸ ਦੌਰਾਨ ਭਾਰਤ ਦੇ ਬਰਤਾਨੀਆ ਨਾਲ ਸਬੰਧਾਂ ਨੂੰ ਦੋਵਾਂ ਪਾਰਟੀਆਂ ਦੀ ਹਮਾਇਤ ਹਾਸਲ ਹੈ ਅਤੇ ਲੇਬਰ ਤੇ ਕੰਜ਼ਰਵੇਟਿਵ, ਦੋਵਾਂ ਮੁੱਖ ਪਾਰਟੀਆਂ ਨਾਲ ਸਬੰਧ ਮਜ਼ਬੂਤ ਹੋਏ ਹਨ। ਯੂਰੋਪ ਅੰਦਰ ਵੀ ਇਹੋ ਜਿਹਾ ਦ੍ਰਿਸ਼ਟੀਕੋਣ ਚੱਲ ਰਿਹਾ ਹੈ ਅਤੇ ਫਰਾਂਸ ਤੇ ਜਰਮਨੀ ਨਾਲ ਸਬੰਧਾਂ ਵਿਚ ਸੁਧਾਰ ਆਇਆ ਹੈ। ਫਰਾਂਸ ਨੇ ਭਾਰਤ ਨੂੰ ਕਈ ਕਿਸਮ ਦੇ ਹਥਿਆਰ ਵੇਚੇ ਹਨ ਜਿਨ੍ਹਾਂ ਵਿਚ ਮਿਰਾਜ-2000 ਲੜਾਕੂ ਜਹਾਜ਼ ਤੋਂ ਲੈ ਕੇ 36 ਰਾਫੇਲ ਲੜਾਕੂ ਜਹਾਜ਼ ਸ਼ਾਮਲ ਹਨ; 26 ਹੋਰ ਜਹਾਜ਼ ਖਰੀਦਣ ਲਈ ਗੱਲਬਾਤ ਚੱਲ ਰਹੀ ਹੈ। ਇਹ ਸੌਦਾ ਫਰਾਂਸ ਤੋਂ ਪਹਿਲਾਂ ਖਰੀਦੀਆਂ ਪਣਡੁੱਬੀਆਂ ਦੇ ਸੌਦੇ ਦਾ ਹੀ ਹਿੱਸਾ ਸੀ।



ਵਡੇਰੇ ਜ਼ਾਵੀਏ ਤੋਂ ਇਕ ਹੋਰ ਅਹਿਮ ਪਹਿਲੂ ਦਿਮਾਗ ਵਿਚ ਰੱਖਣਾ ਚਾਹੀਦਾ ਹੈ ਕਿ ਭਾਰਤ ਅਮਰੀਕਾ ਸਬੰਧਾਂ ਦੇ ਇਸ ਪ੍ਰਸੰਗ ਵਿਚ ਹੋਰ ਆਲਮੀ ਤਾਕਤਾਂ ਨਾਲ ਭਾਰਤ ਦੇ ਸਬੰਧਾਂ ਨੂੰ ਕਿਵੇਂ ਸਥਾਪਤ ਕੀਤਾ ਗਿਆ ਹੈ। ਹੁਣ ਇਸ ਗੱਲ 'ਤੇ ਫੋਕਸ ਵਧ ਰਿਹਾ ਹੈ ਕਿ ਚੀਨ ਦੀ ਵਧ ਰਹੀ ਤਾਕਤ ਨਾਲ ਭਾਰਤ ਕਿਵੇਂ ਸਿੱਝੇਗਾ। ਇਹ ਗੱਲ ਖ਼ਾਸ ਤੌਰ 'ਤੇ ਭਾਰਤ ਦੇ ਆਂਢ-ਗੁਆਂਢ ਵਿਚ ਦੇਖੀ ਜਾ ਰਹੀ ਹੈ ਜਿੱਥੇ ਚੀਨ ਦੀ ਤਾਕਤ ਤੇ ਪ੍ਰਭਾਵ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਇਸ ਨਾਲ ਨਿਸ਼ਚਤ ਤੌਰ 'ਤੇ ਭਾਰਤ ਦੀ ਕੌਮੀ ਸੁਰੱਖਿਆ ਤੇ ਆਰਥਿਕ ਹਿੱਤ ਪ੍ਰਭਾਵਿਤ ਹੋਣਗੇ।

ਚੀਨ ਨੂੰ ਯੂਰੋਪੀਅਨ ਯੂਨੀਅਨ 'ਭਾਈਵਾਲ' ਵਜੋਂ ਦੇਖਦੀ ਹੈ ਪਰ ਨਾਲ ਹੀ ਇਹ ਚੀਨ ਨੂੰ ਖ਼ਤਰਨਾਕ ਦੁਸ਼ਮਣ ਵੀ ਮੰਨਦੀ ਹੈ। ਇਸ ਦਾ ਦਾਅਵਾ ਹੈ ਕਿ ਵਿੱਤੀ ਧੌਂਸ ਨਾਲ ਵਿਦੇਸ਼ 'ਚ ਵੱਧ ਰੋਹਬਦਾਰ ਪੈਂਤੜਾ ਅਪਣਾ ਰਿਹਾ ਚੀਨ ਸੰਸਾਰ ਨਾਲ ਘੱਟ ਹੀ ਘੁਲ-ਮਿਲ ਰਿਹਾ ਹੈ। ਚੀਨ ਦੀਆਂ ਨੀਤੀਆਂ ਯੂਰੋਪੀਅਨ ਯੂਨੀਅਨ ਨਾਲ ਇਸ ਦੇ ਵਪਾਰਕ ਸਬੰਧਾਂ ਦਾ ਸੰਤੁਲਨ ਖਰਾਬ ਕਰ ਰਹੀਆਂ ਹਨ। ਯੂਰੋਪੀਅਨ ਯੂਨੀਅਨ ਹੁਣ ਮੰਨਦੀ ਹੈ ਕਿ ਚੀਨ ਬਰਾਬਰੀ ਦੀ ਖੇਡ ਨਹੀਂ ਖੇਡਦਾ। ਪੇਈਚਿੰਗ ਤੇ ਮਾਸਕੋ ਦਰਮਿਆਨ ਕਰੀਬੀ ਰਿਸ਼ਤੇ ਵੀ ਯੂਰੋਪੀਅਨ ਯੂਨੀਅਨ ਦੇ ਫ਼ਿਕਰਾਂ ਵਿਚ ਵਾਧਾ ਕਰਦੇ ਹਨ। ਯੂਰੋਪੀਅਨ ਯੂਨੀਅਨ ਹਾਲਾਂਕਿ ਜ਼ਿਆਦਾਤਰ ਸੁਰੱਖਿਆ ਦੇ ਮੁੱਦਿਆਂ 'ਤੇ ਅਮਰੀਕਾ ਦਾ ਜੂਨੀਅਰ ਸਾਥੀ ਬਣਦਾ ਹੈ ਪਰ ਚੀਨ ਦੇ ਹਮਲਾਵਰ ਰੁਖ਼ ਖ਼ਿਲਾਫ਼ ਇਸ ਵੱਲੋਂ ਕਿਸੇ ਵਿਦੇਸ਼ੀ ਤਾਕਤ ਦਾ ਸਹਾਇਕ ਜਾਂ ਸਾਥੀ ਬਣਨ ਦੀ ਸੰਭਾਵਨਾ ਬਹੁਤ ਮੱਧਮ ਹੈ ਜਦ ਤੱਕ ਅਮਰੀਕਾ ਇਸ ਦੀ ਪਿੱਠ 'ਤੇ ਨਾ ਹੋਵੇ। ਯੂਰੋਪੀਅਨ ਯੂਨੀਅਨ ਮੁਲਕ ਹਾਲਾਂਕਿ ਅਜਿਹੇ ਹਾਲਾਤ ਵਿਚ ਅਮਰੀਕਾ ਦਾ ਕੂਟਨੀਤਕ ਤੌਰ 'ਤੇ ਸਾਥ ਦੇ ਸਕਦੇ ਹਨ ਜਿੱਥੇ ਉਨ੍ਹਾਂ 'ਤੇ ਅਮਰੀਕਾ ਸਿੱਧਾ ਦਬਾਅ ਬਣਾਏ।

ਚੀਨ ਦਾ ਸਾਹਮਣਾ ਕਰ ਰਹੇ ਏਸ਼ਿਆਈ ਮੁਲਕ ਅਮਰੀਕੀ ਹਮਾਇਤ ਤੋਂ ਬਿਨਾਂ ਯੂਰੋਪੀਅਨ ਯੂਨੀਅਨ ਤੋਂ ਕੁਝ ਵੀ ਆਸ ਨਹੀਂ ਰੱਖ ਸਕਦੇ, ਖਾਸ ਤੌਰ 'ਤੇ ਉਦੋਂ ਜਦ ਉਹ ਚੀਨ ਨਾਲ ਟਕਰਾਅ ਵਾਲੀ ਹਾਲਤ ਵਿਚ ਪੈਂਦੇ ਹਨ। ਯਾਦ ਰੱਖਣ ਦੀ ਲੋੜ ਹੈ ਕਿ ਇਹ ਭਾਰਤ ਨੇ ਹੀ ਚੀਨ ਵੱਲੋਂ ਇਲਾਕਾਈ ਦਬਾਅ ਦਾ ਸਾਹਮਣਾ ਕਰ ਰਹੇ ਫਿਲੀਪੀਨਜ਼ ਨੂੰ 'ਬ੍ਰਹਮੋਸ' ਮਿਜ਼ਾਈਲਾਂ ਦਿੱਤੀਆਂ ਪਰ ਜਦ ਚੀਨ ਨਾਲ ਆਪਣੀਆਂ ਸਰਹੱਦਾਂ 'ਤੇ ਤਣਾਅ ਅਤੇ ਅਨਿਸ਼ਚਿਤਤਾ ਦੀ ਗੱਲ ਆਉਂਦੀ ਹੈ ਤਾਂ ਭਾਰਤ ਖ਼ੁਦ ਵੀ ਆਪਣੇ ਬਚਾਅ ਵਿੱਚ ਕੋਈ ਢਿੱਲ ਨਹੀਂ ਵਰਤ ਸਕਦਾ। ਸਭ ਤੋਂ ਅਹਿਮ ਚੀਨ ਨਿਰੰਤਰ ਸਰਗਰਮੀ ਨਾਲ ਭਾਰਤ ਦੇ ਦੱਖਣ ਏਸ਼ਿਆਈ ਗੁਆਂਢੀਆਂ ਨੂੰ ਆਪਣੇ ਵੱਲ ਖਿੱਚਣ 'ਚ ਲੱਗਿਆ ਰਹਿੰਦਾ ਹੈ ਜਿਸ ਪਿੱਛੇ ਉਸ ਦਾ ਮੰਤਵ ਆਪਣੀ ਜਲ ਸੈਨਾ ਨੂੰ ਦੱਖਣ ਏਸ਼ਿਆਈ/ਹਿੰਦ ਮਹਾਸਾਗਰ ਵਿਚਲੀਆਂ ਬੰਦਰਗਾਹਾਂ 'ਤੇ ਠਾਹਰ ਲਈ ਟਿਕਾਣੇ ਤਿਆਰ ਕਰ ਕੇ ਦੇਣਾ ਹੈ। ਇਸ ਨੂੰ ਪਹਿਲਾਂ ਹੀ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿਚ ਗਵਾਦਰ ਬੰਦਰਗਾਹ 'ਤੇ ਖੁੱਲ੍ਹੀ ਰਸਾਈ ਮਿਲੀ ਹੋਈ ਹੈ। ਚੀਨ ਦਾ ਧਿਆਨ ਮੁੱਖ ਤੌਰ 'ਤੇ ਮਿਆਂਮਾਰ ਉਤੇ ਰਿਹਾ ਹੈ ਜਿੱਥੇ ਨਵੀਂ ਦਿੱਲੀ ਸਿਤਵੇ ਬੰਦਰਗਾਹ ਦਾ ਕੰਮਕਾਜ ਜਲਦੀ ਸੰਭਾਲ ਰਿਹਾ ਹੈ। ਇਸੇ ਦੌਰਾਨ ਇਰਾਨੀ ਬੰਦਰਗਾਹ ਚਾਬਹਾਰ ਨੂੰ ਵਿਕਸਤ ਕਰਨ 'ਚ ਇਰਾਨ ਨਾਲ ਸਹਿਯੋਗ ਬਾਰੇ ਭਾਰਤ ਵੱਲੋਂ ਰੱਖਿਆ ਗਿਆ ਪ੍ਰਸਤਾਵ, ਇਸ ਨੂੰ ਅਫਗਾਨਿਸਤਾਨ ਤੇ ਕੇਂਦਰੀ ਏਸ਼ੀਆ ਤੱਕ ਪਹੁੰਚ ਦੇਵੇਗਾ ਜਿਸ ਨਾਲ ਪਾਕਿਸਤਾਨ 'ਬਾਈਪਾਸ' ਹੋ ਜਾਵੇਗਾ।

ਇਜ਼ਰਾਈਲ-ਫ਼ਲਸਤੀਨੀ ਟਕਰਾਅ ਦੀ ਸ਼ੁਰੂਆਤ ਤੋਂ ਬਾਅਦ ਭਾਰਤੀ ਜਲ ਸੈਨਾ ਦੀ ਭੂਮਿਕਾ ਨਾਲ ਜੁੜੇ ਆਲਮੀ ਹਿੱਤ ਹੁਣ ਸਾਫ਼ ਹੋ ਗਏ ਹਨ। ਪਿਛਲੇ ਛੇ ਮਹੀਨਿਆਂ ਦੌਰਾਨ ਭਾਰਤੀ ਜਲ ਸੈਨਾ ਦੇ ਜਹਾਜ਼ਾਂ ਨੇ ਅਦਨ ਦੀ ਖਾੜੀ ਅਤੇ ਨਾਲ ਲੱਗਦੇ ਅਰਬ ਸਾਗਰ ਤੇ ਸੋਮਾਲੀਆ ਦੇ ਪੂਰਬੀ ਤੱਟ ਦੇ ਇਲਾਕਿਆਂ 'ਚ ਸਮੁੰਦਰੀ ਮਾਰਗਾਂ ਦੀ ਰਾਖੀ ਕੀਤੀ ਹੈ।

ਇਜ਼ਰਾਈਲ-ਫ਼ਲਸਤੀਨੀ ਟਕਰਾਅ ਨੇ ਕੌਮਾਂਤਰੀ ਪੱਧਰ 'ਤੇ ਵਿਵਾਦ ਅਤੇ ਹਿੰਸਾ ਨੂੰ ਜਨਮ ਦਿੱਤਾ ਹੈ। ਭਾਰਤ ਪੂਰੀ ਕੁਸ਼ਲਤਾ ਨਾਲ ਇਸ ਟਕਰਾਅ 'ਚ ਉਲਝਣ ਤੋਂ ਬਚਿਆ ਹੈ। ਇਸ ਦੌਰਾਨ ਭਾਰਤ ਨੇ ਅਰਬ ਖਾੜੀ ਮੁਲਕਾਂ 'ਤੇ ਵੀ ਧਿਆਨ ਬਣਾਈ ਰੱਖਿਆ ਹੈ ਜਿੱਥੇ 3 ਕਰੋੜ 40 ਲੱਖ ਭਾਰਤੀ ਨਾਗਰਿਕ ਰਹਿੰਦੇ ਹਨ ਜਿਨ੍ਹਾਂ ਵਿਚੋਂ ਸਭ ਤੋਂ ਵੱਧ ਯੂਏਈ ਤੇ ਸਾਊਦੀ ਅਰਬ 'ਚ ਹਨ।

ਸਾਊਦੀ ਅਰਬ ਤੇ ਯੂਏਈ ਨਾਲ ਸਬੰਧਾਂ ਦਾ ਵਿਸਤਾਰ ਕਰਨ 'ਚ ਕਾਫ਼ੀ ਦਿਲਚਸਪੀ ਲਈ ਹੈ। ਇਨ੍ਹਾਂ ਮੁਲਕਾਂ ਦੇ ਸ਼ਾਸਕਾਂ ਨਾਲ ਨਿਵੇਕਲੇ ਰਿਸ਼ਤੇ ਕਾਇਮ ਕੀਤੇ ਹਨ। ਆਪਣੇ ਆਂਢ-ਗੁਆਂਢ 'ਚ ਇਹ ਭਾਰਤ ਲਈ ਸਭ ਤੋਂ ਮਹੱਤਵਪੂਰਨ ਖੇਤਰ ਹੈ। ਭਾਰਤੀ ਕੂਟਨੀਤੀ ਇਸ ਖੇਤਰ 'ਚ ਵਿਸ਼ੇਸ਼ ਤੌਰ 'ਤੇ ਹਾਲੀਆ ਸਾਲਾਂ ਵਿਚ ਕਾਫ਼ੀ ਸਰਗਰਮ ਰਹੀ ਹੈ। ਆਸ ਕੀਤੀ ਜਾ ਸਕਦੀ ਹੈ ਕਿ ਭਾਰਤ ਨੇ ਜੋ ਪ੍ਰਾਪਤੀਆਂ ਕੀਤੀਆਂ ਹਨ, ਉਨ੍ਹਾਂ ਦੇ ਘੇਰੇ ਨੂੰ ਇਹ ਹੋਰ ਵਧਾਏਗਾ ਅਤੇ ਨਾਲ ਹੀ ਸਪੱਸ਼ਟ ਕਰਦਾ ਰਹੇਗਾ ਕਿ ਇਹ ਚੀਨ-ਪਾਕਿਸਤਾਨ ਗੱਠਜੋੜ 'ਤੇ ਵੀ ਦ੍ਰਿੜਤਾ ਨਾਲ ਕਾਰਵਾਈ ਕਰਦਾ ਰਹੇਗਾ ਜੋ ਭਾਰਤ ਦੀ ਸੁਰੱਖਿਆ ਲਈ ਸਭ ਤੋਂ ਵੱਡੀ ਚੁਣੌਤੀ ਬਣਿਆ ਹੋਇਆ ਹੈ।

# ਆਫ਼ਤ ਨਹੀਂ ਜੀਵਨ ਹੈ ਮੌਨਸੂਨ ਦੀ ਬਰਸਾਤ

ਪੰਕਜ ਚਤੁਰਵੇਦੀ

ਮੌਨਸੂਨ ਦੇ ਆਉਣ ਦੇ ਨਾਲ ਹੀ ਭਾਰਤ ਦੇ ਉਹ ਹਿੱਸੇ, ਜੋ ਕੁਝ ਦਿਨ ਪਹਿਲਾਂ ਪਾਣੀ ਲਈ ਤਰਸਦੇ ਸਨ, ਪਾਣੀ-ਪਾਣੀ ਹੋ ਗਏ। ਜਿਵੇਂ ਹੀ ਕੁਦਰਤ ਨੇ ਆਪਣਾ ਆਸ਼ੀਰਵਾਦ ਦਿੱਤਾ ਤੇ ਤਾਲਾਬ, ਨਦੀ, ਨਾਲੇ ਆਦਿ ਭਰ ਗਏ ਤਾਂ ਸਮਾਜ ਦਾ ਇਕ ਵਰਗ ਇਸ ਨੂੰ ਹੜ੍ਹ ਤੇ ਹਾਹਾਕਾਰ ਦਾ ਨਾਂ ਦੇਣ ਲੱਗਾ। ਅਸਲ 'ਚ ਜਦ ਧਰਤੀ ਤਪ ਰਹੀ ਸੀ, ਤਦ ਸਮਾਜ ਨੂੰ ਆਪਣੇ ਆਲੇ-ਦੁਆਲੇ ਦੇ ਖੂਹ, ਤਾਲਾਬ, ਨਦੀ, ਨਾਲੇ ਸਾਫ਼ ਕਰਨੇ ਚਾਹੀਦੇ ਸਨ। ਉਨ੍ਹਾਂ 'ਚ ਇਕੱਠੀ ਹੋਈ ਗੰਦਗੀ ਨੂੰ ਬਾਹਰ ਕੱਢਣਾ ਚਾਹੀਦਾ ਸੀ। ਪਰ ਅਜਿਹਾ ਹੋਇਆ ਨਹੀਂ। ਇਸ ਲਈ ਜੋ ਪਾਣੀ ਪੂਰੇ ਸਾਲ ਲਈ ਧਰਤੀ ਨੂੰ ਜੀਵਨ ਦਿੰਦਾ ਹੈ, ਉਹ ਲੋਕਾਂ ਲਈ ਮੁਸੀਬਤ ਬਣ ਗਿਆ। ਇਹ ਗੱਲ ਸਮਝਣੀ ਪਵੇਗੀ ਕਿ ਨਦੀ, ਨਹਿਰ, ਤਾਲਾਬ ਆਦਿ ਪਾਣੀ ਦੇ ਸ੍ਰੋਤ ਨਹੀਂ ਹਨ। ਹਕੀਕਤ 'ਚ ਪਾਣੀ ਦਾ ਸ੍ਰੋਤ ਮੌਨਸੂਨ ਹੈ ਜਾਂ ਫਿਰ ਗਲੇਸ਼ੀਅਰ। ਤਾਲਾਬ ਤੇ ਨਦੀਆਂ ਆਦਿ ਤਾਂ ਉਸ ਨੂੰ ਇਕੱਠਾ ਕਰਨ ਦੇ ਸਥਾਨ ਹਨ। ਅਸੀਂ ਮੌਨਸੂਨ ਦੇ ਵਰਦਾਨ ਦਾ ਲਾਭ ਉਠਾਉਣ ਦੀ ਥਾਂ ਇਨ੍ਹਾਂ ਥਾਵਾਂ ਨੂੰ ਤਿਆਰ ਨਹੀਂ ਕਰਦੇ, ਇਸ ਲਈ ਹੜ੍ਹ ਆਉਂਦੇ ਹਨ।

ਅੱਜ ਗੰਗਾ-ਯਮੁਨਾ ਵਰਗੀਆਂ ਨਦੀਆਂ ਤੋਂ ਇਲਾਵਾ ਛੋਟੀਆਂ ਨਦੀਆਂ ਦੇ ਕੰਢੇ ਵਸੇ ਪਿੰਡ-ਕਸਬੇ ਤੱਕ ਬੱਸ ਇਹੀ ਹਾਹਾਕਾਰ ਹੈ ਕਿ ਬਰਸਾਤ ਨੇ ਖੇਤਾਂ ਤੇ ਪਿੰਡਾਂ ਦਾ ਸਭ ਕੁਝ ਉਜਾੜ ਦਿੱਤਾ, ਪਰ ਮੌਨਸੂਨ ਦੇ ਵਿਦਾ ਹੋਣ ਤੋਂ ਬਾਅਦ ਇਨ੍ਹਾਂ ਸਾਰੇ ਇਲਾਕਿਆਂ 'ਚ ਪਾਣੀ ਦੀ ਇਕ-ਇਕ ਬੂੰਦ ਲਈ ਹਾਹਾਕਾਰ ਮਚੀ ਵੀ ਦੇਖੀ ਜਾਂਦੀ ਹੈ। ਅੱਤ ਦੀ ਗਰਮੀ 'ਚ ਸਾਰੇ ਲੋਕ ਮੌਨਸੂਨ ਨੂੰ ਉਡੀਕਦੇ ਹਨ ਤੇ ਮੌਨਸੂਨ ਦੀ ਇਕ ਬਰਸਾਤ ਤੋਂ ਬਾਅਦ ਹੀ ਉਹ ਪਾਣੀ ਦੀ ਸਹੀ ਵਿਵਸਥਾ ਨਾ ਹੋਣ ਕਾਰਨ ਦੁਖੀ ਹੋਣ ਲੱਗ ਜਾਂਦੇ ਹਨ। ਕੰਮ 'ਤੇ ਜਾਣ ਵਾਲਿਆਂ ਦਾ ਕੰਮ 'ਤੇ ਜਾਣਾ ਮੁਸ਼ਕਲ ਹੋ ਜਾਂਦਾ ਹੈ। ਆਵਾਜਾਈ ਠੱਪ ਹੋ ਜਾਂਦੀ ਹੈ। ਬੱਚਿਆਂ ਦਾ ਸਕੂਲ ਜਾਣਾ ਮੁਸ਼ਕਲ ਹੋ ਜਾਂਦਾ ਹੈ। ਇਹ ਸਭ ਸਹੀ ਵਿਵਸਥਾ ਨਾ ਹੋਣ ਕਾਰਨ ਹੀ ਹੁੰਦਾ ਹੈ। ਮੌਨਸੂਨ ਦੇ ਪਾਣੀ ਦਾ ਵਿਸਤਾਰ ਸਾਡੀ ਜ਼ਮੀਨ 'ਤੇ ਨਹੀਂ ਹੋਇਆ ਹੈ ਬਲਕਿ ਅਸੀਂ ਹੀ ਪਾਣੀ ਸਾਂਭਣ ਵਾਲੀਆਂ ਕੁਦਰਤੀ ਜ਼ਮੀਨਾਂ 'ਤੇ ਆਪਣਾ ਕਬਜ਼ਾ ਕਰ ਲਿਆ ਹੈ। ਅਰਬੀ ਸ਼ਬਦ 'ਮੌਸਿਮ' ਦਾ ਅਰਥ ਹੁੰਦਾ ਹੈ ਕਿ ਮੌਸਮ ਤੇ ਇਸ ਤੋਂ ਬਣਿਆ ਮੌਨਸੂਨ। ਭਾਰਤ 'ਚ ਸਿਰਫ਼ ਤਿੰਨ ਹੀ ਕਿਸਮ ਦੇ ਜਲਵਾਯੂ ਹਨ, ਮੌਨਸੂਨ, ਮੌਨਸੂਨ ਤੋਂ ਪਹਿਲਾਂ ਤੇ ਮੌਨਸੂਨ ਤੋਂ ਬਾਅਦ। ਤਦ ਹੀ ਭਾਰਤ ਦੀ ਜਲਵਾਯੂ ਨੂੰ ਮੌਨ-ਸੂਨੀ ਜਲਵਾਯੂ ਕਿਹਾ ਜਾਂਦਾ ਹੈ। ਖੇਤੀ-ਹਰਿਆਵਲ ਤੇ ਪੂਰਾ ਸਾਲ ਪਾਣੀ ਦਾ ਜੁਗਾੜ ਇਸੇ ਬਰਸਾਤ 'ਤੇ ਨਿਰਭਰ ਹੈ। ਇਸ ਦੇ ਬਾਵਜੂਦ ਅਸੀਂ ਨਾ ਤਾਂ ਮੌਨਸੂਨ ਦੇ ਆਉਣ ਦੀ ਸਹੀ ਤਰੀਕੇ ਨਾਲ ਤਿਆਰੀ ਕਰਦੇ ਹਾਂ ਤੇ ਨਾ ਹੀ ਵਰ੍ਹਦੇ ਪਾਣੀ ਨੂੰ ਸਨਮਾਨ ਨਾਲ ਇਕੱਠਾ ਕਰਦੇ ਹਾਂ। ਭਾਰਤੀ ਮੌਨਸੂਨ ਮੁੱਖ ਤੌਰ 'ਤੇ ਗਰਮੀਆਂ ਦੌਰਾਨ ਹੋਣ ਵਾਲੀ ਵਾਤਾਵਰਨ ਤਬਦੀਲੀ ਨਾਲ ਸਬੰਧਤ ਹੈ। ਚਾਹੇ ਹੀ ਅਸੀਂ ਗਰਮੀ 'ਚ ਤਿਆਰੀ ਨਹੀਂ ਕੀਤੀ ਪਰ ਅਜੇ ਵੀ ਦੇਰ ਨਹੀਂ ਹੋਈ ਹੈ। ਧਰਤੀ 'ਤੇ ਇਨਸਾਨ ਦੀ ਹੋਂਦ ਬਣਾਈ ਰੱਖਣ ਲਈ ਪਾਣੀ ਜ਼ਰੂਰੀ ਹੈ ਤਾਂ ਪਾਣੀ ਨੂੰ ਬਚਾਈ ਰੱਖਣ ਲਈ ਬਾਰਿਸ਼ ਦੇ ਪਾਣੀ ਨੂੰ ਇਕੱਠਾ ਕਰਨਾ ਹੀ ਇੱਕੋ ਇਕ ਤਰੀਕਾ ਹੈ। ਜੇ ਦੇਸ਼ ਦੀ ਸਿਰਫ਼ ਪੰਜ ਫ਼ੀਸਦੀ ਜ਼ਮੀਨ 'ਤੇ ਪੰਜ ਮੀਟਰ ਔਸਤ ਗਹਿਰਾਈ 'ਚ ਬਾਰਿਸ਼ ਦੇ ਪਾਣੀ ਨੂੰ ਜਮ੍ਹਾ ਕੀਤਾ ਜਾਵੇ ਤਾਂ 500 ਲੱਖ ਹੈਕਟੇਅਰ ਪਾਣੀ ਇਕੱਠਾ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਪ੍ਰਤੀ ਵਿਅਕਤੀ ਔਸਤਨ 100 ਲੀਟਰ ਪਾਣੀ ਪੂਰਾ ਸਾਲ ਪੂਰੇ ਦੇਸ਼ 'ਚ ਦਿੱਤਾ ਜਾ ਸਕਦਾ ਹੈ। ਹਾਲਾਂਕਿ ਇਸ ਤਰ੍ਹਾਂ ਪਾਣੀ ਇਕੱਠਾ ਕਰਨ ਲਈ ਜ਼ਰੂਰੀ ਹੈ ਕਿ ਸਥਾਨਕ ਪੱਧਰ 'ਤੇ ਸਦੀਆਂ ਤੋਂ ਸਮਾਜ ਦੀ ਸੇਵਾ ਕਰਨ ਵਾਲੀਆਂ ਰਵਾਇਤੀ ਜਲ ਪ੍ਰਣਾਲੀਆਂ ਨੂੰ ਲੱਭਿਆ ਜਾਵੇ। ਉਨ੍ਹਾਂ ਨੂੰ ਸੰਚਾਲਿਤ ਕਰਨ ਵਾਲੇ ਸਮਾਜ ਨੂੰ ਸਨਮਾਨ ਦਿੱਤਾ ਜਾਵੇ। ਸਮਾਜ ਨੂੰ ਇਕ ਵਾਰ ਮੁੜ 'ਪਾਣੀਦਾਰ' ਬਣਾਇਆ ਜਾਵੇ। ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਇਨ੍ਹਾਂ ਰਵਾਇਤੀ ਪ੍ਰਣਾਲੀਆਂ ਨੂੰ ਅੱਜ ਦੇ ਇੰਜੀਨੀਅਰ ਸ਼ਾਇਦ ਸਵੀਕਾਰ ਹੀ ਨਾ ਸਕਣ।

ਇਸ ਲਈ ਜ਼ਰੂਰੀ ਹੈ ਕਿ ਇਸ ਲਈ ਸਮਾਜ ਨੂੰ ਹੀ ਅੱਗੇ ਕੀਤਾ ਜਾਵੇ। ਯਾਦ ਰਹੇ ਕਿ ਸਾਡੇ ਵਡੇਰਿਆਂ ਨੇ ਹਾਲਾਤ ਮੁਤਾਬਕ ਬਾਰਿਸ਼ ਦੇ ਪਾਣੀ ਨੂੰ ਇਕੱਠਾ ਕਰ ਕੇ ਰੱਖਣ ਦੀਆਂ ਕਈ ਪ੍ਰਣਾਲੀਆਂ ਵਿਕਸਤ ਕੀਤੀਆਂ ਸਨ, ਜਿਸ 'ਚ ਤਾਲਾਬ ਸਭ ਤੋਂ ਪ੍ਰਸਿੱਧ ਹਨ। ਘਰਾਂ ਦੀ ਲੋੜ ਭਾਵ ਪੀਣ ਯੋਗ ਪਾਣੀ ਅਤੇ ਖਾਣਾ ਬਣਾਉਣ ਲਈ ਮਿੱਠੇ ਪਾਣੀ ਦਾ ਸਾਧਨ ਖੂਹ ਕਦੀ ਹਰੇਕ ਘਰ ਵਿਚ ਹੋਇਆ ਕਰਦੇ ਸਨ। ਅਮੀਰ ਲੋਕ ਜਨਤਕ ਖੂਹ ਬਣਾਉਂਦੇ ਸਨ। ਅਜੀਬ ਹੈ ਕਿ ਪੁਰਾਣੇ ਸਮਿਆਂ 'ਚ ਪਾਣੀ ਦੀ ਕੋਈ ਕਮੀ ਨਹੀਂ ਸੀ ਫਿਰ ਵੀ ਲੋਕਾਂ ਵੱਲੋਂ ਪਾਣੀ ਨੂੰ ਸਾਂਭਣ ਦੇ ਅਨੇਕਾਂ ਉਪਰਾਲੇ ਕੀਤੇ ਗਏ ਸਨ। ਪਰ ਹੁਣ ਜਦੋਂ ਕਿ ਸਾਰਿਆਂ ਦੇ ਸਾਹਮਣੇ ਹੈ ਕਿ ਅਨੇਕਾਂ ਸ਼ਹਿਰਾਂ ਵਿੱਚ ਅਕਸਰ ਪਾਣੀ ਦੀ ਕਮੀ ਪਾਈ ਜਾਂਦੀ ਹੈ ਤਾਂ ਇਸ ਵੱਲ ਨਾ ਤਾਂ ਲੋਕ ਤੇ ਨਾ ਹੀ ਸਰਕਾਰਾਂ ਧਿਆਨ ਦੇ ਰਹੀਆਂ ਹਨ। ਤੇਜ਼ ਢਾਲ 'ਤੇ ਤੇਜ਼ ਰਫ਼ਤਾਰ ਨਾਲ ਪਾਣੀ ਦੇ ਵਹਿਣ ਵਾਲੀ ਜ਼ਮੀਨ ਵਿਚ ਪਾਣੀ ਦੀ ਧਾਰਾ ਨੂੰ ਕੱਟ ਕੇ ਰੋਕਣ ਦੀ ਤਕਨੀਕ 'ਪਾਟ' ਪਹਾੜੀ ਖੇਤਰਾਂ ਵਿਚ ਬਹੁਤ ਪ੍ਰਸਿੱਧ ਰਹੀ ਹੈ। ਨਹਿਰ ਜਾਂ ਨਾਲੇ ਰਾਹੀਂ ਕਿਸੇ ਪੱਕੇ ਬੰਨ੍ਹ ਤੱਕ ਪਾਣੀ ਲਿਜਾਣ ਦੀ ਤਕਨੀਕ 'ਨਾੜਾ ਜਾਂ ਬੰਧਾ' ਹੁਣ ਦੇਖਣ ਨੂੰ ਨਹੀਂ ਮਿਲ ਰਹੀ। ਤਾਲਾਬ ਸਿਰਫ਼ ਪਾਣੀ ਦੀ ਸਾਂਭ-ਸੰਭਾਲ ਦੇ ਸਾਧਨ ਨਹੀਂ, ਬਲਕਿ ਸਾਡੀ ਕਲਾ ਦਾ ਬਿਹਤਰੀਨ ਨਮੂਨਾ ਰਹੇ ਹਨ। ਅੱਜ ਅਜਿਹਿਆਂ ਹੀ ਰਵਾਇਤੀ ਪ੍ਰਣਾਲੀਆਂ ਨੂੰ ਮੁੜ ਸੁਰਜੀਤ ਕਰਨ ਲਈ ਉਨ੍ਹਾਂ ਦੇ ਆਲੇ ਦੁਆਲੇ ਸਫ਼ਾਈ ਅਤੇ ਉਨ੍ਹਾਂ ਵਿਚ ਭਰਨ ਵਾਲੇ ਪਾਣੀ ਨੂੰ ਬਾਹਰਲੇ ਪ੍ਰਦੂਸ਼ਣ ਤੋਂ ਬਚਾਉਣ ਦੀ ਲੋੜ ਹੈ ਤੇ ਉਹ ਵੀ ਸਥਾਨਕ ਸਮਾਜ ਵੱਲੋਂ। ਇਹੀ ਨਹੀਂ, ਸ਼ਹਿਰਾਂ ਅਤੇ ਕਸਬਿਆਂ 'ਚ ਵੀ ਕੁਝ ਦਿਨ ਬਰਸਾਤੀ ਨਾਲੇ 'ਚ ਜਾ ਰਹੇ ਪਾਣੀ ਨੂੰ ਇਕੱਠਾ ਕੀਤਾ ਜਾ ਸਕਦਾ ਹੈ। ਇਹ ਪਾਣੀ ਵੱਧ ਤੋਂ ਵੱਧ ਇਕ ਹਫ਼ਤੇ 'ਚ ਧਰਤੀ ਵੱਲੋਂ ਸੋਖ ਲਿਆ ਜਾਂਦਾ ਹੈ। ਅਜਿਹੀ ਨਮ ਜ਼ਮੀਨ 'ਤੇ ਅੱਗੇ ਜਾ ਕੇ ਚੰਗਾ ਘਾਹ ਵੀ ਉੱਗੇਗਾ। ਇਸ ਤਰ੍ਹਾਂ ਬਰਸਾਤ ਦੇ ਪਾਣੀ ਨੂੰ ਸੰਭਾਲ ਕੇ ਰੱਖਣ ਵਿਚ ਸਥਾਨਕ ਲੋਕਾਂ ਦੀ ਜ਼ਿੰਮੇਵਾਰੀ, ਭੂਮਿਕਾ ਅਤੇ ਜਾਗਰੂਕਤਾ ਤਾਂ ਵਧੇਗੀ ਹੀ, ਇਸ ਨਾਲ ਜ਼ਮੀਨ ਹੇਠਲੇ ਪਾਣੀ ਨੂੰ ਰਿਚਾਰਜ ਵੀ ਕੀਤਾ ਜਾ ਸਕੇਗਾ, ਜੋ ਖੇਤਾਂ ਅਤੇ ਕਾਰਖਾਨਿਆਂ 'ਚ ਪਾਣੀ ਦੀ ਪੂਰਤੀ ਨੂੰ ਯਕੀਨੀ ਬਣਾਏਗਾ। ਮੌਨਸੂਨ ਦਾ ਜੀਵਨ ਲਈ ਜ਼ਰੂਰੀ ਤੱਤ ਵਾਂਗ ਆਨੰਦ ਲਵੋ। ਜਿੱਥੇ ਥਾਂ ਮਿਲੇ, ਬਰਸਾਤ ਦੇ ਪਾਣੀ ਨੂੰ ਰੋਕੋ ਅਤੇ ਉਸ ਨੂੰ ਧਰਤੀ 'ਚ ਜਾਣ ਦਿਓ।

# ਕੈਨੇਡਾ ਦੇ ਇਸ ਫ਼ੈਸਲੇ ਨਾਲ ਹਜ਼ਾਰਾਂ ਪੰਜਾਬੀ ਵਿਦਿਆਰਥੀਆਂ ਉਤੇ ਡਿਪੋਰਟ ਦੀ ਤਲਵਾਰ ਲਟਕੀ

"ਭਾਰਤ ਰਹਿ ਕੇ ਕੈਨੇਡਾ ਬਾਰੇ ਜੋ ਸੋਚਿਆ ਸੀ, ਉਹ ਸੱਚ ਨਹੀਂ ਨਿਕਲਿਆ ਬਲਕਿ ਇੱਥੇ ਆ ਕੇ ਸਭ ਕੁਝ ਉਲਟ ਨਿਕਲਿਆ, ਇਥੇ ਥਾਂ-ਥਾਂ ਉਤੇ ਸੰਘਰਸ਼ ਅਤੇ ਚਿੰਤਾ ਹੈ।" ਇਹ ਸ਼ਬਦ ਜਸ਼ਨਪ੍ਰੀਤ ਸਿੰਘ ਦੇ ਹਨ। ਉਹ ਇਸ ਸਮੇਂ ਕੈਨੇਡਾ ਪੋਸਟ ਗ੍ਰੈਜੂਏਟ ਵਰਕ ਪਰਮਿਟ ਦੀ ਖ਼ਤਮ ਹੋਈ ਮਿਆਦ ਨੂੰ ਲੈ ਕੇ ਚਿੰਤਤ ਹੈ। ਜਸ਼ਨਪ੍ਰੀਤ ਸਿੰਘ ਭਾਰਤ ਵਿੱਚ ਬਾਰਵੀਂ ਜਮਾਤ ਪਾਸ ਕਰ ਕੇ ਚੰਗੇ ਭਵਿੱਖ ਦੀ ਉਮੀਦ ਨਾਲ ਕੌਮਾਂਤਰੀ ਵਿਦਿਆਰਥੀ ਦੇ ਤੌਰ ਉੱਤੇ 2019 ਵਿੱਚ ਕੈਨੇਡਾ ਗਿਆ ਸੀ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਸ ਨੂੰ ਤਿੰਨ ਸਾਲ ਦਾ ਪੋਸਟ-ਗਰੈਜੂਏਟ ਵਰਕ ਪਰਮਿਟ ਮਿਲਿਆ ਹੋਇਆ ਸੀ, ਅਤੇ ਉਸ ਦੀ ਪੀਆਰ (ਸਥਾਈ ਨਾਗਰਿਕਤਾ) ਦੀ ਫਾਈਲ ਦਾ ਅਜੇ ਤੱਕ ਫ਼ੈਸਲਾ ਨਹੀਂ ਹੋਇਆ ਹੈ, ਜਿਸ ਨੂੰ ਲੈ ਕੇ ਫ਼ਿਲਹਾਲ ਉਹ ਚਿੰਤਤ ਹੈ। ਕਿਸਾਨ ਪਰਿਵਾਰ ਨਾਲ ਸਬੰਧਤ ਜਸ਼ਨਪ੍ਰੀਤ ਸਿੰਘ ਨੇ ਵਿਨੀਪੈਗ ਤੋਂ ਬੀਬੀਸੀ ਪੰਜਾਬੀ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਨੇ ਓਨਟਾਰੀਓ ਦੇ ਸੂਬੇ ਕਿਚਨਰ ਵਿਚਲੇ ਇੱਕ ਕਾਲਜ ਤੋਂ ਬਿਜ਼ਨਸ ਮਾਰਕੀਟਿੰਗ ਦੀ ਪੜ੍ਹਾਈ ਕੀਤੀ ਹੈ। ਦੋ ਸਾਲ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਸ ਨੂੰ ਤਿੰਨ ਸਾਲ ਦਾ ਪੋਸਟ-ਗਰੈਜੂਏਟ ਵਰਕ ਪਰਮਿਟ ਮਿਲ ਗਿਆ ਸੀ।



ਪੱਕੀ ਨਾਗਰਿਕਤਾ ਹਾਸਲ ਕਰਨ ਦੇ ਮਕਸਦ ਨਾਲ ਜਸ਼ਨਪ੍ਰੀਤ ਸਿੰਘ 2022 ਵਿਨੀਪੈਗ ਆ ਗਿਆ। ਇਥੇ ਇੱਕ ਸਾਲ ਕੰਮ ਕਰਨ ਤੋਂ ਬਾਅਦ ਉਸ ਨੇ ਪੀਐੱਨਪੀ ਪ੍ਰੋਗਰਾਮ (ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ)ਤਹਿਤ ਪੱਕੀ ਨਾਗਰਿਕਤਾ ਦੀ ਅਰਜ਼ੀ ਦਾਖ਼ਲ ਕਰ ਦਿੱਤੀ ਜੋ ਕਿ ਅਜੇ ਤੱਕ ਵਿਚਾਰ ਅਧੀਨ ਹੈ। ਅਸਲ ਵਿੱਚ ਕੈਨੇਡਾ ਦਾ ਪ੍ਰੋਵਿੰਸ਼ੀਅਲ ਨੋਮੀਨੇਸ਼ਨ ਪ੍ਰੋਗਰਾਮ ਬਹੁਤ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇੱਕ ਜੀਵਨ ਰੇਖਾ ਵਜੋਂ ਕੰਮ ਕਰਦਾ ਸੀ। ਜਿਸ ਰਾਹੀਂ ਉਹ ਕੈਨੇਡਾ ਦੀ ਸਥਾਈ ਨਾਗਰਿਕਤਾ ਯਾਨੀ ਪੀਆਰ ਹਾਸਲ ਕਰਦੇ ਸਨ। ਇਸ ਤੋਂ ਇਲਾਵਾ ਐਕਸਪ੍ਰੈਸ ਐਂਟਰੀ ਰਾਹੀਂ ਵੀ ਕੈਨੇਡਾ ਦੀ ਨਾ-ਗਰਿਕਤਾ ਹਾਸਲ ਹੁੰਦੀ ਹੈ। ਜਸ਼ਨਪ੍ਰੀਤ ਸਿੰਘ ਆਖਦੇ ਹਨ ਕਿ "ਦਿੱਕਤ ਇਸ ਗੱਲ ਦੀ ਹੈ ਕਿ ਉਸ ਦਾ ਵਰਕ ਪਰਮਿਟ ਖ਼ਤਮ ਹੋ ਗਿਆ ਹੈ ਅਤੇ ਪੀਆਰ ਦੀ ਅਰਜ਼ੀ ਵਿਚਾਰ ਅਧੀਨ ਹੈ, ਇਸ ਕਰ ਕੇ ਮੌਜੂਦਾ ਸਥਿਤੀ ਵਿੱਚ ਉਹ ਆਪਣੇ ਭਵਿੱਖ ਲਈ ਚਿੰਤਿਤ ਹੈ।" ਆਈਸੀਈਐੱਫ਼ ਮੌਨੀਟਰ, ਇੰਟਰਨੈਸ਼ਨ ਐਜੂਕੇਸ਼ਨ ਇੰਡਸਟਰੀ ਦਾ ਅਧਿਐਨ ਕਰਨ ਵਾਲੀ ਸੰਸਥਾ ਹੈ। ਇਸ ਸੰਸਥਾ ਦੇ ਅਧਿਐਨ ਮੁਤਾਬਕ ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ। ਇਸ ਸੰਸਥਾ ਦੇ ਅੰਕੜੇ ਦੱਸਦੇ ਹਨ ਕਿ 10,40,985 ਕੌਮਾਂਤਰੀ ਵਿਦਿਆਰਥੀ ਸਟੱਡੀ ਪਰਮਿਟ ਰਾਹੀ ਕੈਨੇਡਾ ਪਹੁੰਚੇ। ਇਹ ਅੰਕੜਾ 2022 ਦੇ ਅੰਕੜੇ ਨਾਲੋਂ 29 ਫੀਸਦ ਵੱਧ ਸੀ। ਸਟੱਡੀ ਪਰਮਿਟ 6 ਮਹੀਨੇ ਦੇ ਕੋਰਸ ਤੋਂ ਲੈ ਕੇ ਪੋਸਟ ਗਰੈਜੂਏਟ ਕੋਰਸਾਂ ਲਈ ਜਾਰੀ ਕੀਤੇ ਜਾਂਦੇ ਹਨ। ਆਈਸੀਈਐੱਫ਼ ਦੇ ਅੰਕੜੇ ਦੱਸਦੇ ਹਨ ਕਿ ਕੈਨੇਡਾ ਆਉਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਕੁੱਲ ਗਿਣਤੀ ਦਾ ਕਰੀਬ ਅੱਧਾ ਹਿੱਸਾ ਭਾਰਤ ਅਤੇ ਚੀਨ ਨਾਲ ਸਬੰਧਤ ਹਨ। ਇਸ ਤੋਂ ਬਾਅਦ ਫਿਲਪੀਨਜ਼ ਨਾਇਜੀਰੀਆ ਅਤੇ ਫਰਾਂਸ ਦਾ ਨੰਬਰ ਆਉਂਦਾ ਹੈ। ਜਾਣਕਾਰ ਦੱਸਦੇ ਹਨ ਕਿ ਜੇਕਰ ਕੈਨੇਡਾ ਸਰਕਾਰ ਦੇ ਵਰਕ ਪਰਮਿਟ ਦੀ ਮਿਆਦ ਨਾ ਵਧਾਉਣ ਦਾ ਫੈਸਲਾ ਵਾਪਸ ਨਹੀਂ ਹੁੰਦਾ ਤਾਂ ਇਸ ਨਾਲ ਭਾਰਤੀ, ਖਾਸਕਰ ਪੰਜਾਬੀ ਵਿਦਿਆਰਥੀ ਆਪਣੀ ਵੱਡੀ ਗਿਣਤੀ ਕਾਰਨ ਵਧੇਰੇ ਪ੍ਰਭਾਵਿਤ ਹੋਣਗੇ। ਇਹੀ ਕਾਰਨ ਹੈ ਕਿ ਪੰਜਾਬੀ ਵਿਦਿਆਰਥੀ ਸੰਘਰਸ਼ ਕਰਦੇ ਵੱਧ ਦਿਖ ਰਹੇ ਹਨ।

ਬੀਤੇ ਦਿਨੀਂ ਕੈਨੇਡਾ ਦੇ ਸ਼ਹਿਰ ਵਿਨੀਪੈਗ ਵਿੱਚ ਜਸ਼ਨਪ੍ਰੀਤ ਸਿੰਘ ਵਾਂਗ ਕਈ ਹੋਰ ਦੱਖਣੀ ਏਸ਼ੀਆਈ ਖਿੱਤੇ ਨਾਲ ਸਬੰਧਿਤ ਨੌਜਵਾਨਾਂ ਨੇ ਫੈਡਰਲ ਅਤੇ ਸੂਬਾਈ ਸਰਕਾਰ ਨੂੰ ਮਿਆਦ ਪੁੱਗਣ ਵਾਲੇ ਵਰਕ ਪਰਮਿਟ ਨੂੰ ਵਧਾਉਣ ਅਤੇ ਹੋਰਨਾਂ ਮੰਗਾਂ ਨੂੰ ਲੈ ਕੇ ਇੱਕ ਰੈਲੀ ਕੱਢੀ ਸੀ। ਇਸ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਨੌਜਵਾਨਾਂ ਦੇ ਨਾਲ ਚੀਨ ਅਤੇ ਹੋਰਨਾਂ ਦੱਖਣੀ ਏਸ਼ੀਆਈ ਖ਼ਿੱਤੇ ਦੇ ਕੌਮਾਂਤਰੀ ਕਾਮਿਆਂ ਨੇ ਹਿੱਸਾ ਲਿਆ। ਵਰਕ ਪਰਮਿਟ ਦੀ ਮਿਆਦ ਵਧਾਉਣ ਨੂੰ ਲੈ ਕੇ ਜਸ਼ਨਪ੍ਰੀਤ ਸਿੰਘ ਵਾਂਗ ਏਸ਼ੀਆਈ ਖਿੱਤੇ ਨਾਲ ਸਬੰਧਿਤ ਕਾਮਿਆਂ ਨੇ "ਇੰਟਰਨੈਸ਼ਨਲ ਵਿਦਿਆਰਥੀ ਤੇ ਸਕਿੱਲਡ ਵਰਕਰ ਯੂਨੀਅਨ" ਦਾ ਗਠਨ ਕੀਤਾ ਹੈ, ਜਿਸ ਨਾਮ ਹੇਠ ਉਨ੍ਹਾਂ ਸੰਘਰਸ਼ ਵਿੱਢਿਆ ਹੈ। ਜਸ਼ਨਪ੍ਰੀਤ ਸਿੰਘ ਨੇ ਦੱਸਿਆ ਕਿ 2022 ਵਿੱਚ ਜਦੋਂ ਉਹ ਵਿੰਨੀਪੈਗ ਆਏ ਸਨ ਤਾਂ ਇੱਥੇ ਇੱਕ ਸਾਲ ਕੰਮ ਕਰਨ ਤੋਂ ਬਾਅਦ ਪੀਐੱਨਪੀ ਪ੍ਰੋਗਰਾਮ ਤਹਿਤ ਪੀਆਰ ਮਿਲ ਜਾਂਦੀ ਸੀ। ਉਹ ਦੱਸਦੇ ਹਨ ਕਿ ਇਸ ਪ੍ਰੋਗਰਾਮ ਤਹਿਤ ਬਹੁਤ ਸਾਰੇ ਵਿਦਿਆਰਥੀਆਂ ਨੇ ਪੀਆਰ ਹਾਸਲ ਵੀ ਕੀਤੀ ਹੈ।

ਜਸ਼ਨਪ੍ਰੀਤ ਸਿੰਘ ਮੁਤਾਬਕ ਹੁਣ ਸੂਬਾਈ ਅਤੇ ਫੈਡਰਲ ਸਰਕਾਰ ਨੇ ਚੁੱਪਚਾਪ ਕਾਨੂੰਨ ਬਦਲ ਦਿੱਤਾ ਹੈ, ਜਿਸ ਕਾਰਨ ਉਨ੍ਹਾਂ ਵਰਗੇ ਹਜ਼ਾਰਾਂ ਨੌਜਵਾਨਾਂ ਦਾ ਕੈਨੇਡਾ ਵਿੱਚ ਰਹਿਣ ਦਾ ਸੁਪਨਾ ਧੁੰਦਲਾ ਹੁੰਦਾ ਨਜ਼ਰ ਆ ਰਿਹਾ ਹੈ। ਉਨ੍ਹਾਂ ਆਖਿਆ ਕਿ ਜੇਕਰ ਵਰਕ ਪਰਮਿਟ ਵਿੱਚ ਵਾਧਾ ਨਹੀਂ ਹੋਇਆ ਤਾਂ ਮਜਬੂਰਨ ਉਨ੍ਹਾਂ ਨੂੰ ਕੈਨੇਡਾ ਛੱਡਣਾ ਪਵੇਗਾ, ਜਾਂ ਫਿਰ ਐੱਲਐੱਮਆਈਏ (ਲੇਬਰ ਮਾਰਕੀਟ ਅਸਰ ਮੁਲਾਂਕਣ) ਲੈਣੀ ਪਵੇਗੀ ਜੋ ਕਿ ਇਸ ਸਮੇਂ ਕਾਫ਼ੀ ਮਹਿੰਗੀ ਹੈ। ਅਸਲ ਵਿੱਚ ਐੱਲਐੱਮਆਈਏ ਇੱਕ ਪੱਤਰ ਹੈ, ਜਿਸ ਤਹਿਤ ਕਿਸੇ ਵਿਸ਼ੇਸ਼ ਨੌਕਰੀ 'ਤੇ ਕਿਸੇ ਵਿਦੇਸ਼ੀ ਨੂੰ ਰੱਖਣ ਤੋਂ ਪਹਿਲਾਂ, ਰੁਜ਼ਗਾਰਦਾਤਾਵਾਂ ਨੂੰ ਸਾਬਤ ਕਰਨਾ ਪੈਂਦਾ ਹੈ ਕਿ ਕੋਈ ਵੀ ਕੈਨੇਡੀਅਨ ਇਸ ਆਸਾਮੀ ਲਈ ਯੋਗ ਨਹੀਂ ਹੈ ਅਤੇ ਅਜਿਹਾ ਕੈਨੇਡਾ ਦੇ ਰੁਜ਼ਗਾਰ ਅਤੇ ਸਮਾਜਿਕ ਵਿਕਾਸ (ਈਐੱਸਡੀਸੀ) ਵਿਭਾਗ ਦੀ ਨਿਗਰਾਨੀ ਹੇਠ ਐੱਲਐੱਮਆਈਏ ਪ੍ਰਕਿਰਿਆ ਰਾਹੀਂ ਕੀਤਾ ਜਾਂਦਾ ਹੈ। ਯਾਦ ਰਹੇ ਕਿ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਪਿਛਲੇ ਸਾਲ ਪੋਸਟ-ਗਰੈਜੂਏਟ ਵਰਕ ਪਰਮਿਟਾਂ ਵਿੱਚ 18-ਮਹੀਨੇ ਦੇ ਵਾਧੇ ਨੂੰ ਬੰਦ ਕਰ ਦਿੱਤਾ ਸੀ। ਕੈਨੇਡਾ ਸਰਕਾਰ ਨੇ ਕੋਵਿਡ -19 ਮਹਾਂਮਾਰੀ ਦੌਰਾਨ 18-ਮਹੀਨੇ ਦੇ ਵਾਧੇ ਦੀ ਸਕੀਮ ਸ਼ੁਰੂ ਕੀਤੀ ਸੀ।

ਜਸਪ੍ਰੀਤ ਸਿੰਘ ਵਾਂਗ ਕਹਾਣੀ ਵਿੰਨੀਪੈਗ ਦੇ ਮਨਦੀਪ ਸਿੰਘ ਭੁੱਲਰ ਦੀ ਵੀ ਅਜਿਹੀ ਹੀ ਸਥਿਤੀ ਹੈ। ਭੁੱਲਰ ਪੇਸ਼ੇ ਵਜੋਂ ਇੱਕ ਟਰੱਕ ਡਰਾਈਵਰ ਹਨ। ਮਨਦੀਪ ਸਿੰਘ ਭੁੱਲਰ ਇਸ ਸਮੇਂ ਵਰਕ ਪਰਮਿਟ ਉੱਤੇ ਹਨ, ਉਨ੍ਹਾਂ ਦਾ ਇਹ ਪਰਮਿਟ ਅਗਲੇ ਕੁਝ ਮਹੀਨਿਆਂ ਵਿੱਚ ਖ਼ਤਮ ਹੋਣ ਵਾਲਾ ਹੈ। ਮਨਦੀਪ ਸਿੰਘ ਭੁੱਲਰ ਦੱਸਦਾ ਹੈ ਕਿ ਉਹ ਵੀ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹੈ। ਮਨਦੀਪ ਸਿੰਘ ਭੁੱਲਰ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸੱਤ ਸਾਲ ਕੈਨੇਡਾ ਵਿੱਚ ਬਤੀਤ ਕਰਨ ਦੇ ਨਾਲ-ਨਾਲ ਲੱਖਾਂ ਰੁਪਏ ਇੱਥੇ ਖ਼ਰਚ ਕਰ ਦਿੱਤੇ ਹਨ ਅਤੇ ਅਜੇ ਵੀ ਉਨ੍ਹਾਂ ਦਾ ਭਵਿੱਖ ਇੱਥੇ ਹਨੇਰੇ ਵਿੱਚ ਹੈ। ਉਨ੍ਹਾਂ ਦੱਸਿਆ, "ਉਸ ਵਾਂਗ ਸੰਘਰਸ਼ ਦੇ ਰਾਹ ਉੱਤੇ ਪਏ ਵਿਦਿਆਰਥੀ ਭਾਰਤ ਵਾਪਸ ਨਹੀਂ ਪਰਤ ਸਕਦੇ, ਕਿਉਂਕਿ ਵਧੀਆ ਹੋਈਆਂ ਟਿਊਸ਼ਨ ਫ਼ੀਸਾਂ, ਟੈਕਸ ਅਤੇ ਹੋਰ ਖ਼ਰਚੇ ਭਰ ਕੇ ਉਹ ਪਹਿਲਾਂ ਹੀ ਭਾਰੀ ਕਰਜ਼ੇ 'ਚ ਡੁੱਬੇ ਹੋਏ ਹਨ।" ਓਨਟਾਰੀਓ ਦੇ ਬਰੈਂਪਟਨ ਵਿੱਚ ਰਹਿੰਦੇ ਬਿਕਰਮ ਸਿੰਘ ਵੀ ਭਵਿੱਖ ਲਈ ਫ਼ਿਕਰਮੰਦ ਹਨ। ਉਨ੍ਹਾਂ ਦਾ ਤਿੰਨ ਸਾਲ ਦਾ ਪੋਸਟ-ਗਰੈਜੂਏਟ ਵਰਕ ਪਰਮਿਟ ਖ਼ਤਮ ਹੋ ਰਿਹਾ ਹੈ। ਬਿਕਰਮ ਸਿੰਘ ਦੱਸਦੇ ਹਨ ਕਿ," 2019 ਵਿੱਚ ਉਹ ਲੱਖਾਂ ਰੁਪਏ ਖ਼ਰਚ ਕਰ ਕੇ ਕੌਮਾਂਤਰੀ ਵਿਦਿਆਰਥੀ ਦੇ ਤੌਰ ਉੱਤੇ ਕੈਨੇਡਾ ਆਏ ਸਨ। ਪੜ੍ਹਾਈ ਪੂਰੀ ਕੀਤੀ, ਟੈਕਸ ਦੀ ਅਦਾਇਗੀ ਕੀਤੀ ਅਤੇ ਪੀਆਰ ਲਈ ਅਪਲਾਈ ਕੀਤਾ ਪਰ ਅੱਗੇ ਕੀ ਹੋਣਾ ਕੁਝ ਵੀ ਨਹੀਂ ਪਤਾ।" ਬਿਕਰਮ ਸਿੰਘ "ਨੌਜਵਾਨ ਸਪੋਰਟ ਨੈੱਟਵਰਕ" ਜਥੇਬੰਦੀ ਨਾਲ ਜੁੜੇ ਹੋਏ ਹਨ, ਜੋ ਕੈਨੇਡਾ ਵਿੱਚ ਵਿਦਿਆਰਥੀਆਂ ਦੇ ਸ਼ੋਸ਼ਣ ਖ਼ਿਲਾਫ਼ ਕਾਫ਼ੀ ਸਮੇਂ ਤੋਂ ਲੜਾਈ ਲੜ ਰਹੀ ਹੈ।

ਉਨ੍ਹਾਂ ਦੱਸਿਆ ਕਿ ਓਨਟਾਰੀਓ ਦੇ ਬਰੈਂਪਟਨ ਵਿੱਚ ਪਿਛਲੇ ਹਫ਼ਤੇ ਉਨ੍ਹਾਂ ਰੈਲੀ ਕੀਤੀ ਜਿਸ ਵਿੱਚ ਵੱਡੀ ਗਿਣਤੀ ਸ਼ਾਮਲ ਲੋਕਾਂ ਵਿੱਚ ਜ਼ਿਆਦਾਤਰ ਪੋਸਟ-ਗਰੈਜੂਏਟ ਵਰਕ ਪਰਮਿਟ ਵਾਲੇ ਹੀ ਸਨ। ਬਿਕਰਮ ਸਿੰਘ ਨੇ ਮੁਤਾਬਕ ਪ੍ਰਭਾਵਿਤ ਕਾਮਿਆਂ ਨੇ ਕੈਨੇਡਾ ਦੇ ਸਿਆਸੀ ਆਗੂਆਂ ਤੱਕ ਪਹੁੰਚ ਕੀਤੀ ਹੈ ਪਰ ਅਜੇ ਤੱਕ ਉਨ੍ਹਾਂ ਦੀ ਕਿਸੇ ਵੀ ਥਾਂ ਸੁਣਵਾਈ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੀਆਂ ਦਿੱਕਤਾਂ ਨੂੰ ਦੇਖਦੇ ਹੋਏ ਜੁਲਾਈ ਮਹੀਨੇ ਦੇ ਆਖ਼ਰੀ ਹਫ਼ਤੇ ਵਿੱਚ ਪੂਰੇ ਕੈਨੇਡਾ ਵਿੱਚ ਸਰਕਾਰ ਦੀਆਂ ਨੀਤੀਆਂ ਨੂੰ ਲੈ ਕੇ ਸੰਘਰਸ਼ ਕੀਤਾ ਜਾਵੇਗਾ। ਬਿਕਰਮ ਸਿੰਘ ਮੁਤਾਬਕ ਪਹਿਲਾਂ ਤਿੰਨ ਸਾਲ ਦੇ ਵਰਕ ਪਰਮਿਟ ਦੌਰਾਨ ਵਿਦਿਆਰਥੀਆਂ ਨੂੰ ਪੀਆਰ ਮਿਲ ਜਾਂਦੀ ਸੀ ਪਰ ਪਿਛਲੇ ਸਾਲਾਂ ਦੌਰਾਨ ਕੈਨੇਡਾ ਨੇ ਲੱਖਾਂ ਦੀ ਤਦਾਦ ਵਿੱਚ ਸਟੱਡੀ ਪਰਮਿਟ ਜਾਰੀ ਕੀਤੇ, ਪਰ ਪੀਆਰ ਪ੍ਰਦਾਨ ਕਰਨ ਦੇ ਕੋਟੇ ਵਿੱਚ ਵਾਧਾ ਨਹੀਂ ਕੀਤਾ, ਜਿਸ ਕਾਰਨ ਪੀਆਰ ਮਿਲਣ ਵਿੱਚ ਦੇਰੀ ਹੋ ਰਹੀ ਹੈ।

ਜਿਨ੍ਹਾਂ ਨੌਜਵਾਨਾਂ ਦੀ ਪੋਸਟ ਗ੍ਰੈਜੂਏਟ ਵਰਕ ਪਰਮਿਟ ਦੀ ਮਿਆਦ ਖ਼ਤਮ ਹੋਣ ਦੇ ਨੇੜੇ ਹੈ, ਉਨ੍ਹਾਂ ਨੂੰ ਡਿਪੋਰਟ ਕੀਤੇ ਜਾਣ ਦਾ ਖ਼ਤਰਾ ਹੈ। ਬਿਕਰਮ ਸਿੰਘ ਦੱਸਦੇ ਹਨ ਕਿ ਜੇਕਰ ਪੋਸਟ-ਗਰੈਜੂਏਟ ਵਰਕ ਪਰਮਿਟ ਵਿੱਚ ਵਾਧਾ ਨਹੀਂ ਹੋਇਆ ਤਾਂ ਉਸ ਵਰਗੇ ਹਜ਼ਾਰਾਂ ਕਾਮਿਆ ਕੋਲ ਵਿਕਲਪ ਖ਼ਤਮ ਹੋ ਰਹੇ ਹਨ। ਬਿਕਰਮ ਮੁਤਾਬਕ, "ਅਜਿਹੀ ਸਥਿਤੀ ਵਿੱਚ ਕੁਝ ਸ਼ਰਨ ਲੈਣ ਲਈ ਅਰਜ਼ੀ ਦੇਣਗੇ ਅਤੇ ਕੁਝ ਐੱਲਐੱਮਆਈਏ ਦਸਤਾਵੇਜ਼ ਹਾਸਲ ਕਰਨ ਦੀ ਕੋਸ਼ਿਸ਼ ਕਰਨਗੇ। ਨਤੀਜੇ ਵੱਜੋਂ ਉਨ੍ਹਾਂ ਦਾ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਵੀ ਹੋਵੇਗਾ।" ਬਿਕਰਮ ਸਿੰਘ ਮੁਤਾਬਕ ਤੀਜਾ ਰਾਹ ਗ਼ੈਰਕਾਨੂੰਨੀ ਤਰੀਕੇ ਨਾਲ ਕੈਨੇਡਾ ਵਿੱਚ ਰਹਿਣ ਦਾ ਹੋਵੇਗਾ।




ਉਨ੍ਹਾਂ ਮੁਤਾਬਕ ਪਹਿਲਾਂ ਹੀ ਵਿਦਿਆਰਥੀ ਕੈਨੇਡਾ ਵਿੱਚ ਕੰਮ ਨਾ ਮਿਲਣ ਦੀ ਸਮੱਸਿਆ ਨਾਲ ਜੂਝ ਰਹੇ ਹਨ, ਦੂਜਾ ਹੁਣ ਵਰਕ ਪਰਮਿਟ ਦੀ ਮਿਆਦ ਵਧਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਕੈਨੇਡਾ ਵਿੱਚ ਇਮੀਗ੍ਰੇਸ਼ਨ ਮਾਹਰ ਕੰਵਰ ਸੁਮੀਤ ਸਿੰਘ ਸੀਰਾ ਨੇ ਦੱਸਿਆ ਕਿ ਉਨ੍ਹਾਂ ਨੇ ਪੋਸਟ ਗ੍ਰੈਜੂਏਟ ਵਰਕ ਪਰਮਿਟ ਦੀ ਮਿਆਦ ਤਿੰਨ ਸਾਲ ਦੀ ਬਜਾਇ ਪੰਜ ਸਾਲ ਕਰਨ ਬਾਰੇ ਕੈਨੇਡਾ ਦੀ ਸੰਸਦ ਵਿੱਚ ਇੱਕ ਪਟੀਸ਼ਨ ਵੀ ਮਾਰਚ 2024 ਵਿੱਚ ਪਾਈ ਸੀ, ਪਰ ਇਸ ਦੇ ਬਾਵਜੂਦ ਸਰਕਾਰ ਚੁੱਪ ਹੈ। ਉਨ੍ਹਾਂ ਦੱਸਿਆ ਕਿ ਦਸੰਬਰ 2024 ਤੱਕ ਕਰੀਬ ਇੱਕ ਲੱਖ ਤੋਂ ਜ਼ਿਆਦਾ ਕੌਮਾਂਤਰੀ ਵਿਦਿਆਰਥੀਆਂ ਦੇ ਵਰਕ ਪਰਮਿਟ ਖ਼ਤਮ ਹੋ ਜਾਣਗੇ ਅਤੇ ਉਨ੍ਹਾਂ ਦਾ ਭਵਿੱਖ ਕੀ ਹੋਵੇਗਾ ਇਸ ਉੱਤੇ ਕੋਈ ਗੱਲ ਨਹੀਂ ਹੋ ਰਹੀ। ਕੰਵਰ ਸੁਮੀਤ ਸਿੰਘ ਸੀਰਾ ਨੇ ਦੱਸਿਆ, "ਮੌਜੂਦਾ ਸਮੇਂ ਵਿੱਚ ਜੋ ਵਿਦਿਆਰਥੀ ਪੋਸਟ ਗ੍ਰੈਜੂਏਟ ਵਰਕ ਪਰਮਿਟ ਦੀ ਸਮੱਸਿਆ ਨਾਲ ਜੂਝ ਰਹੇ ਹਨ, ਇਸ ਸਮੱਸਿਆ ਦੇ ਸੰਕੇਤ 2022-23 ਵਿੱਚ ਦਿਖਣੇ ਸ਼ੁਰੂ ਹੋ ਗਏ ਸਨ।" "ਕੈਨੇਡਾ ਨੇ 2023 ਵਿੱਚ 10 ਲੱਖ ਕੌਮਾਂਤਰੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕੀਤੇ ਪਰ ਉਸ ਹਿਸਾਬ ਨਾਲ ਘਰਾਂ ਦੀ ਵਿਵਸਥਾ ਕੀਤੀ ਅਤੇ ਨਾ ਹੀ ਪੀਆਰ ਦੇ ਕੋਟੇ ਵਿੱਚ ਵਾਧਾ ਕੀਤਾ ਅਤੇ ਇਸ ਦਾ ਨਤੀਜਾ ਹੁਣ ਸਭ ਦੇ ਸਾਹਮਣੇ ਆ ਰਿਹਾ ਹੈ।" ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਵਿਦਿਆਰਥੀ ਕੈਨੇਡਾ ਦੀ ਨਾਗਰਿਕਤਾ ਹਾਸਲ ਕਰਨ ਦੀ ਮਾਨਸਿਕਤਾ ਨਾਲ ਹੀ ਇੱਥੇ ਆਏ ਸਨ, ਇਸ ਕਰ ਕੇ ਉਹ ਸੜਕਾਂ ਉੱਤੇ ਉਤਰ ਕੇ ਸਰਕਾਰ ਨੂੰ ਆਪਣੀ ਨੀਤੀਆਂ ਦਾ ਮੁਲਾਂਕਣ ਕਰਨ ਦੀ ਅਪੀਲ ਕਰ ਰਹੇ ਹਨ।

ਯਾਦ ਰਹੇ ਕਿ ਕੈਨੇਡਾ ਨੇ ਵਿਦੇਸ਼ੀਆਂ ਨੂੰ ਪੀਆਰ ਦੇਣ ਲਈ ਇੱਕ ਨਿਰਧਾਰਿਤ ਗਿਣਤੀ ਦੇਣ ਦਾ ਐਲਾਨ ਕੀਤਾ ਹੈ, ਜਿਸ ਤਹਿਤ 2024 ਵਿੱਚ 4 ਲੱਖ 85,000 ਲੋਕਾਂ ਨੂੰ ਪੀਆਰ ਦਿੱਤੀ ਜਾਵੇਗੀ ਅਤੇ ਸਾਲ 2025 ਵਿੱਚ ਪੰਜ ਲੱਖ ਲੋਕਾਂ ਨੂੰ ਕੈਨੇਡਾ ਪੱਕੀ ਰਿਹਾਇਸ਼ ਦੇਵੇਗਾ। ਇਸ ਵਿੱਚ ਰਿਫ਼ੂਊਰਜੀ, ਵਿਦਿਆਰਥੀ ਅਤੇ ਪ੍ਰਆਇੰਟ ਸਿਸਟਮ ਅਤੇ ਹੋਰ ਕੈਟਾਗਰੀਆਂ ਸ਼ਾਮਲ ਹਨ। ਕੰਵਰ ਸੁਮੀਤ ਸਿੰਘ ਸੀਰਾ ਮੁਤਾਬਕ ਇਹਨਾਂ ਪੰਜ ਲੱਖ ਵਿਚੋਂ "ਇਕਨੌਮੀ ਪ੍ਰੋਗਰਾਮ" ਦਾ ਕੋਟਾ ਤਿੰਨ ਲੱਖ ਹੈ ਜਿਸ ਵਿੱਚ ਪੂਰੀਆਂ ਦੁਨੀਆ ਤੋਂ ਡਾਕਟਰ, ਇੰਜੀਨੀਅਰ ਅਤੇ ਕੈਨੇਡਾ ਵਿੱਚ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਪੀ ਆਰ ਮਿਲਦੀ ਹੈ। ਮਾਹਰ ਮੰਨਦੇ ਹਨ ਕਿ ਬੇਸ਼ੱਕ ਵਿਦਿਆਰਥੀਆਂ ਕੋਲ ਐੱਲਐੱਮਆਈਏ, ਵਿਜ਼ਟਰ ਵੀਜਾ ਅਤੇ ਅੱਗੇ ਹੋਰ ਪੜ੍ਹਾਈ ਕਰਨ ਦੇ ਵਿਕਲਪ ਮੌਜੂਦ ਹਨ, ਪਰ ਇਨ੍ਹਾਂ ਸਾਰੇ ਵਿਕਲਪਾਂ ਦੀਆਂ ਆਪੋ ਆਪਣੀਆਂ ਮੁਸ਼ਕਿਲਾਂ ਵੀ ਹਨ। ਹਾਲਾਂਕਿ ਮਈ 2024 ਵਿੱਚ ਮੈਨੀਟੋਬਾ ਸਰਕਾਰ ਨੇ 6700 ਦੇ ਕਰੀਬ ਕਾਮਿਆਂ ਦੀ ਦੋ ਸਾਲਾਂ ਲਈ ਵਰਕ ਪਰਮਿਟ ਵਧਾਉਣ ਦੀ ਅਰਜ਼ੀ ਨੂੰ ਮਨਜ਼ੂਰ ਕਰ ਲਿਆ ਹੈ। ਪਰ ਜਿਨ੍ਹਾਂ ਲੋਕਾਂ ਦੇ ਵਰਕ ਪਰਮਿਟ ਖ਼ਤਮ ਹੋ ਰਹੇ ਹਨ, ਉਨ੍ਹਾਂ ਦੀ ਗਿਣਤੀ ਹਜ਼ਾਰਾਂ ਵਿੱਚ ਹੈ। ਵਰਕ ਪਰਮਿਟ ਵਧਾਉਣ ਦੇ ਲਈ ਵੀ ਮੈਨੀਟੋਬਾ ਸੂਬਾ ਸਰਕਾਰ ਨੂੰ ਫੈਡਰਲ ਸਰਕਾਰ ਕੋਲ ਬੇਨਤੀ ਕਰਨੀ ਪਈ ਸੀ ਅਤੇ ਉਸ ਦੀ ਆਗਿਆ ਦੇ ਨਾਲ ਹੀ ਸੂਬਾ ਸਰਕਾਰ ਅਜਿਹਾ ਕਰ ਪਾਈ ਸੀ।

ਵਰਕ ਪਰਮਿਟ ਵਧਾਉਣ ਸਬੰਧੀ ਕੈਨੇਡਾ ਦੀ ਸੰਸਦ ਵਿੱਚ ਪਾਈ ਗਈ ਪਟੀਸ਼ਨ ਦੇ ਜਵਾਬ ਵਿੱਚ ਇੱਕ ਮਈ 2024 ਨੂੰ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਪਰਵਾਸ ਵਿਭਾਗ ਨੇ ਪੋਸਟ ਗ੍ਰੈਜੂਏਟ ਵਰਕ ਪਰਮਿਟ ਦੇ ਮੁੱਦੇ ਉੱਤੇ ਆਖਿਆ ਸੀ, ਕਿ ਕੈਨੇਡਾ ਵਿੱਚ ਦੋ ਸਾਲ ਦੀ ਪੜ੍ਹਾਈ ਕਰਨ ਤੋਂ ਬਾਅਦ ਤਿੰਨ ਸਾਲ ਦਾ ਵਰਕ ਪਰਮਿਟ ਮਿਲਦਾ ਸੀ।

ਪਰ ਕੋਵਿਡ ਮਹਾਂਮਾਰੀ ਦੌਰਾਨ ਕੈਨੇਡਾ ਦੀ ਲੇਬਰ ਮਾਰਕਿਟ ਵਿੱਚ ਕਾਮਿਆਂ ਦੀ ਘਾਟ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਅਸਥਾਈ ਨੀਤੀ ਤਹਿਤ ਵਰਕ ਪਰਮਿਟ ਵਿੱਚ 18 ਮਹੀਨੇ ਦੇ ਵਾਧੇ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਅਤੇ ਇਹ ਤਿੰਨ ਸਾਲ ਤੱਕ ਲਾਗੂ ਵੀ ਰਿਹਾ। ਪਰ ਸਰਕਾਰ ਨੇ ਪਿਛਲੇ ਸਾਲ ਇਸ ਪ੍ਰੋਗਰਾਮ ਨੂੰ ਬੰਦ ਕਰ ਦਿੱਤਾ। ਸਰਕਾਰ ਮੁਤਾਬਕ ਜਿਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਦੇ ਪੋਸਟ ਗ੍ਰੈਜੂਏਟ ਵਰਕ ਪਰਮਿਟ ਦੀ ਮਿਆਦ 2024 ਵਿੱਚ ਖ਼ਤਮ ਹੋ ਰਹੀ ਹੈ ਅਤੇ ਉਹ ਕੈਨੇਡਾ ਵਿੱਚ ਕੰਮ ਕਰਨਾ ਜਾਰੀ ਰੱਖਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵੱਖਰੇ ਵਰਕ ਪਰਮਿਟ ਦੀ ਲੋੜ ਹੋਵੇਗੀ। ਜਿਸ ਲਈ ਉਹ ਯੋਗ ਹੋਣਗੇ ਉਸ ਦੇ ਲਈ ਅਰਜ਼ੀ ਵੀ ਦੇਣੀ ਪਵੇਗੀ। ਜਾਣਕਾਰ ਮੰਨਦੇ ਹਨ ਕਿ ਕੈਨੇਡਾ ਸਰਕਾਰ ਫ਼ਿਲਹਾਲ ਤਿੰਨ ਸਾਲਾ ਪੋਸਟ ਗ੍ਰੈਜੂਏਟ ਵਰਕ ਪਰਮਿਟ ਦੀ ਮਿਆਦ ਵਿੱਚ ਵਾਧਾ ਕਰਨ ਦੇ ਮੂਡ ਵਿੱਚ ਨਜ਼ਰ ਨਹੀਂ ਆਉਂਦੀ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
IRS e-file
CTEC California Tax Education Council Registered Tax Preparer

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# "ਚਾਲੀ ਸਾਲ ਪਹਿਲਾਂ 1984 (84) ਦੀ 'ਚੀਸ', 'ਇੱਕ ਖਿਡਾਰੀ (ਅਥਲੀਟ) ਦੀ ਹੱਡ ਬੀਤੀ'




ਫਕੀਰ ਸਿੰਘ ਮਹਿਮੀ
+1 (916) 530-8467


ਅੱਜ ਤੋਂ ਚਾਲੀ ਸਾਲ ਪਹਿਲਾਂ ਭਾਰਤੀ ਨਿਜ਼ਾਮ ਦੀ ਤੱਤਕਾਲੀ ਕਾਂਗਰਸ ਸਰਕਾਰ ਨੇ ਪੰਜਾਬ ਹੀ ਨਹੀ ਸਗੋਂ ਸਮੁੱਚੇ ਸਿੱਖ ਜਗਤ ਦੇ ਧਾਰਮਿਕ ਜਜਬਾਤਾਂ ਨੂੰ ਬੜੀ ਬੇਕਿਰਕੀ ਨਾਲ ਝੰਜੋੜਿਆ। ਇਸ ਸਮੁੱਚੇ ਵਰਤਾਰੇ ਵਿਚ ਕਾਂਗਰਸ ਤੋਂ ਇਲਾਵਾ ਅਜੋਕੇ ਭਾਜਪਾਈਆਂ ਦਾ ਵੀ ਦੋਸ਼ ਸੀ। ਉਸ ਵੇਲੇ ਮੇਰੀ ਚੜ੍ਹਦੀ ਜਵਾਨੀ ਉਮਰ ਸਾਢੇ ਸਤਾਰਾਂ ਸਾਲ ਸੀ। ਮੁੱਛ ਫੁੱਟ ਤੇ ਚੜ੍ਹਦੀ ਜਵਾਨੀ ਦੇ ਏਸ ਦੌਰ ਵਿੱਚ ਅੰਤਾਂ ਦਾ ਜੋਸ਼ ਸੀ। ਦੱਸਵੀ ਤੋ ਬਾਅਦ ਹਾਇਰ ਸਕੈਂਡਰੀ ਲਈ (ਸ਼ਹਿਰ) ਕਪੂਰਥਲੇ ਦਾਖਲਾ ਲੈ ਲਿਆ। 1983 (83) ਦੇ ਸਾਲ ਖੇਡ ਖੇਤਰ ਵਿੱਚ ਸ਼ਰੀਰ ਨੂੰ ਐਥਲੈਟਿਕਸ ਈਵੈਂਟ (Evants) ਵਾਸਤੇ ਉੱਚ ਪ੍ਰਾਪਤੀਆਂ ਕਰਨ ਲਈ ਵੱਡਾ ਉਤਸ਼ਾਹ ਪੈਦਾ ਹੋਇਆ। ਇਸੇ ਕਰਕੇ ਸਖੱਤ ਮਿਹਨਤ ਕਰਦਿਆਂ ਜਿਲ੍ਹਾ ਕਪੂਰਥਲਾ ਵੱਲੋਂ ਪੰਜਾਬ (Inter Distirct) ਪਧੱਰ ਤੱਕ ਭਾਗ ਲੈ ਲਿਆ ਸੀ ਪਰ



ਉਸ ਮੁਕਾਬਲਿਆਂ ਵਿਚ ਕੋਈ ਵੱਡੀ ਪ੍ਰਾਪਤੀ ਨਾਂ ਹੋਈ ਪਰ ਉੱਥੇ ਖਿਡਾਰੀਆਂ(ਅਥਲੀਟਾਂ) ਦੀਆਂ ਉੱਚ ਪ੍ਰਾਪਤੀਆਂ ਨੂੰ ਵੇਖ ਮੇਰੇ ਮੰਨ ਵਿੱਚ ਵੀ ਅੱਗੋਂ ਸਕੂਲ ਮੁਕਾਬਲਿਆਂ ਵਿਚ ਹੀ ਰਹਿ ਕਰ ਨੈਸ਼ਨਲ ਪਧੱਰ (Inter State) ਵਿੱਚ ਵੱਡੀ ਪ੍ਰਾਪਤੀ ਦੀ ਲਾਲਸਾ ਪੈਦਾ ਹੋਈ। ਜਿਸ ਕਰਕੇ ਮੈਂ ਹਾਇਰ ਸਕੈਂਡਰੀ ਦੇ ਪੇਪਰ ਛੱਡ (Drop) ਕਰ ਦਿੱਤੇ। ਪਿੰਡ ਰਹਿੰਦਿਆਂ ਬੜੀ ਸਖਤ ਮਿਹਨਤ (ਰੇਤਲੇ ਟਿੱਬਿਆਂ) ਵਿਚ ਦੌੜ (Runinng) ਨੇ ਮਿਡਲ ਦਰਜੇ ਦੀਆਂ ਦੌੜਾਂ ਚਾਰ ਤੇ ਅੱਠ ਸੌ ਮੀ। 400, 500 ਮੀ. ਲਈ ਪ੍ਰਪੱਕ ਕਰ ਦਿੱਤਾ। ਜੋ ਪੰਜਾਬ ਪੱਧਰ ਦੇ ਅਥਲੀਟ ਵਿਚ ਹੋਣੀ ਚਾਹੀਦੀ ਹੈ। ਸਪੋਰਟਸ ਸਕੂਲ ਜਲੰਧਰ (ਪੰਜਾਬ ਦਾ ਇੱਕੋ ਇੱਕ ਸਪੋਰਟਸ ਸੰਸਥਾ) ਜਿੱਥੇ ਦਾਖਲਾ ਲੈਣਾ ਬੜਾ ਔਖਾ ਹੁੰਦਾ ਸੀ, ਵਿੱਚ ਦਾਖਲਾ ਲੈ ਲਿਆ। ਹੋਸਟਲ ਵਿੱਚ ਰਹਿੰਦਿਆਂ ਅਪ੍ਰੈਲ ਤੋਂ ਹੀ ਸਖ਼ਤ ਮਿਹਨਤ ਸ਼ੁਰੂ ਹੋ ਜਾਂਦੀ ਹੈ। ਇਨ੍ਹਾਂ ਉੱਚ ਪਧੱਰ ਦੇ ਖਿਡਾਰੀਆਂ ਲਈ ਹਰ ਸਾਲ (Summer Coacihng Camp) ਜੋ ਹਰ ਖੇਡ ਦੇ ਖਿਡਾਰੀਆਂ ਲਈ Ten days ਦਾ ਚੰਗੀ ਸਰੀਰਿਕ ਸੁਢੋਲਤਾ ਲਈ ਹਰ ਸਾਲ ਜੂਨ ਮਹੀਨੇ ਵਿਚ ਸ਼੍ਰੀ ਨਗਰ (ਕਸ਼ਮੀਰ) ਲੱਗਿਆਂ ਕਰਦਾ ਸੀ, ਲਈ Trials ਟ੍ਰਾਇਲ (ਚੋਣ) ਹੋ ਗਏ ਸਨ। ਜਿਸ ਵਿਚ ਮੈਂ ਵੀ ਪੰਜਾਬ ਦੇ ਚੰਗੇ ਖਿਡਾਰੀਆਂ ਵਿਚ ਨਾਮ ਦਰਜ ਕਰਾ ਲਿਆ। ਮਈ (84) ਦੇ ਸ਼ੁਰੂ ਤੋਂ ਹੀ ਪੰਜਾਬ ਵਿਚ ਹਾਲਾਤ ਬਹੁਤ ਮਾੜੇ ਹੋ ਰਹੇ ਸਨ। ਭਾਰਤੀ ਫੌਜ ਤੇ C.R.P.F. ਵਲੋਂ ਸਿੱਖਾਂ ਲਈ ਮਾੜੇ ਵਤੀਰਿਆਂ ਨਾਲ ਸਿੱਖ ਕੌਮ ਵਿੱਚ ਵੱਡਾ ਰੋਸ ਪੈਦਾ ਹੋ ਰਿਹਾ ਸੀ। ਇਹ ਉਹ ਸਮਾਂ ਸੀ ਜਦੌ ਸਿੱਖਾਂ ਨੂੰ ਬਹੁਤ ਬਦਨਾਮ ਕੀਤਾ ਜਾ ਰਿਹਾ ਸੀ। ਇਸ ਦਾ ਅਸਰ ਸਾਡੇ ਖੇਡ ਅਭਿਆਸ ਅਕਸਰ ਕਰਾਸ ਕੰਟਰੀ ਲਾਉਂਦਿਆਂ ਤੇ ਸੁਨੇ ਥਾਵਾਂ ਰੇਤਲੇ ਟਿਬਿੱਆਂ ਵਿੱਚ ਮਿਹਨਤ ਕਰਦੇ ਅਕਸਰ ਪਿਆ। ਇਨ੍ਹਾਂ ਅੜਚਣਾ ਅਤੇ ਦਖਲ ਅੰਦਾਜੀ ਕਾਰਣ ਜੋ ਮਾਨਸਿਕ ਤੇ ਸਰੀਰਿਕ ਤਨਾਓ ਬਣਿਆ ਰਿਹਾ ਉਸ ਨੇ ਭਾਵੁਕ ਮਾਨਸਿਕ ਤੌਰ ਲਈ ਬੜਾ ਪ੍ਰਭਾਵਿਤ ਕੀਤਾ। ਕਈ ਵਾਰੀ ਤਾਂ ਸੜਕ ਦੀ ਪਟੜੀ ਉੱਤੇ ਦੋੜਦਿਆਂ ਖ਼ਦਸ਼ਾ ਇਹ ਵੀ ਰਹਿੰਦਾ ਸੀ ਕਿ ਕਿਤੇ ਕੋਈ ਸੁਰੱਖਿਆ ਦਸਤਾ ਪਿੱਛੋ ਗੋਲੀ ਹੀ ਨਾਂ ਮਾਰ ਦੇਵੇ। ਉਦੋਂ ਇਹ ਸੱਭ ਜਾਇਜ਼ ਸੀ। ਉਸੇ ਦੌਰ ਵੇਲੇ ਬੱਸਾਂ ਰੇਲਾਂ ਵਿਚ ਵਿਸ਼ੇਸ਼ ਤੌਰ ਤੇ ਅੰਮ੍ਰਿਤ ਧਾਰੀ (ਸਿੱਖਾਂ) ਦੀ ਤਲਾਸ਼ੀ ਲਏ ਜਾਣ ਵੇਲੇ ਫੌਜ ਦੀ ਬਦਸਲੂਕੀ ਨਾਲ ਪੈਦਾ ਹੋਈ ਤਲਖਕਲਾਮੀ ਹੁੰਦੀ ਮੈਂ ਅਕਸਰ ਵੇਖੀ। ਜਦੋਂ ਕਦੇ ਜਲੰਧਰੋਂ ਪਿੰਡ ਜਾਂ ਪਿੰਡੋ ਜਲੰਧਰ ਆਇਆ ਜਾਇਆ ਕਰੀਦਾ ਸੀ। ਹਰ ਸਾਲ ਦੀ ਤਰਾਂ ਇੱਕ ਜੂਨ (84) ਤੋਂ ਸਾਡਾ ਕੈਂਪ ਸ਼੍ਰੀ ਨਗਰ ਸ਼ੁਰੂ ਹੋਣਾ ਸੀ। ਤੀਹ (30)ਮਈ ਨੂੰ ਸਵੇਰੇ ਸਾਡੇ ਅੱਧੇ ਗਰੁਪ ਦੇ ਖਿਡਾਰੀਆਂ ਨੂੰ ਬੱਸਾਂ ਵਿਚ ਬਿਠਾ ਕੇ ਜਮੂੰ ਲਈ ਤੋਰ ਦਿੱਤਾ। ਪਰ ਸਾਨੂੰ ਦੁਪਹਿਰੈ ਬਾਅਦ ਮਾਧੋਪੁਰ ਕਸ਼ਮੀਰ ਦਾ ਬਾਰਡਰ ਪਾਰ ਕਰਦਿਆਂ ਹੀ ਰੋਕ ਲਿਆ ਗਿਆ। ਉਸ ਵੇਲੇ ਪੰਜਾਬ ਦੇ ਮਾੜੇ ਹਾਲਾਤਾਂ ਨੂੰ ਮਹਿਸੂਸ ਕਰਦਿਆਂ ਸਾਰੇ ਨੌਜਵਾਨਾਂ ਵਿਚ ਵੱਡਾ ਸਹਿਮ ਸੀ। ਉੱਥੇ ਤਾਇਨਾਤ ਫੌਜੀ ਜਵਾਨ ਸਾਨੂੰ ਸਾਰਿਆਂ ਨੂੰ ਬੜੀ ਗਹਿਰੀ ਤੇਜ਼ੀ (ਸ਼ੱਕੀ) ਨਜ਼ਰ ਨਾਲ ਵੇਖ ਰਹੇ ਸਨ। ਸਾਰੇ ਨੌ-ਜਵਾਨ ਖਿਡਾਰੀਆਂ ਨੂੰ ਵੇਖ ਕੇ ਇੱਕ ਦੇ ਫੌਜੀ ਦੇ ਮੂੰਹੋਂ ਤਾਂ ਉਗਰਵਾਦੀ ਸ਼ਬਦ ਵੀ ਸੁਣਿਆ। ਉਸ ਦੇ ਕਹਿਣ ਮੁਤਾਬਕ ਪੰਜਾਬ ਦੇ ਅੱਤਵਾਦੀਆਂ ਨੂੰ ਭਜਾ ਕੇ ਕਸ਼ਮੀਰ ਪਹੁੰਚਾਇਆ ਜਾ ਰਿਹਾ ਹੈ। ਸਾਰੀ ਰਾਤ ਉੱਥੇ ਖੜੇ ਰਹਿਣ ਤੋਂ ਬਾਅਦ ਸਵੇਰੇ ਚੰਡੀਗੜ੍ਹ ਵਿੱਚ ਸਿੱਖਿਆ ਵਿਭਾਗ ਨਾਲ ਗੱਲ ਹੋਈ ਜਿੱਥੋਂ ਸਾਰੇ ਗਰੁੱਪ ਨੂੰ "ਸਾਕਾ ਨੀਲਾ ਤਾਰਾ"ਦੀ ਭਿਆਨਕਤਾ ਦੇ ਮੱਦੇ ਨਜ਼ਰ ਸੱਭ ਨੂੰ ਵਾਪਿਸ ਜਲੰਧਰ ਸਪੋਰਟਸ ਸਕੂਲ ਦੇ ਹੋਸਟਲ ਸਾਂਝੇ ਸਥਾਨ ਉੱਪਰ ਪਹੁੰਚਾਉਣ ਦਾ ਹੁਕਮ ਹੋ ਗਿਆ। ਕੁੜੀਆਂ ਦੇ ਗਰੁਪ ਨੂੰ ਜਲੰਧਰ ਦੇ ਨਹਿਰੂ ਗਾਰਡਨ ਸਰਕਾਰੀ ਸਕੂਲ ਹੋਸਟਲ ਵਿੱਚ ਭੇਜ ਦਿੱਤਾ। ਕੱਤੀ (31) ਮਈ ਸ਼ਾਮ ਤੋਂ ਸਾਰੇ ਪੰਜਾਬ ਵਿੱਚ



ਸਖੱਤ ਕਰਫਿਊ ਲੱਗ ਗਿਆ ਸੀ।ਪਰ ਅਸੀ ਭਾਰਤੀ ਫੌਜ ਦੀਆਂ ਸੰਗੀਨਾਂ ਦੇ ਹੇਠ ਸ਼ਾਮ ਨੂੰ ਜਲੰਧਰ ਪਹੁੰਚ ਗਏ।ਦੂਸਰੇ ਗਰੁੱਪ ਦੇ ਖਿਡਾਰੀਆਂ ਨੂੰ ਤੀਹ ਮਈ ਨੂੰ ਹੀ ਪਿੰਡਾਂ ਨੂੰ ਘਰੋਂ ਘਰੀ ਤੋਰ ਦਿੱਤਾ ਸੀ। ਸਾਡਾ ਚਾਲੀ ਖਿਡਾਰੀਆਂ ਦਾ ਗਰੁੱਪ ਹੀ ਉੱਥੇ ਸਪੋਰਟਸ ਸਕੂਲ ਵਿੱਚ ਹੀ ਫਸ ਗਿਆ। ਅਗਲੇ ਦਿਨ ਤੋ ਹੀ ਵੱਡੀਆਂ ਅਫਵਾਹਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਸਰਕਾਰੀ ਸੰਸਥਾਂਵਾਂ ਉੱਪਰ ਆਰਮੀ (ਫੌਜ) ਰਿਹਾਇਸ਼ ਕਰਕੇ ਸਾਡੇ ਸਕੂਲ ਤੇ ਕਾਲਜ ਦੀਆਂ ਗਰਾਂਉਡਾ ਵਿੱਚ ਇਨ੍ਹਾਂ ਨੇ ਬੰਕਰ ਬਣਾ ਲਏ ਸਨ। ਸਾਡੇ ਚਾਰ ਸੌ(੪੦੦) ਮੀਟਰ ਟਰੈਕ ਵਿਚ ਤੋਪਾਂ ਬੀੜ ਦਿੱਤੀਆਂ ਗਈਆਂ। ਕਿਸੇ ਵੀ ਕਿਸੇ ਨੌਂ ਜਵਾਨ ਅਥਲੀਟ ਨੂੰ ਬਾਹਰ ਨਿਕਲਣ ਦਾ ਹੁਕਮ ਨਹੀ ਸੀ।ਅੱਤ ਦੀ ਗਰਮੀ ਅਤੇ ਡਰ, ਭੈਅ ਕਰਕੇ ਅਸੀ ਸਾਰੇ ਨੌ-ਜਵਾਨ ਖਿਡਾਰੀਆਂ ਨੇ ਅੰਦਰੋਂ ਅੰਦਰ (ਭਾਰ ਚੁਕ) ਜਾਂ ਥੋੜੀ Runinng ਕਰਕੇ ਹੀ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਵੱਡੇ ਸਹਿਮ ਦੇ ਚਲਦਿਆਂ ਮੈਸ (ਭੋਜਨ ਕਮਰੇ) ਵਿਚ ਸਿਰਫ ਇੱਕੋ ਵੇਲੇ ਹੀ ਰੋਟੀ ਪੱਕਦੀ ਸੀ। ਉਸ ਸਮੇਂ ਦੇ ਅਧੂਰੇ ਸੰਚਾਰ ਦੇ ਸਾਧਨਾਂ ਕਰਕੇ ਭਿਆਨਕ ਖ਼ਬਰਾਂ ਆਉਣੀਆਂ ਸ਼ੁਰੂ ਹੋ ਗਈਆਂ। ਚਾਰ (4) ਜੂਨ ਤੱਕ ਅਕਾਲ ਤਖਤ ਉੱਪਰ ਵੱਡੇ ਐਕਸ਼ਨ ਦੀ ਖ਼ਬਰ ਨੇ ਸੱਭ ਨੂੰ ਭੈਅ-ਭੀਤ ਕਰ ਦਿੱਤਾ ਸੀ। ਓਸ ਦਿਨ ਬਹੁਤ ਸਾਰਿਆਂ ਇੱਕ ਵੇਲੇ ਦੀ ਰੋਟੀ ਵੀ ਨਾ ਖਾਧੀ। ਅੰਦਰੋ ਅੰਦਰੀ ਭੜਕੇ ਨੌਜਵਾਨ ਵੱਡੀ ਬਗਾਵਤ ਕਰਨ ਲਈ ਖੂੰਖਾਰ ਹੋ ਰਹੇ ਸਨ ਪਰ ਸਾਡੇ ਹੋਸਟਲ ਵਾਰਡਨ ਦੇ ਸ਼ਾਂਤ ਸੰਦੇਸ਼ ਨੇ ਸੱਭ ਨੂੰ ਠੰਡੇ ਕਰ ਦਿੱਤਾ। ਬਾਰਾਂ (12) ਜੂਨ ਨੂੰ ਜਦੋਂ ਮੈਸ ਵਿਚਲਾ ਖਾਣ ਪਦਾਰਥ ਵੀ ਮੁੱਕਣਾ ਸ਼ੁਰੂ ਹੋ ਗਿਆ ਸੀ। ਤਾਂ ਚੌਦਾਂ (14) ਜੂਨ ਨੂੰ ਮੇਰੀ ਸੋਚ ਦੇ ਦੋ ਹੋਰ ਜਵਾਨ ਖਿਡਾਰੀਆਂ ਜੋ ਮੇਰੇ ਜਮਾਤੀ ਸਨ, ਨੇ ਮੇਰੇ ਨਾਲ ਮੇਰੇ ਪਿੰਡ ਜਾਣ ਦਾ ਫੈਸਲਾ ਕਰ ਲਿਆ। ਪਿੰਡ ਤੱਕ ਪਹੁੰਚਣ ਦੇ ਕੱਚੇ ਰਾਹਾਂ ਤੋਂ ਮੈਂ ਜਾਣੂੰ ਸਾਂ। ਰਾਹੋਂ ਕੁਰਾਹੇ ਪਿੰਡਾਂ ਦੇ ਬਾਹਰੋਂ ਬਾਹਰ ਇਹ ਰਸਤਾ ਬੜਾ ਖ਼ਤਰਨਾਕ ਸੀ। ਗਰਮੀ ਵੀ ਅੱਤ ਦੀ ਸੀ।ਜਦੋ ਕਾਂ ਦੀਆਂ ਅੱਖਾਂ ਵੀ ਬਾਹਰ ਆਉਂਦੀਆਂ ਸਨ।ਮੇਰਾ ਪਿੰਡ ਜੋ ਏਥੋਂ ਸਤਾਰਾਂ (17) ਕਿਲੋਮੀਟਰ ਦੱਖਣ ਵੱਲ ਸੀ। ਉਂਜ ਹੁਣ ਮਹੌਲ ਥੋੜਾ ਠੰਡ ਵੀ ਹੋ ਗਿਆ ਸੀ ਅਸੀ ਤਿੰਨ ਮੁੰਡਿਆਂ ਨੇ ਹੋਸਟਲ ਸੁਪਰਡੈਂਟ ਸਾਹਿਬ ਨੂੰ ਲਿਖਤੀ ਬੇਨਤੀ ਪਤੱਰ (ਅਰਜ਼ੀਆਂ) ਦੇ ਕਰ ਝੋਲੇ ਚੁੱਕ ਪਿੰਡ ਵੱਲ ਚਾਲੇ ਪਾ ਲਏ। ਜਲੰਧਰ ਦੇ ਧੁਰ ਪੱਛਮ ਵਿਚ ਇਸ ਇਲਾਕੇ ਤੋਂ ਬਸਤੀਆਂ ਦੀਆਂ ਗਲੀਆਂ ਨਿਕਲਦੇ ਹੋਏ ਅਸੀ ਪਿੰਡ ਖੇਤਰਾਂ ਵਿਚ ਆ ਗਏ। ਮੁੱਖ ਸੜਕਾਂ ਤੋ ਹਟਦੇ ਹੋਏ ਕੱਚੇ ਰਾਹਾਂ,ਬੰਨੇ ਵੱਟਾਂ ਤੇ ਵਾਣ੍ਹਾਂ ਵਿੱਚੋਂ ਵੀ ਨਿਕਲਣਾ ਪਿਆ। ਉਨ੍ਹਾਂ ਵੇਲਿਆਂ ਵਿੱਚ ਸਾਡੇ ਇਲਾਕੇ ਵਿਚ ਰੇਤਲੇ ਟਿੱਬੇ ਬਹੁਤ ਹੁੰਦੇ ਸਨ। ਇਹ ਟਿੱਬੇ ਦਿਨ ਵੇਲੇ ਬਹੁਤ ਤਪ ਜਾਂਦੇ ਸਨ। ਜਿਸ ਨਾਲ ਗਰਮੀ ਵੀ ਬੇਅੰਤ ਹੋ ਜਾਂਦੀ ਸੀ। ਦੱਬ, ਕ੍ਹਾਈ ਤੇ ਸਰਕੜੇ ਨਾਲ ਭਰੇ ਇਨ੍ਹਾਂ ਰਾਂਹਾਂ ਤੋਂ ਗੁਜ਼ਰਦਿਆਂ ਸਾਡੇ ਸਪੋਰਟਸ ਬੂਟ (ਟੱਲੀ ਵਾਲੇ) ਵੀ ਪਾਟਣੇ ਸ਼ੁਰੂ ਹੋ ਗਏ। ਕਈ ਥਾਂਈਂ ਅਸੀ ਦੂਰ ਸੜਕ ਉੱਪਰ ਜਾਂਦੀ ਫੌਜ ਦੀ ਗੱਡੀ ਵੇਖ ਕੇ ਮੋਢਿਆਂ ਉੱਪਰ ਕਹੀਆਂ ਚੁੱਕ ਖੇਤ ਕਾਮਿਆਂ ਦਾ ਭੁਲੇਖਾ ਵੀ ਪਾ ਲੈਂਦੇ ਸੀ। ਕਿਤੇ ਅਸਲੀ ਖੇਤ ਕਾਮਿਆਂ ਨੇ ਸਾਨੂੰ ਫੌਜ ਤੋ ਭਗੌੜੇ (ਬਾਗੀ) ਧਰਮੀ ਫੌਜੀ ਵੀ ਸਮਝਿਆ ਪਰ ਸਾਰੇ ਲੋਕਾਂ ਵਿਚ ਭੈਅ ਸੀ। ਉਨ੍ਹਾਂ ਦਿਨ੍ਹਾਂ ਵਿਚ ਵਿਸ਼ੇਸ਼ ਮਾਝੇ ਵਾਲੇ ਪਾਸੇ ਤੋਂ ਪਿੰਡੋ ਪਿੰਡਾ ਵਿਚੌਂ ਲੋਕ ਆਪ ਮੁਹਾਰੇ ਅਮ੍ਰਿਤਸਰ (ਹਰਿਮੰਦਰ ਸਾਹਿਬ) ਵੱਲ ਕੂਚ ਕਰ ਰਹੇ ਸਨ। ਸਾਡੇ ਇੱਕ ਸਾਥੀ ਨੇ ਵੀ ਅਜੇਹਾ ਕਰਨ ਲਈ ਸਲਾਹ ਦਿੱਤੀ ਪਰ ਅਸੀ ਦੋ ਇਸ ਦੇ ਉਲਟ ਸੀ ਤਾਂ ਸੁੱਧੇ ਘਰ ਜਾਣ ਦੀ ਸਲਾਹ ਹੀ ਪੱਕੀ ਰਹੀ। ਉਸ ਸਾਲ ਸਾਨੂੰ ਕਿਤੇ ਵੀ ਪਾਣੀ (ਠੰਡੇ ਜਲ) ਦੀ ਛਬੀਲ ਵੀ ਨਾਂ ਦਿਸੀ। ਤੁਰਦਿਆਂ ਇਕ ਵਾਰੀ ਸਾਨੂੰ ਦੂਰ ਅੱਗ ਦੇ ਭਾਂਬੜ ਦਿਖਾਈ ਦਿੱਤੇ ਜੋ ਗਰਮੀ ਕਾਰਣ ਸੁੱਕੇ ਨਾੜ ਜਾਂ ਕਾਈ ਨੂੰ ਲੱਗੇ ਸਨ। ਇਸ ਦ੍ਰਿਸ਼ ਰਾਂਹੀ ਸਾਨੂੰ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਵਿਖਾਈ ਦਿੱਤਾ। ਸਾਡੇ ਵਿਚ ਭੈਅ ਹੋਰ ਵੱਧ ਗਿਆ ਪਰ ਚਿੱਟੇ ਦਿਨ ਨੇ ਸਾਨੂੰ ਡੋਲਣ ਨਹੀ ਦਿੱਤਾ। ਬੰ-ਬੀਆਂ (ਚਬਿੱਚਿਆਂ) ਤੋਂ ਮੈਲਾ ਕੁਚੈਲਾ ਪਾਣੀ ਜੋ ਕਈ ਦਿਨਾਂ ਦਾ ਖੜਿਆ ਸੀ, ਪੀਂਅ ਕਰ ਰਾਹੋਂ ਕੁਰਾਹੇ ਦੱਬ, ਸਰਕੜੇ ਮਿੱਧਦੇ ਥੱਕੇ ਟੁੱਟੇ ਪਰ ਅਥਲੀਟ ਹੋਣ ਕਰਕੇ ਪ੍ਰਵਾਹ ਨਹੀ ਕੀਤੀ, ਆਪਣੇ ਪਿੰਡ ਨੇੜੇ ਆ ਕੇ ਸੜਕ ਦਾ ਰਾਹ ਫੜਿਆ। ਏਥੋਂ ਅਸੀ ਇਕੱਲੇ ਇਕੱਲੇ ਹੋ ਗਏ ਤਾਂ ਕਿ ਮੁੱਖ ਸੜਕ ਤੋ ਗੁਜ਼ਰਦੀ ਕੋਈ ਫੌਜ ਜਾਂ ਪੁਲਿਸ ਦੀ ਗੱਡੀ ਅੱਤਵਾਦੀ ਸਮਝ ਕੋਝਾ (ਮਾੜਾ) ਕਾਰਾ ਨਾਂ ਕਰ ਦੇਵੇ। ਪਿੰਡ (ਘਰ) ਪਹੁੰਚੇ ਤਾਂ ਸੂਰਜ ਦੀ ਟਿੱਕੀ ਥੋੜੀ ਦਿਸ ਰਹੀ ਸੀ ਭਾਵ ਸ਼ਾਮ ਪੈ ਗਈ। ਏਹੀ ਚੜ੍ਹਦੇ ਸੂਰਜ ਨੂੰ ਵੇਖਦਿਆਂ ਮੇਰੀ ਮਾਂ ਨੂੰ ਹਰ ਦਿਨ ਉਮੀਦ ਰਹਿੰਦੀ ਸੀ ਕਿ ਉਸ ਦਾ ਪੁੱਤਰ ਜ਼ਰੂਰ ਕਿਤੇ ਸੁਰੱਖਿਅਤ ਥਾਂ



ਸ਼੍ਰੀ ਨਗਰ(ਕਸ਼ਮੀਰ) ਹੋਵੇਗਾ। ਉਸ ਵਕਤ ਅਸੀ ਬੜੇ ਭਾਵੁਕ ਤੇ ਜਜ਼ਬਾਤੀ ਰੌਂਅ ਵਿੱਚ ਭਾਵ ਪੂਰਵਕ ਸਥਿਤੀ ਦੇ ਹੁੰਦਿਆਂ ਸਾਰੇ ਘਰਦਿਆਂ ਨੂੰ ਮਿਲੇ ਉਨ੍ਹਾਂ ਨੂੰ ਇਵੇਂ ਮਹਿਸੂਸ ਹੋ ਰਿਹਾ ਸੀ ਜਿਵੇਂ ਉਨ੍ਹਾਂ ਦੇ ਪੁੱਤ ਕੋਈ ਵੱਡੀ ਜੰਗ ਜਿੱਤ ਕਰ ਆਏ ਹੋਣ। ਘਰ ਪ੍ਰੀਵਾਰ ਮੁਤਾਬਿਕ ਅਸੀ ਕਸ਼ਮੀਰ ਘਾਟੀ ਦੇ ਸੁਖ-ਾਂਵੇ ਮਹੌਲ ਵਿਚ ਖੇਡ ਅਭਿਆਸ ਕਰ ਰਹੇ ਸਾਂ ਪਰ ਸਾਡੇ ਵੱਲੋਂ ਸਾਰੀ ਵਿੱਥਿਆ ਦੱਸਣ ਤੋਂ ਬਾਅਦ ਉਨ੍ਹਾਂ ਨੂੰ ਵੱਡੀ ਹੈਰਾਨੀ ਹੋਈ। ਕੁਦਰਤ ਦੇ ਸੁਖਾਂਵੇਂ ਮਹੌਲ ਸਹਾਰੇ ਉਨ੍ਹਾਂ ਰੱਬ ਦਾ ਲੱਖ-ਲੱਖ ਸ਼ੁਕਰਾਨਾ ਕੀਤਾ। ਕਈ ਦਿਨਾਂ ਤੋਂ ਘਰ ਵਿਚ ਰਹਿੰਦਿਆਂ ਅਸੀ ਨੌਜਵਾਨ ਤਿੰਨੋਂ ਤੇ ਚੌਥਾ ਮੇਰੇ ਤਾਏ ਦਾ ਪੁੱਤ ਅਥਲੀਟ (ਚਾਰ ਜਣੇ) ਨੇ ਬਾਹਰ ਮਿਹਨਤ ਕਰਨ ਦੀ ਵਿਓਂਤ ਬਣਾ ਲਈ, ਘਰ ਪ੍ਰੀਵਾਰ ਤੋ ਮਨਜ਼ੂਰੀ ਲੈ ਕਰ ਰੇਤਲੇ ਟਿੱਬਿਆਂ ਵਿੱਚ ਪ੍ਰੈਕਟਸ ਕਰਦੇ ਰਹੇ। ਇੱਕ ਦਿਨ ਸੜਕੀ ਰਸਤੇ ਰਾਂਹੀ ਸਾਡੇ ਪਿੰਡ ਤੋ ਕਪੂਰਥਲੇ ਵੱਲ ਸੜਕੀ ਰਾਹ ਉੱਪਰ ਕਰਾਸ ਕੰਟਰੀ (ਲੰਬੀ ਦੌੜ) ਲਾਉਣ ਦਾ ਮੰਨ ਬਣਾ ਲਿਆ। ਘਰਾਂ ਤੋਂ ਕੱਛੇ-ਬੁਨੇਣਾ ਪਹਿਨ ਕੇ ਪਿੰਡੋ ਨਿਕਲਦਿਆਂ ਦੀ ਸੰਗ ਸ਼ਰਮ ਨੇ ਬਾਹਰ ਵਾਰ ਕੱਪੜੇ ਉਤਾਰ ਸਪੋਰਟਸ ਕਿੱਟ ਰਾਂਹੀ ਦੌੜ ਲਾਉਣ ਦੀ ਵਿਓਂਤ ਬਣਾਈ। ਸਾਲ ਦੇ ਸਭ ਤੋ ਵੱਡੇ ਇਹ ਜੂਨ ਮਹੀਨੇ ਦੇ ਦਿਨ ਬੜੇ ਤਪਸ਼ ਵਾਲੇ ਸਨ। ਬਾਹਰ-ਵਾਰ ਸੁੰਨੀ ਥਾਂਈਂ ਇਕ ਦੂਸਰੇ ਪਿੰਡ ਦੀ ਬੰਬੀ(ਮੋਟਰ) ਨੇੜੇ ਪੱਧਰੇ ਹੀ ਕੁੜਤੇ ਪਜਾਮੇ ਉਤਾਰ ਕੇ ਥੋੜਾ ਗਰਮ ਹੁੰਦੇ ਹੋਲੀ-ਹੋਲੀ ਕਪੂਰਥਲੇ ਵੱਲ ਕੂਚ ਕਰ ਦਿੱਤਾ। ਸਾਡੇ ਕੱਪੜੇ ਤਿੰਨ ਢੇਰੀਆਂ ਦੇ ਰੂਪ ਵਿਚ ਪੱਧਰੇ ਦੂਰੋਂ ਹੀ ਵਿਖਾਈ ਦੇ ਰਹੇ ਸਨ। ਸੜਕ ਉੱਤੇ ਆਵਾਜਾਈ ਬਹੁਤ ਘੱਟ ਸੀ ਪਰ ਕਦੇ ਕਦੇ ਪੁਲਿਸ ਤੇ ਫੌਜ ਦੀ ਗੱਡੀ ਆ-ਜਾਅ ਜਾ ਰਹੀ ਸੀ ਪਰ ਦੌੜ ਲਾਉਂਦਿਆਂ ਸਾਨੂੰ ਕਿਸੇ ਨਹੀਂ ਰੋਕਿਆ। ਥੋੜਾ ਸ਼ਾਮ ਦੇ ਢਲਦਿਆਂ ਜਦੌ ਉਸ ਬੰਬੀ ਦੇ ਮਾਲਕ ਨੇ ਆਪਣੇ ਖੇਤਾਂ ਵਲ ਗੇੜਾ ਮਾਰਿਆ ਤਾਂ ਸੁੰਨੇ ਕੱਪੜਿਆਂ ਨੂੰ ਵੇਖ ਉਸ ਦੇ ਹੋਸ਼ ਉੱਡ ਗਏ। ਉਸ ਨੂੰ ਜਾਪਿਆਂ ਏਥੇ ਕੋਈ ਵੱਡਾ ਕਾਰਾ ਭਾਵ ਕਤਲੋ ਗਾਰਤ ਹੋ ਗਈ ਹੈ ਕਿਉਂਕਿ ਉਸ ਵੇਲੇ ਮਹੌਲ ਹੀ ਭੈਅ ਤੇ ਬੜਾ ਡਰਾਉਣਾ ਸੀ। ਉਸ ਭੱਦਰ ਪੁਰਸ਼ ਨੇ ਸਾਡੇ ਤੇ ਆਪਣੇ ਪਿੰਡ ਦੋਹਾਂ ਪਿੰਡਾਂ ਵਿਚ ਦੋਹਾਈ ਦੇ ਦਿੱਤੀ। ਪੁਲਿਸ ਤੇ C.R.P.F. ਦੇ ਜਵਾਨ ਵੀ ਵੱਡੀ ਤਦਾਦ ਵਿੱਚ ਉੱਥੇ ਪਹੁੰਚ ਗਏ। ਇਹ ਉਨ੍ਹਾਂ (ਸੁਰੱਖਿਆ ਦਸਤਿਆਂ) ਨੂੰ ਵੱਡੀ ਪ੍ਰਾਪਤੀ ਦਿਸ ਰਹੀ ਸੀ।ਉਹ ਬਾਰ-ਬਾਰ ਬੰਬੀ ਦੀ ਖੂਹੀ ਵਿੱਚ ਵੇਖ ਰਹੇ ਸਨ ਪਰ ਸ਼ਾਮ ਹੁੰਦਿਆਂ ਤੌ ਸਾਰੇ ਡਰ ਰਹੇ ਸਨ। ਏਨੇ ਵਿੱਚ ਹੀ ਹਨ੍ਹੇਰਾ ਹੋਣ ਤੋਂ ਕੁਝ ਸਮਾਂ ਪਹਿਲਾਂ ਅਸੀ ਚਾਰੇ ਦੌੜਾਕ ਲੱਗ-ਭੱਗ ਸੋਲਾਂ ਕਿਲੋਮੀਟਰ ਦੌੜ ਦੀ ਪ੍ਰੈਕਟਸ ਪੂਰੀ ਕਰਦੇ ਡਿਗਦੇ ਢਹਿੰਦੇ, ਸ਼ਾਮ ਵੇਲੇ ਅੱਤ ਦੀ ਗਰਮੀ ਵਿਚ ਮੁੜਕੇ ਨਾਲ ਨੁਚੱੜੇ ਹੋਏ ਉੱਥੇ ਪਹੁੰਚੇ ਤਾਂ ਪੁਲਿਸ ਤੇ ਸੀ ਆਰ ਪੀ ਸਾਡੇ ਵੱਲ ਬਦੂਕਾਂ ਸਿੱਧੀਆਂ ਕਰ ਦਿੱਤੀਆਂ। ਜਿਸ ਵਰਤਾਰੇ ਨੇ ਸਾਨੂੰ ਇਕ ਦਮ ਅਤਿ ਦੀ ਗਰਮੀ ਵਿੱਚ ਵੀ ਠੰਡਿਆਂ ਕਰ ਦਿੱਤਾ। ਅਸੀ ਹੈਰਾਨ ਸੀ ਕਿ ਇਹ ਸਭ ਹੋ ਕੀ ਰਿਹਾ ਹੈ। ਪੁਲਿਸ ਨੇ ਬੰਬੀ (ਮੋਟਰ) ਦੇ ਆਲੇ ਦੁਆਲੇ ਤੇ ਖੇਤਾਂ ਵੱਲ ਘੇਰਾ ਪਾ ਲਿਆ ਸੀ ਪਰ ਜਦੋਂ ਪਿੰਡ ਤੇ ਇਲਾਕੇ ਦੇ ਪਤਵੰਤੇ ਲੋਕਾਂ ਨੂੰ ਵੇਖਿਆ ਤਾਂ ਅਸੀ ਸੁਰਖਿੱਅਤ ਮਹਿਸੂਸ ਕਰ ਰਹੇ ਸੀ। ਡਰ ਤੇ ਸਹਿਮ ਦੇ ਇਸ ਮਹੌਲ ਵਿਚ ਪੁਲਿਸ ਤੇ ਸੀ.ਆਰ.ਪੀ. ਨੂੰ ਇਕ ਵੱਡੀ ਕਾਰਵਾਈ ਨਾਲ ਅਹਿਮ ਪ੍ਰਾਪਤੀ ਹੁੰਦੀ ਵਿਖਾਈ ਦੇ ਰਹੀ ਸੀ। ਕਿਉਂਕਿ ਉਨ੍ਹਾਂ ਦਿਨ੍ਹਾਂ ਵਿਚ ਹਰ ਸਿੱਖ ਨੌਜਵਾਨ ਅੱਤਵਾਦੀ ਵਿਖਾਈ ਦੇ ਰਿਹਾ ਸੀ ਪਰ ਲੋਕਾਂ ਵੱਲੋਂ ਵੀ ਇਹ ਖ਼ਦਸ਼ਾ ਵੀ ਸੀ ਕਿ ਕਿਤੇ ਵੱਡਾ ਅੱਤਵਾਦੀ ਮੁਕਾਬਲਾ ਨਾਂ ਬਣਾ ਦਿੱਤਾ ਜਾਵੇ ਕਿਉਂ ਕਿ ਮੇਰੇ ਨਾਲ ਦੋ ਨੌਂ ਜਵਾਨ ਮੁੰਡੇ ਬਾਹਰਲੇ ਇਲਾਕੇ ਦੇ ਸਨ। ਮੇਰੇ ਤਾਏ ਦੇ ਪੁੱਤ ਦਾ ਸਾਡੇ ਪਿੰਡ ਦਾ ਸਰਪੰਚ ਹੋਣਾ ਸਾਡੇ ਲਈ ਬਹੁਤ ਚੰਗਾ ਸਾਬਤ ਹੋਇਆ। ਪਿੰਡ ਦੇ ਪਤਵੰਤਿਆਂ ਅਤੇ ਸਾਡੇ ਸਰਪੰਚ ਨੇ ਬੜੀ ਦਲੀਲਮਈ ਗੱਲਾਂ ਕੀਤੀਆਂ ਜਿਸ ਕਰਕੇ ਇਲਾਕੇ ਦੇ ਪਤਵੰਤੇ ਲੋਕਾਂ ਦੀ ਮੌਜੂਦਗੀ ਕਰਕੇ ਸਾਡੇ ਉੱਪਰ ਸੰਭਾਵਿਤ ਵੱਡੀ ਕਾਰਵਾਈ ਹੁਣ ਟਲਦੀ ਨਜ਼ਰ ਆ ਰਹੀ ਸੀ। ਖੋਜੀ ਕੁੱਤਿਆਂ ਦੀ ਸੁੰਘ ਨੇ ਸਾਡੇ ਕੱਪੜਿਆਂ ਨੂੰ ਨਿਰ-ਵਿਸਫੋਟਿਕ ਪਦਾਰਥ ਹੋਣ ਦਾ ਪ੍ਰਮਾਣ ਦਿੱਤਾ ਤਾਂ ਡਰ, ਸਹਿਮ ਦੇ ਚੱਲਦਿਆਂ ਅਸੀ ਮੁੜਕੇ ਨਾਲ ਨੁਚੱੜੇ ਛੇਤੀ-ਛੇਤੀ ਆਪੋ ਆਪਣੇ ਕੱਪੜੇ ਪਾ ਲਏ।ਦੋਹਾਂ ਪਿੰਡਾਂ ਦੇ ਸਰਪੰਚਾਂ ਨੇ ਲਿਖਤੀ ਬਿਆਨ ਦਿੱਤੇ ਤੇ ਅਸੀ ਡਰ, ਸਹਿਮ ਦੇ ਮਹੌਲ ਵਿੱਚ ਘਰ ਪਹੁੰਚੇ ਤਾਂ ਘਰਦਿਆਂ ਨੇ ਫੇਰ ਇੱਕ ਵਾਰੀ ਸੁੱਖ ਦਾ ਸਾਹ ਲਿਆ। ਮਹੌਲ ਥੋੜਾ ਠੀਕ ਹੋਣ ਉਪਰੰਤ ਵੀਹ (20) ਜੂਨ ਤੱਕ ਬੱਸ ਆਵਾਜਾਈ ਸ਼ੁਰੂ ਹੋ ਗਈ ਸੀ।ਇਨ੍ਹਾਂ ਦਿਨ੍ਹਾਂ ਵਿੱਚ ਹੀ ਮੇਰੇ ਇਹ ਦੋ ਸਾਥੀਆਂ, ਇੱਕ ਨੂੰ ਮਾਝੇ ਤੇ ਦੂਸਰੇ ਨੂੰ ਮਾਲਵੇ ਵੱਲ ਆਪੋ ਆਪਣੇ ਪਿੰਡਾਂ (ਘਰਾਂ) ਵੱਲ ਤੋਰਿਆ। ਮੈਨੂੰ ਯਾਦ ਹੈ ਕਿ ਦੋਹਾਂ ਨੂੰ ਬੱਸ ਦੀ ਛੱਤ ਉੱਤੇ ਚੜ੍ਹ ਕੇ ਜਾਣਾ ਪਿਆ ਸੀ ਕਿਉਂਕਿ ਕਈ ਦਿਨ੍ਹਾਂ ਬਾਅਦ ਸੜਕੀ ਆਵਾਜਾਈ ਬਹਾਲ ਹੋਈ ਸੀ। ਤੱਤਕਾਲੀ ਨਿਜ਼ਾਮ ਵੱਲੋਂ ਸਿੱਖ ਗੁਰਧਾਮ (ਅਕਾਲ ਤਖੱਤ) ਉੱਪਰ ਇਸ ਕਾਰਵਾਈ ਜਿਸ ਨੂੰ "Blu Star Aciton" ਪਰ ਸਿੱਖ ਜਗਤ ਵਿੱਚ "ਸਾਕਾ ਨੀਲਾ ਤਾਰਾ" ਵਜੋਂ ਪ੍ਰਚਲਤ ਹੈ ਹਰ ਸਾਲ ਵਾਪਰੇ ਉਹ ਵਾਕਿਆ ਕਰਕੇ ਜਦੌ ਉਸ ਵਕਤ ਨੂੰ ਯਾਦ ਕਰੀਦਾ ਹੈ ਤਾਂ ਕਰਕੇ ਅਜ ਵੀ ਲੂੰ-ਕੰਢੇ ਖੜੇ ਹੋ ਜਾਂਦੇ ਹਨ। ਸਰੀਰ ਵਿਚ ਅਜੀਬ ਝੁਣ-ਝੀਣੀ ਮਹਿਸੂਸ ਹੁੰਦੀ ਹੈ।ਇਹ ਮੇਰੇ ਜੀਵਨ ਵੇਲੇ ਦੀ ਮੇਰੀ ਚੜ੍ਹਦੀ ਜਵਾਨੀ (ਮੁੱਛ ਫੁੱਟ) ਦਾ ਦੌਰ ਸੀ ਪਰ ਕਦੇ ਮੁੱਛਾਂ ਨੂੰ ਵੱਟ ਨਹੀਂ ਦਿੱਤਾ ਸੀ ਕਿਉਂ ਕਿ ਐਥਲੈਟਿਕਸ ਦੀ ਮਿਹਨਤ ਤੇ ਪੜਾਈ ਲਗਨ ਨੇ ਹਮੇਸ਼ਾਂ ਉਸਾਰੂ ਸੋਚ ਦਾ ਹੀ ਧਾਰਨੀ ਬਣਾਈ ਰੱਖਿਆ ਸੀ। ਸਰੀਰਕ ਤੇ ਮਾਨਸਿਕ ਤੌਰ ਤੇ ਆਪਣੇ ਆਪ ਨੂੰ ਖੇਡਾਂ ਪ੍ਰਤੀ ਲਗਾਏ ਰਖੱਣ ਕਾਰਕੇ ਹੀ ਮੇਰਾ ਮੁੱਖ ਧਾਰਾ ਵਿੱਚ ਰਹਿਣ ਦਾ ਮੁੱਖ ਕਾਰਣ ਸੀ।ਨਹੀ ਤਾਂ ਜਜ਼ਬਾਤੀ ਰੌਅ ਵਿਚ ਬੜਾ ਮੰਦਭਾਗਾ ਵੀ ਵਾਪਰ ਸਕਦਾ ਸੀ। (ਕੌਮ ਦੇ ਲੇਖੇ ਲੱਗਣਾ ਵੱਖਰਾ ਪਹਿਲੂ ਹੈ) ਪਰ ਇਨ੍ਹਾਂ ਘਟਨਾਵਾਂ ਨੂੰ ਜੀਵਨ ਵਿੱਚ ਕਦੇ ਵੀ ਭੁਲ-ਾਇਆ ਨਹੀ ਜਾ ਸਕਦਾ। ਜਦੋਂ ਅੱਜ ਸਾਢ੍ਹੇ ਸਠਵਿੰਜਾ ਸਾਲ ਚਾਲੀ ਸਾਲ ਪਹਿਲਾਂ ਦਾ ਉਹ ਚੜ੍ਹਦੀ ਜਵਾਨੀ ਵੇਲੇ ਸੰਨ ਚਰਾਸੀ ਦਾ ਉਹ ਵੇਲਾ ਯਾਦ ਆਉਂਦਾ ਹੈ ਤਾਂ ਮਨ ਮਸਤੱਕ ਧੁਰ ਅੰਦਰੋਂ ਅਜੀਬ 'ਚੀਸ'ਉੱਠਦੀ ਹੈ।

# ਅਮਰੀਕਾ ਦਾ ਬੰਦੂਕ ਸੱਭਿਆਚਾਰ ਦੇ ਰਿਹੈ ਤਕਲੀਫ



ਉਜਾਗਰ ਸਿੰਘ

ਸੰਸਾਰ ਵਿਚ ਸ਼ਾਂਤੀ ਸਥਾਪਤ ਕਰਨ ਦੇ ਦਮਗਜੇ ਮਾਰਨ ਵਾਲਾ ਅਮਰੀਕਾ ਆਪਣੇ ਉੱਥੇ ਹੋ ਰਹੀਆਂ ਹਿੰਸਕ ਕਾਰਵਾਈਆਂ ’ਤੇ ਕਾਬੂ ਪਾਉਣ ਵਿਚ ਅਸਮਰੱਥ ਸਾਬਿਤ ਹੋ ਰਿਹਾ ਹੈ। ਉਸ ਨੂੰ ਦੁਨੀਆ ਦਾ ਸਭ ਤੋਂ ਜ਼ਿਆਦਾ ਵਿਕਸਤ ਤੇ ਖ਼ੁਸ਼ਹਾਲ ਦੇਸ਼ ਕਿਹਾ ਜਾਂਦਾ ਹੈ। ਪ੍ਰੰਤੂ ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਲੋਕਾਂ ਦੇ ਨੱਕ ਵਿਚ ਦਮ ਕੀਤਾ ਹੋਇਆ ਹੈ। ਨੌਜਵਾਨ ਬੇਰੁਜ਼ਗਾਰੀ ਕਰਕੇ ਮਾਨਸਿਕ ਘਬਰਾਹਟ ਵਿਚ ਹਨ। ਇਸ ਕਰਕੇ ਉੱਥੋਂ ਦੇ ਨਾਗਰਿਕਾਂ ਵਿਚ ਅਸੰਤੁਸ਼ਟੀ ਹੈ। ਤਾਜ਼ਾ ਘਟਨਾਕ੍ਰਮ ਵਿਚ ਰਿਪਬਲਿਕਨ ਪਾਰਟੀ ਦੇ ਸੰਭਾਵੀ ਰਾਸ਼ਟਰਪਤੀ ਉਮੀਦਵਾਰ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ’ਤੇ ਕਾਤਲਾਨਾ ਹਮਲਾ ਹੋਇਆ ਹੈ। ਡੋਨਾਲਡ ਟਰੰਪ ਨੂੰ ਘਾਗ ਸਿਆਸਤਦਾਨ ਕਿਹਾ ਜਾਂਦਾ ਹੈ। ਉਹ 8 ਨਵੰਬਰ 2016 ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਚੁਣੇ ਗਏ ਸਨ। ਨਵੰਬਰ 2020 ਵਿਚ ਉਹ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਤੋਂ ਚੋਣ ਹਾਰ ਗਏ ਸਨ। ਚੋਣ ਹਾਰਨ ਤੋਂ ਬਾਅਦ ਉਨ੍ਹਾਂ ਨੇ ਆਪਣੀ ਸਰਪ੍ਰਸਤੀ ਹੇਠ ਜ਼ਬਰਦਸਤ ਇਕੱਠ ਕਰਕੇ ਬਾਇਡਨ ਦੀ ਚੋਣ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਸੀ। ਅਮਰੀਕਾ ਦੇ ਕਾਨੂੰਨ ਗੰਨ ਕਲਚਰ ਨੂੰ ਹੁਰਾਰਾ ਦਿੰਦੇ ਹਨ ਜਿਸ ਕਰਕੇ ਉੱਥੇ ਹਿੰਸਕ ਘਟਨਾਵਾਂ ’ਚ ਲਗਾਤਾਰ ਵਾਧਾ ਹੋ ਰਿਹਾ ਹੈ। ਦੇਸ਼ ਦੇ 51 ਰਾਜਾਂ ’ਚੋਂ ਹਰ ਰੋਜ਼ ਹਿੰਸਕ ਘਟਨਾਵਾਂ ਦੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ। ਸੰਸਾਰ ’ਚ ਜਿੰਨੀਆਂ ਵੀ ਦੇਸ਼ਾਂ ਦੀਆਂ ਆਪਸ ’ਚ ਜੰਗਾਂ ਲੱਗਦੀਆਂ ਹਨ ਤਾਂ ਅਮਰੀਕਾ ਇਕ ਪਾਸੇ ਖੜ੍ਹ ਜਾਂਦਾ ਹੈ। ਕਈ ਵਾਰ ਤਾਂ ਵੀਟੋ ਵਰਤ ਕੇ ਆਪਣੀ ਮਨਮਾਨੀ ਕਰਦਾ ਹੈ। ਪ੍ਰੰਤੂ ਖ਼ੁਦ ਨੂੰ ਸੰਭਾਲ ਨਹੀਂ ਸਕਦਾ। ਉੱਥੋਂ ਦੇ ਨਾਗਰਿਕਾਂ ਨੂੰ ਦੇਸ਼ ਦੇ ਕਾਨੂੰਨਾਂ ਦੀ ਪਾਲਣਾ ਕਰਨ ਵਾਲੇ ਕਿਹਾ ਜਾਂਦਾ ਹੈ ਪਰ ਅਮਰੀਕਾ ਵਿਚ ਨਸਲੀ ਵਿਤਕਰਿਆਂ ’ਚ ਵੀ ਵਾਧਾ ਹੋ ਰਿਹਾ ਹੈ ਜਿਸ ਦਾ ਸੇਕ ਪੰਜਾਬੀਆਂ ਖ਼ਾਸ ਤੌਰ ’ਤੇ ਸਿੱਖਾਂ ਨੂੰ ਭੁਗਤਣਾ ਪੈ ਰਿਹਾ ਹੈ। ਟਰੰਪ ਤੋਂ ਪਹਿਲਾਂ ਅਮਰੀਕਾ ਦੇ 11 ਰਾਸ਼ਟਰਪਤੀਆਂ ’ਤੇ ਕਾਤਲਾਨਾ ਹਮਲੇ ਹੋ ਚੁੱਕੇ ਹਨ। ਟਰੰਪ 12ਵੇਂ ਰਾਸ਼ਟਰਪਤੀ ਹਨ ਜਿਨ੍ਹਾਂ ’ਤੇ ਕਾਤਲਾਨਾ ਹਮਲਾ ਹੋਇਆ ਹੈ। ਅਮਰੀਕਾ ਦੇ ਕਾਨੂੰਨ ਅਨੁਸਾਰ ਕੋਈ ਵੀ ਵਿਅਕਤੀ ਗੰਨ ਖ਼ਰੀਦ ਸਕਦਾ ਹੈ। ਉਸ ਨੂੰ ਕੋਈ ਲਾਇਸੈਂਸ ਬਗੈਰਾ ਲੈਣ ਦੀ ਲੋੜ ਨਹੀਂ ਤੇ ਨਾ ਹੀ ਉਸ ਦੇ ਚਰਿੱਤਰ ਦੀ ਕੋਈ ਪੁਲਿਸ ਵੈਰੀਫਿਕੇਸ਼ਨ ਦੀ ਲੋੜ ਹੁੰਦੀ ਹੈ। ਬੱਚੇ ਵੀ ਬੰਦੂਕ ਖ਼ਰੀਦ ਸਕਦੇ ਹਨ। ਇਸ ਕਰਕੇ ਹੀ ਲਗਪਗ ਹਰ ਰੋਜ਼ ਕਿਸੇ ਨਾ ਕਿਸੇ ਰਾਜ ’ਚ ਹਿੰਸਕ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ। ਜਿਸ ਦਿਨ ਡੋਨਾਲਡ ਟਰੰਪ ’ਤੇ ਹਮਲਾ ਹੋਇਆ, ਉਸੇ ਦਿਨ ਨਾਈਟ ਕਲੱਬ ’ਚ 4 ਵਿਅਕਤੀ ਅਤੇ ਇਕ ਹੋਰ ਥਾਂ ਤਿੰਨ ਵਿਅਕਤੀ, ਕੁੱਲ 7 ਲੋਕ ਵੱਖ-ਵੱਖ ਹਮਲਿਆਂ ’ਚ ਮਾਰੇ ਗਏ।

ਇੱਥੋਂ ਤੱਕ ਕਿ ਸਕੂਲਾਂ ਦੇ ਵਿਦਿਆਰਥੀ ਆਪਣੇ ਅਧਿਆਪਕਾਂ ਤੇ ਸਾਥੀਆਂ ਨੂੰ ਸਕੂਲਾਂ ਵਿਚ ਗੋਲ਼ੀਆਂ ਮਾਰ ਕੇ ਕਤਲ ਕਰ ਦਿੰਦੇ ਹਨ। ਵਿਦਿਆਰਥੀ ਸਕੂਲਾਂ ਵਿਚ ਖਿਡੌਣਿਆਂ ਦੀ ਤਰ੍ਹਾਂ ਬੰਦੂਕਾਂ ਆਮ ਲਈ ਫਿਰਦੇ ਹਨ। ਇੱਥੋਂ ਤੱਕ ਕਿ ਬੱਚਿਆਂ ਦੇ ਜਨਮ ਦਿਨ ਉੱਤੇ ਉਨ੍ਹਾਂ ਦੇ ਮਾਪੇ ਤੇ ਹੋਰ ਰਿਸ਼ਤੇਦਾਰ ਬੰਦੂਕਾਂ ਤੋਹਫ਼ੇ ਵਜੋਂ ਦਿੰਦੇ ਹਨ। ਸੰਨ 2019 ਵਿਚ ਜਦੋਂ ਸਕੂਲਾਂ ਵਿਚ ਹੋਣ ਵਾਲੀਆਂ ਘਟਨਾਵਾਂ ਕਰਕੇ ਗੰਨ ਖ਼ਰੀਦਣ ਦੇ ਕਾਨੂੰਨ ਬਣਾਉਣ ਦੀ ਗੱਲ ਚੱਲੀ ਸੀ ਤਾਂ ਗੰਨ ਲਾਬੀ ਨੇ ਸਕੂਲਾਂ ਨੂੰ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੁਰੱਖਿਆ ਲਈ ਬੰਦੂਕਾਂ ਖ਼ਰੀਦਣ ਦੀ ਸਲਾਹ ਦਿੱਤੀ ਸੀ। ਅਮਰੀਕਾ ਦੀ ਗੰਨ ਲਾਬੀ ਇੰਨੀ ਭਾਰੂ ਹੈ ਕਿ ਕੋਈ ਵੀ ਸਿਆਸੀ ਪਾਰਟੀ ਗੰਨ ਖ਼ਰੀਦਣ ਲਈ ਕਾਨੂੰਨ ਬਣਾਉਣ ਦੀ ਹਿੰਮਤ ਹੀ ਨਹੀਂ ਕਰਦੀ। ਹਾਲਾਂਕਿ ਉਨ੍ਹਾਂ ਦੇ ਦੇਸ਼ ਵਿਚ ਹਿੰਸਕ ਘਟਨਾਵਾਂ ਲਗਾਤਾਰ ਵਧੀ ਜਾ ਰਹੀਆਂ ਹਨ। ਡੋਨਾਲਡ ਟਰੰਪ ’ਤੇ ਕਾਤਲਾਨਾ ਹਮਲਾ ਪੈਨੇਸਲਵੇਨੀਆ ਰਾਜ ਵਿਚ ਬਟਲਰ ਕਾਊਂਟੀ ਵਿਚ ਹੋਇਆ। ਹਮਲਾ ਕਰਨ ਵਾਲਾ 20 ਸਾਲਾ ਥਾਮਸ ਮੈਥਿਊ ਕਰੁਕਸ ਰਿਪਬਲਿਕਨ ਪਾਰਟੀ ਦਾ ਮੈਂਬਰ ਸੀ। ਉਸ ਨੇ 300 ਫੁੱਟ ਉੱਚੀ ਥਾਂ ਤੋਂ ਬੈਠ ਕੇ ਏਆਰ15 ਸੈਮੀ ਆਟੋਮੈਟਿਕ ਅਸਾਲਟ ਰਾਈਫਲ ਨਾਲ ਨਿਸ਼ਾਨਾ ਸੇਧਿਆ ਸੀ ਜਦੋਂ ਟਰੰਪ ਇਕ ਚੋਣ ਰੈਲੀ ਨੂੰ ਸੰਬੋਧਨ ਕਰ ਰਿਹਾ ਸੀ। ਤਾੜ-ਤਾੜ ਗੋਲ਼ੀਆਂ ਚੱਲਣ ਨਾਲ ਰੈਲੀ ਵਿਚ ਸਨਸਨੀ ਫੈਲ ਗਈ। ਪ੍ਰੰਤੂ ਡੋਨਲਡ ਟਰੰਪ ਦੀ ਖ਼ੁਸ਼ਕਿਸਮਤੀ ਰਹੀ ਕਿ ਉਹ ਵਾਲ-ਵਾਲ ਬਚ ਗਏ ਤੇ ਗੋਲ਼ੀ ਉਨ੍ਹਾਂ ਦੇ ਸੱਜੇ ਕੰਨ ਨੂੰ ਜ਼ਖ਼ਮੀ ਕਰਦੀ ਹੋਈ ਅੱਗੇ ਲੰਘ ਗਈ। ਇਸ ਨੂੰ ਚਮਤਕਾਰੀ ਬਚਾਅ ਕਿਹਾ ਜਾ ਸਕਦਾ ਹੈ।

ਗੋਲ਼ੀ ਲੱਗਣ ਤੋਂ ਬਾਅਦ ਜਦੋਂ ਸੁਰੱਖਿਆ ਦਸਤੇ ਟਰੰਪ ਨੂੰ ਬਾਹਰ ਲਿਜਾ ਰਹੇ ਸਨ ਤਾਂ ਟਰੰਪ ਉੱਚੀ ਉੱਚੀ ਬੜ੍ਹਕਾਂ ਮਾਰ ਰਹੇ ਸਨ। ਇਸ ਘਟਨਾ ਵਿਚ ਦੋ ਹੋਰ ਵਿਅਕਤੀ ਜ਼ਖ਼ਮੀ ਹੋ ਗਏ ਸਨ ਜਿਨ੍ਹਾਂ ’ਚੋਂ ਇਕ ਵਿਅਕਤੀ ਕੋਰੀ ਕੰਪੇਰਟੇਰ ਮਾਰਿਆ ਗਿਆ। ਕਾਤਲ ਦੀ ਕਾਰ ਵਿੱਚੋਂ ਵਿਸਫੋਟਕ ਪਦਾਰਥ ਬਰਾਮਦ ਹੋਇਆ ਹੈ। ਹਮਲਾਵਰ ਪੈਨੇਸਲਵੇਨੀਆ ਦਾ ਰਹਿਣ ਵਾਲਾ ਸੀ। ਉਸ ਨੇ 2022 ਵਿਚ ਬੈਥਲ ਪਾਰਕ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਸੀ ਅਤੇ ਕੌਮੀ ਗਣਿਤ ਤੇ ਸਾਇੰਸ ਦਾ 500 ਡਾਲਰ ਦਾ ‘ਇਨੀਸ਼ੀਏਟਿਵ ਸਟਾਰ ਐਵਾਰਡ’ ਹੋਰ ਵਿਦਿਆਰਥੀਆਂ ਨਾਲ ਪ੍ਰਾਪਤ ਕੀਤਾ ਸੀ। ਕਾਤਲ ਨੂੰ ਪੁਲਿਸ ਦੀ ਸੀਕਰੇਟ ਸਰਵਿਸ ਨੇ ਮੌਕੇ ’ਤੇ ਹੀ ਮਾਰ ਦਿੱਤਾ। ਹਮਲਾ ਕਰਨ ਦੇ ਕਾਰਨਾਂ ਦੀ ਜਾਂਚ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਕਰ ਰਹੀ ਹੈ। ਸੰਨ 1981 ਵਿਚ ਰੋਨਾਲਡ ਰੀਗਨ ’ਤੇ ਹੋਏ ਹਮਲੇ ਤੋਂ 24 ਸਾਲ ਬਾਅਦ ਇਹ ਵੱਡੀ ਘਟਨਾ ਵਾਪਰੀ ਹੈ। ਅਮਰੀਕਾ ਵਿਚ ਰਾਸ਼ਟਰਪਤੀ, ਸਾਬਕਾ ਰਾਸ਼ਟਰਪਤੀ ਅਤੇ ਰਾਸ਼ਟਰਪਤੀ ਦੇ ਉਮੀਦਵਾਰਾਂ ’ਤੇ ਹਮਲੇ ਹੋਣਾ ਕੋਈ ਨਵੀਂ ਗੱਲ ਨਹੀਂ ਹੈ। ਇਸ ਤੋਂ ਪਹਿਲਾਂ ਵੀ ਅਜਿਹੇ ਇਕ ਦਰਜਨ ਦੇ ਕਰੀਬ ਹਮਲੇ ਹੋ ਚੁੱਕੇ ਹਨ ਜਿਨ੍ਹਾਂ ਵਿਚ ਕੁਝ ਰਾਸ਼ਟਰਪਤੀ ਮਾਰੇ ਵੀ ਗਏ ਸਨ। ਸਭ ਤੋਂ ਪਹਿਲਾ ਹਮਲਾ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਇਬਰਾਹੀਮ ਲਿੰਕਨ ’ਤੇ 14 ਅਪ੍ਰੈਲ 1865 ਨੂੰ ਫੋਰਡ ਥੀਏਟਰ ਵਿਚ ਹੋਇਆ ਸੀ। ਇਹ ਹਮਲਾ ਜੌਹਨ ਵਿਲਕੀਸ ਬੂਥ ਨੇ ਇਬਰਾਹਿਮ ਲਿੰਕਨ ਵੱਲੋਂ ਕਾਲੇ ਲੋਕਾਂ ਦੇ ਹੱਕਾਂ ਦੀ ਸੁਪੋਰਟ ਕਰਨ ਕਰਕੇ ਕੀਤਾ ਸੀ ਜਿਸ ਵਿਚ ਰਾਸ਼ਟਰਪਤੀ ਲਿੰਕਨ ਮਾਰੇ ਗਏ ਸਨ। ਕਾਤਲ ਵੀ 26 ਅਪ੍ਰੈਲ 1865 ਨੂੰ ਮਾਰਿਆ ਗਿਆ ਸੀ। ਜੇਮਜ਼ ਗੇਰਫੀਲਡ ਜੋ 20ਵੇਂ ਰਾਸ਼ਟਰਪਤੀ ਸਨ, ਉਨ੍ਹਾਂ ਉੱਪਰ 2 ਜੁਲਾਈ 1881 ਨੂੰ ਵਾਸ਼ਿੰਗਟਨ ਟਰੇਨ ਸਟੇਸ਼ਨ ਵਿਖੇ ਚਾਰਲਸ ਗੁਟੇਊ ਨੇ ਹਮਲਾ ਕੀਤਾ ਸੀ। ਰਾਸ਼ਟਰਪਤੀ ਦੇ ਜ਼ਖ਼ਮਾਂ ਵਿਚ ਇਨਫੈਕਸ਼ਨ ਹੋਣ ਤੋਂ ਬਾਅਦ ਸਤੰਬਰ 1881 ’ਚ ਉਹ ਸਵਰਗ ਸਿਧਾਰ ਗਏ ਸਨ। ਛੇ ਸਤੰਬਰ 1901 ਨੂੰ ਅਮਰੀਕਾ ਦੇ 25ਵੇਂ ਰਾਸ਼ਟਰਪਤੀ ਵਿਲੀਅਮ ਮੈਕਨਿਲੇ ’ਤੇ ਨਿਊਯਾਰਕ ਦੇ ਬੁਫੈਲੋ ਵਿਖੇ ਲਿਓਨ ਜੋਲਕੋਜ਼ ਨੇ ਹਮਲਾ ਕੀਤਾ ਸੀ। ਰਾਸ਼ਟਰਪਤੀ ਚਾਰ ਦਿਨ ਬਾਅਦ ਸਵਰਗ ਸਿਧਾਰ ਗਏ ਸਨ। ਲਿਓਨ ਜੋਲਕੋਜ਼ ਨੂੰ 29 ਅਕਤੂਬਰ 1901 ਨੂੰ ਫਾਂਸੀ ਦਿੱਤੀ ਗਈ ਸੀ। 32ਵੇਂ ਰਾਸ਼ਟਰਪਤੀ ਫਰੈਂਕਲਿਨ ਰੂਜ਼ਵੈਲਟ ’ਤੇ ਫਰਵਰੀ 1933 ’ਚ ਗੈਸਪ ਜੰਗਾਰਾ ਨੇ ਹਮਲਾ ਕੀਤਾ ਸੀ ਜਿਸ ’ਚ ਰਾਸ਼ਟਰਪਤੀ ਦੀ ਜਾਨ ਬਚ ਗਈ ਸੀ ਪ੍ਰੰਤੂ ਮੇਅਰ ਐਨਟਨ ਸੀਮਕ ਮਾਰੇ ਗਏ ਸਨ। ਮਗਰੋਂ ਕਾਤਲ ਨੂੰ ਫਾਂਸੀ ਹੋ ਗਈ ਸੀ। ਅਮਰੀਕਾ ਦੇ 33ਵੇਂ ਰਾਸ਼ਟਰਪਤੀ ਹੈਰੀ.ਐਸ.ਟਰੂਮੈਨ ਉੱਪਰ ਆਸਕਰ ਕਲਾਜ਼ੋ ਨੇ ਕਾਤਲਾਨਾ ਹਮਲਾ ਬਲੇਅਰ ਹਾਊਸ ਵਿਖੇ ਨਵੰਬਰ 1950 ਵਿਚ ਕੀਤਾ ਸੀ। ਇਸ ਹਮਲੇ ਵਿਚ ਰਾਸ਼ਟਰਪਤੀ ਬਚ ਗਏ ਸਨ। ਜੌਹਨ ਐਫ।ਕੈਨੇਡੀ 35ਵੇਂ ਰਾਸ਼ਟਰਪਤੀ ’ਤੇ 22 ਨਵੰਬਰ 1963 ਨੂੰ ਟੈਕਸਾਸ ਦੇ ਡਲਾਸ ਸ਼ਹਿਰ ’ਚ ਲੀ ਹਾਰਵੇ ਓਸਵਾਲਡ ਨੇ ਕਾਤਲਾਨਾ ਹਮਲਾ ਕੀਤਾ ਸੀ ਜਿਸ ’ਚ ਰਾਸ਼ਟਰਪਤੀ ਮਾਰੇ ਗਏ ਸਨ। ਦੋ ਦਿਨ ਬਾਅਦ ਕਾਤਲ ਵੀ ਮਰ ਗਿਆ ਸੀ। ਅਠੱਤੀਵੇਂ ਰਾਸ਼ਟਰਪਤੀ ਗਰਾਲਡ ਫੋਰਡ ਉੱਪਰ 1975 ਵਿਚ ਦੋ ਵਾਰੀ ਹਮਲੇ ਹੋਏ। ਉਹ ਦੋਵੇਂ ਵਾਰੀ ਬਚ ਗਏ। ਇਕ ਵਾਰ ਲੀਨੇਟੇ ਫਰੋਮੀ ਅਤੇ ਦੂਜੀ ਵਾਰ ਸਾਰਾ ਜਾਨੇ ਮੂਰਾ ਨੇ ਹਮਲੇ ਕੀਤੇ ਸਨ। ਅਮਰੀਕਾ ਦੇ 40ਵੇਂ ਰਾਸ਼ਟਰਪਤੀ ਰੋਨਾਲਡ ਰੀਗਨ ’ਤੇ 30 ਮਾਰਚ 1981 ਨੂੰ ਵਾਸ਼ਿੰਗਟਨ ਡੀਸੀ ਵਿਖੇ ਕਾਤਲਾਨਾ ਹਮਲਾ ਹੋਇਆ ਪ੍ਰੰਤੂ ਉਹ ਵਾਲ-ਵਾਲ ਬਚ ਗਏ। ਤਰਤਾਲੀਵੇਂ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ’ਤੇ ਜਾਰਜੀਆ ਦੇ ਟਬੀਲਿਸਟ ਸ਼ਹਿਰ ਵਿਖੇ 2005 ਵਿਚ ਗਰਨੇਡ ਸੁੱਟਿਆ ਗਿਆ ਜਿਸ ਵਿਚ ਉਹ ਬਚ ਗਏ। ਕਾਤਲ ਨੂੰ ਉਮਰ ਕੈਦ ਦੀ ਸਜ਼ਾ ਹੋਈ। ਰਾਸ਼ਟਰਪਤੀ ਦੇ ਉਮੀਦਵਾਰਾਂ ’ਤੇ ਹੋਏ ਹਮਲਿਆਂ ਵਿਚ ਡੋਨਾਲਡ ਟਰੰਪ ਤੀਜਾ ਉਮੀਦਵਾਰ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਦੇ ਦੋ ਉਮੀਦਵਾਰਾਂ ’ਤੇ ਵੀ ਹਮਲੇ ਹੋ ਚੁੱਕੇ ਹਨ। ਇਨ੍ਹਾਂ ਵਿਚ ਰਾਸ਼ਟਰਪਤੀ ਦੇ ਉਮੀਦਵਾਰ ਥਿਓਡੋਰੇ ਰੂਜ਼ਵੈਲਟ ਉੱਪਰ 1912 ਵਿਚ ਮਿਲਵਾਕੀ ਵਿਖੇ ਹਮਲਾ ਹੋਇਆ ਪਰ ਉਹ ਬਚ ਗਏ ਸਨ। ਦੂਜੇ ਉਮੀਦਵਾਰ ਰਾਬਰਟ ਐਫ। ਕੈਨੇਡੀ ’ਤੇ 5 ਜੂਨ 1968 ਨੂੰ ਲਾਸ ਏਂਜਲਸ ਵਿਖੇ ਕਾਤਲਾਨਾ ਹਮਲਾ ਹੋਇਆ ਜਿਸ ਵਿਚ ਰਾਸ਼ਟਰਪਤੀ ਮਾਰੇ ਗਏ। ਬਾਰਾਂ ਰਾਸ਼ਟਰਪਤੀਆਂ ’ਤੇ ਹੋਏ ਹਮਲਿਆਂ ’ਚ 5 ਰਾਸ਼ਟਰਪਤੀ ਮਾਰੇ ਗਏ ਸਨ ਤੇ 7 ਰਾਸ਼ਟਰਪਤੀ ਹਮਲਿਆਂ ਵਿਚ ਬਚ ਗਏ ਸਨ। ਕਿਹਾ ਜਾਂਦਾ ਹੈ ਅਮਰੀਕਾ ਦੇ ਕਾਨੂੰਨ ਬੜੇ ਸਖ਼ਤ ਹਨ ਪਰ ਬਹੁਤੇ ਹਮਲਾਵਰਾਂ ਨੂੰ ਸਜ਼ਾ ਨਹੀਂ ਹੋ ਸਕੀ। ਜੇ ਅਮਰੀਕਾ ਦੇ ਉੱਚ ਅਹੁਦਿਆਂ ਵਾਲੇ ਸਰੱਖਿਅਤ ਨਹੀਂ ਹਨ ਤਾਂ ਆਮ ਲੋਕਾਂ ਦੀ ਸੁਰੱਖਿਆ ਕਿਵੇਂ ਹੋ ਸਕਦੀ ਹੈ।




## ਮਾਲਵਾ ਸਾਹਿਤ ਸਭਾ ਵੱਲੋਂ ਨਾਵਲ ਮਨਹੁ ਕੁਸੁਧਾ ਕਾਲੀਆ ਤੇ ਕਰਵਾਈ ਗੋਸਟੀ-ਨਾਵਲਕਾਰ ਯਾਦਵਿੰਦਰ ਸਿੰਘ ਭੁੱਲਰ ਦਾ ਕੀਤਾ ਸਨਮਾਨ

ਧਨੌਲਾ ਮੰਡੀ, ਸੰਜੀਵ ਗਰਗ ਕਾਲੀ:- ਮਾਲਵਾ ਸਾਹਿਤ ਸਭਾ (ਰਜਿ.) ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈਟੀਆਈ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਲੇਖਕ ਯਾਦਵਿੰਦਰ ਸਿੰਘ ਭੁੱਲਰ ਦੇ ਨਾਵਲ ਮਨਹੁ ਕੁਸੁਧਾ ਕਾਲੀਆ ਉਪਰ ਗੋਸਟੀ ਕਰਵਾਈ ਗਈ। ਜਿਸ ਉੱਪਰ ਪਰਚਾ ਪੜਦਿਆਂ ਡਾ ਭੁਪਿੰਦਰ ਸਿੰਘ ਬੇਦੀ ਨੇ ਕਿਹਾ ਇਸ ਨਾਵਲ ਵਿੱਚ ਯਾਦਵਿੰਦਰ ਸਿੰਘ ਭੁੱਲਰ ਨੇ ਸਮਾਜ ਦਾ ਕਰੂਰ ਯਥਾਰਥ ਪੇਸ ਕੀਤਾ ਹੈ, ਕਿ ਕਿਵੇਂ ਲੋਕ ਅੰਧ ਵਿਸਵਾਸੀ ਹੋ ਕੇ ਡੇਰਿਆਂ ਦੀ ਸਰਨ ਲੈਂਦੇ ਹਨ ਅਤੇ ਡੇਰੇਦਾਰ ਕਿਵੇਂ ਇਹਨਾਂ ਲੋਕਾਂ ਦਾ ਸੋਸਣ ਕਰਦੇ ਹਨ ਭੁੱਲਰ ਨੇ ਬਹੁਤ ਹੀ ਬਾਰੀਕਬੀਨੀ ਨਾਲ ਇਸ ਨਾਵਲ ਵਿੱਚ ਬਹੁਤ ਵੱਡੇ ਖੁਲਾਸੇ ਕੀਤੇ ਹਨ! ਸਭਾ ਦੇ ਪ੍ਰਧਾਨ ਡਾ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਇਸ ਨਾਵਲ ਵਿੱਚ ਯਾਦਵਿੰਦਰ ਸਿੰਘ ਭੁੱਲਰ ਨੇ ਇਹ ਸੱਚ ਪੇਸ ਕੀਤਾ ਹੈ ਕਿ ਕਿਵੇਂ ਡੇਰੇਦਾਰ ਲੋਕਾਂ ਦੀਆਂ ਮਜਬੂਰੀਆਂ ਦਾ ਨਜਾਇਜ ਫਾਇਦਾ ਉਠਾ ਕੇ ਸਿਆਸੀ ਸਰਪਰਸਤੀ ਹੇਠ ਲੋਕਾਂ ਨੂੰ ਡਰਾਉਂਦੇ ਅਤੇ ਧਮਕਾਉਂਦੇ ਹਨ ਅਤੇ ਆਪਣਾ ਤੋਰੀ ਫੁਲਕਾ ਚਲਦਾ ਰੱਖਦੇ ਹਨ। ਬੇਸੱਕ ਸਾਰੇ ਡੇਰਿਆਂ ਨੂੰ ਇੱਕੋ ਤੱਕੜੀ ਵਿੱਚ ਤਾਂ ਨਹੀਂ ਤੋਲਿਆ ਜਾ ਸਕਦਾ ਪਰ ਫਿਰ ਵੀ ਬਹੁ ਗਿਣਤੀ ਡੇਰਾਵਾਦ ਲੋਕਾਂ ਨੂੰ ਕੁਰਾਹੇ ਹੀ ਪਾ ਰਿਹਾ ਹੈ। ਪ੍ਰਸਿੱਧ ਆਲੋਚਕ ਨਿਰੰਜਨ ਬੋਹਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਭਾਵੇਂ ਇਹ ਯਾਦਵਿੰਦਰ ਸਿੰਘ ਭੁੱਲਰ ਦਾ ਪਹਿਲਾ ਨਾਵਲ ਹੈ ਪਰ ਇੰਝ ਲੱਗਦਾ ਹੈ ਕਿ ਜਿਵੇਂ ਨਾਵਲਕਾਰ ਨੇ ਇਹ ਦਰਦ ਆਪਣੇ ਪਿੰਡੇ ਤੇ ਹੰਢਾਇਆ ਹੋਵੇ ਤੇ ਲੋਕਾਂ ਨੂੰ ਡੇਰੇਵਾਦ ਖਿਲਾਫ ਜਾਗਰੂਕ ਕਰਨ ਦਾ ਉਸਨੇ ਜੋ ਬੀੜਾ ਚੁੱਕਿਆ ਹੈ ਇਹ ਸਲਾਘਾ ਯੋਗ ਹੈ। ਭਾਰਤੀ ਸਾਹਿਤ ਅਕੈਡਮੀ ਦੇ ਮੈਂਬਰ ਤੇ ਪ੍ਰਸਿੱਧ ਲੇਖਕ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਡੇਰੇਵਾਦ ਖਿਲਾਫ ਭੁੱਲਰ ਦਾ ਲਿਖਿਆ ਇਹ ਨਾਵਲ ਜਿੱਥੇ ਡੇਰੇਵਾਦ ਦਾ ਪਾਜ ਉਘਾੜਦਾ ਹੈ ਉਥੇ ਲੋਕਾਂ ਨੂੰ ਇਸ ਚੁੰਗਲ ਚੋਂ ਮੁਕਤ ਹੋਣ ਦਾ ਰਾਹ ਵੀ ਦੱਸਦਾ ਹੈ! ਇਹਨਾਂ ਤੋਂ ਇਲਾਵਾ ਤੇਜਾ ਸਿੰਘ ਤਿਲਕ, ਮੇਘ ਰਾਜ ਮਿੱਤਰ, ਸਾਗਰ ਸਿੰਘ ਸਾਗਰ, ਦਰਸਨ ਸਿੰਘ ਗੁਰੂ, ਜਗਤਾਰ ਜਜੀਰਾ, ਡਾ ਰਾਮਪਾਲ ਸਿੰਘ, ਤੇਜਿੰਦਰ ਚੰਡਿਹੋਕ ਅਤੇ ਡਾ ਅਮਨਦੀਪ ਸਿੰਘ ਟੱਲੇਵਾਲੀਆ ਨੇ ਵੀ ਇਸ ਨਾਵਲ ਬਾਰੇ ਆਪਣੇ ਵਿਚਾਰ ਪੇਸ ਕੀਤੇ। ਸਭਾ ਦੀ ਰਿਵਾਇਤ ਮੁਤਾਬਕ ਨਾਵਲਕਾਰ ਯਾਦਵਿੰਦਰ ਸਿੰਘ ਭੁੱਲਰ ਦਾ ਸਨਮਾਨ ਕੀਤਾ ਗਿਆ। ਇਸ ਸਾਹਿਤਕ ਸਮਾਗਮ ਮੌਕੇ ਕਵੀ ਦਰਬਾਰ ਵਿੱਚ ਹਾਕਮ ਸਿੰਘ ਰੂੜੇਕੇ, ਪਾਲ ਸਿੰਘ ਲਹਿਰੀ, ਸੁਖਦੇਵ ਸਿੰਘ ਔਲਖ, ਡਾ. ਉਜਾਗਰ ਸਿੰਘ ਮਾਨ, ਚਰਨੀ ਬੇਦਿਲ, ਦਲਬਾਰ ਸਿੰਘ ਧਨੌਲਾ, ਬਿਰਜ ਲਾਲ ਗੋਇਲ, ਸਿੰਦਰ ਧੌਲਾ, ਗੁਰਜੰਟ ਸਿੰਘ ਬਰਨਾਲਾ, ਵਿੰਦਰ ਸਿੰਘ ਬਰਨਾਲਾ, ਰਘਵੀਰ ਸਿੰਘ ਗਿੱਲ ਕੱਟੂ, ਸੁਖਵਿੰਦਰ ਸਿੰਘ ਸਨੇਹ, ਰਜਨੀਸ ਕੌਰ ਬਬਲੀ, ਬੀਰਪਾਲ ਕੌਰ ਹੰਡਿਆਇਆ, ਅੰਜਨਾ ਮੈਨਨ, ਪ੍ਰਿੰਸੀਪਲ ਕੌਰ ਸਿੰਘ ਧਨੌਲਾ, ਕਰਮਜੀਤ ਭੱਠਲ, ਮੇਜਰ ਸਿੰਘ ਗਿੱਲ, ਜਸਪਾਲ ਸਿੰਘ ਪਾਲੀ, ਗੁਰਤੇਜ ਸਿੰਘ ਮੱਖਣ, ਡਾ ਜਸਵੰਤ ਸਿੰਘ, ਮਨਜੀਤ ਸਿੰਘ ਸਾਗਰ, ਅਵਤਾਰ ਸਿੰਘ ਬੱਬੀ ਰਾਏਸਰ, ਲਖਵਿੰਦਰ ਸਿੰਘ ਠੀਕਰੀਵਾਲ, ਨਵਦੀਪ ਸੇਖਾ, ਪ੍ਰਵੀਨ ਰਿਸੀ ਤੇ ਸੁਖਵੰਤ ਸਿੰਘ ਰਾਜਗੜ੍ਹ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ ਕੀਤੀਆਂ।




## ਪੰਜਾਬੀ ਲਿਖਾਰੀ ਸਭਾ ਧਨੌਲਾ ਨੇ ਸਰਬਸੰਮਤੀ ਨਾਲ ਕੀਤੀ ਅਹੁਦੇਦਾਰਾਂ ਦੀ ਚੋਣ


ਧਨੌਲਾ ਮੰਡੀ, ਸੰਜੀਵ ਗਰਗ ਕਾਲੀ- ਪੰਜਾਬੀ ਲਿਖਾਰੀ ਸਭਾ ਧਨੌਲਾ (ਬਰਨਾਲਾ) ਦੀ ਮਾਸਿਕ ਇਕੱਤਰਤਾ ਸਭਾ ਦੇ ਚੇਅਰਪਰਸਨ ਇਨਕਲਾਬੀ ਕਵੀ ਡਾ ਮਿੰਦਰ ਪਾਲ ਭੱਠਲ ਅਤੇ ਸਭਾ ਦੇ ਮੁੱਖ ਪ੍ਰਬੰਧਕ ਬਾਬੂ ਬਿਰਜ ਲਾਲ ਜੀ ਗੋਇਲ ਦੀ ਅਗਵਾਈ ਹੇਠ ਹੋਈ। ਸਾਹਿਤਕ ਸਮਾਗਮ ਉਪਰੰਤ ਸਭਾ ਦੇ ਅਹੁਦੇਦਾਰਾਂ ਦੀ ਸਰਬ ਸੰਮਤੀ ਨਾਲ ਚੋਣ ਕੀਤੀ ਗਈ ਇਸ ਚੋਣ ਵਿੱਚ ਚੇਅਰਮੈਨ ਬਾਬੂ ਬਿਰਜ ਲਾਲ ਗੋਇਲ, ਚੇਅਰਮੈਨ ਲੋਕ ਕਵੀ ਡਾਕਟਰ ਮਹਿੰਦਰ ਪਾਲ ਭੱਠਲ, ਉਪ ਚੇਅਰਮੈਨ ਮਾਲਵੇ ਦੇ ਪ੍ਰਸਿੱਧ ਕਵੀਸਰ ਦਰਸਨ ਸਿੰਘ ਕੌਲ, ਅਤੇ ਸਾਹਿਤਕਾਰ ਜਸਮੇਲ ਸਿੰਘ ਕਾਲੇਕੇ, ਤੀਸਰੀ ਵਾਰ ਪ੍ਰਧਾਨ ਰਿਟਾ ਪ੍ਰਿੰਸੀਪਲ ਮਲਕੀਤ ਗਿੱਲ ਭੱਠਲ, ਸੀਨੀਅਰ ਮੀਤ ਪ੍ਰਧਾਨ ਉੱਘੇ ਹਾਸ ਵਿਅੰਗ ਕਵੀ ਦਲਵਾਰ ਸਿੰਘ ਫੌਜੀ,ਮੀਤ ਪ੍ਰਧਾਨ ਨੌਜਵਾਨ ਲੇਖਕ ਪ੍ਰਗਟ ਭੱਠਲ, ਜਨ ਸਕੱਤਰ ਪਰਮਜੀਤ ਪੱਪੂ,ਸਕੱਤਰ ਨਿਰੰਜਨ ਸਿੰਘ ਭੈਣੀ, ਪ੍ਰੈੱਸ ਸਕੱਤਰ ਉੱਘੇ ਨੌਜਵਾਨ ਲੇਖਕ ਚਰਨੀ ਬੇਦਿਲ ਤੇ ਜਗਤਾਰ ਜਖਮੀ, ਮੁੱਖ ਸਲਾਹਕਾਰ ਰਾਸਟਰੀ ਅਥਲੀਟ ਗੁਰਮੇਲ ਭੱਠਲ, ਮੁੱਖ ਪ੍ਰਬੰਧਕ ਸਾਹਿਤਕਾਰ ਨਿਰਮਲ ਸਿੰਘ ਕਾਹਲੋਂ, ਖਜਾਨਚੀ ਬਰਜਿੰਦਰ ਮਨੀ ਵਾਲੀਆ, ਸਹਾਇੱਕ ਖਜਾਨਚੀ ਪਰਮਿੰਦਰ ਭੱਠਲ , ਜਥੇਬੰਦਕ ਸਕੱਤਰ ਰਿਟਾ ਪ੍ਰਿੰਸੀਪਲ ਦਰਸਨ ਸਿੰਘ ਕਾਲੇਕੇ,ਪ੍ਰਗਟ ਸਿੰਘ ਕਾਲੇਕੇ, ਸੰਗੀਤ ਨਿਰਦੇਸਕ ਅਧਿਆਪਕ ਗੁਰਜਿੰਦਰ ਸਿੰਘ ਰਸੀਆ ਅਤੇ ਵੀਡੀਓਗ੍ਰਾਫਰ ਸੁਖਵੰਤ ਸਿੰਘ ਰਾਜਗੜ੍ਹ ਨੂੰ ਚੁਣਿਆ ਗਿਆ। ਨਵੇਂ ਚੁਣੇ ਸਾਰੇ ਅਹੁਦੇਦਾਰਾਂ ਨੇ ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਅਤੇ ਪੰਜਾਬੀ ਮਾਂ ਬੋਲੀ ਦੀ ਤਨੋਂ ਮਨੋਂ ਸੇਵਾ ਕਰਨ ਲਈ ਪ੍ਰਣ ਲਿਆ। ਅੰਤ ਵਿੱਚ ਸ੍ਰੋਮਣੀ ਸਾਹਿਤਕਾਰ ਮਰਹੂਮ ਸੁਰਜੀਤ ਪਾਤਰ ਨੂੰ ਸਮੂਹ ਅਹੁਦੇਦਾਰਾਂ ਅਤੇ ਹਾਜਰੀਨ ਮੈਂਬਰਾਂ ਵੱਲੋਂ ਦੋ ਮਿੰਟ ਦਾ ਮੋਨ ਧਾਰ ਕੇ ਸਰਧਾ ਦੇ ਫੁੱਲ ਭੇਟ ਕੀਤੇ ਗਏ।





SARKAR PRODUCTIONS LTD

PRESENTS



# ਜ਼ਫ਼ਰਨਾਮਾ

ਫ਼ਤਹਿ ਦਾ ਪੱਤਰ

# ZAFARNAMAH

Declaration Of Victory

Punjabi Play By: PUNJAB LOK RANG

Written & Directed By:
Surinder Singh Dhanoa

**Saturday**
**July 27th, 2024**
**at 6:00PM**

BELL CENTRE 6250 - 144 Street, Surrey, BC

CONTACT FOR MORE INFO :
DAVE RAI : 604-561-9797

Printed By: Shan Printing & Signs Ltd. - 778-885-5164

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





# Quick Lube & Smog

OFFICIAL LAMP ADJUSTING STATION

OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

## SUKHWINDER BHELLA

510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



# United Pet Hospital

VETERINARIAN UNITED PET HOSPITAL

## Dr. Mandeep Bhullar DVM

510-363-9980

1641 Industrial Pkwy W. Hayward, CA. 94544



unitepets@gmail.com

Fax : 510-397-0142





# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1. Wedding Lehngas
2. Mens wear-shervani
3. Kurte Pajame
4. Sharara Suits.
5. Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ

80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

PREET FABRICS & APPLIANCE

Under New Management



ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।

Sale is going on

APPLIANCES & PARKER PENS, OSTER BLENDERS

Watches (Seiko, Citizen & Swistar)
Shavers & Trimmers Cellular Phones
and OSTER BLENDERS

5156 Mowry AVE. Fremont. CA 94538
Tel- 510-797-7111



CISI CALIFORNIA IMMIGRATION SERVICES INC.
Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377



MOON indian cuisine
Moon Indian Cuisine
510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net



AAA
AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial PKWY West
Hayward, CA 94544

# ਅੱਜ ਹੀ ਆਪਣਾ ਫ਼ੋਨ ਠੀਕ ਕਰਵਾਓ

## CELL PHONE REPAIR BY SYCAMORE TECH

**Location: 6170 Thornton Avenue Suite C, Newark, CA, 94560**

ਸੈਕਿੰਡ ਹੈਂਡ ਮੋਬਾਇਲ ਫੋਨ ਲੈਣਾ ਹੋਵੇ
ਮੋਬਾਇਲ ਦੀ ਤੁਰੰਤ ਅਤੇ ਉਸੇ ਦਿਨ (Same Day Repair) ਰਿਪੇਅਰ ਕਰਵਾਉਣੀ ਹੋਵੇ
ਸਾਡੇ ਨਾਲ ਜ਼ਰੂਰ ਸੰਪਰਕ ਕਰੋ ਜੀ:

**Phone: 510-894-9607**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10.00 ਵਜੇ ਤੋਂ ਸ਼ਾਮੀ 7 ਵਜੇ ਤੱਕ,
ਸ਼ਨਿਚਰਵਾਰ ਨੂੰ ਸਵੇਰੇ 10.30 ਤੋਂ ਸ਼ਾਮੀ 5 ਵਜੇ ਤੱਕ, ਐਤਵਾਰ ਬੰਦ

**Services We Offer:**

* iPhone and iPad Repair
* Samsung Phones Repair
* PC and Mac Repair
* Sell Unlocked Phones
* Screen/LCD Replacement
* Battery and Charging Issue
* Back Glass and Camera Lens
* Water Damaged and Locked Phones

10% Off



CELL PHONE REPAIR BY SYCAMORE TECH

**Same Day Repair.**
**Get Your Phone Fixed Today!**

www.sycamoretechca.com



# Kw SILICON CITY

## KELLERWILLIAMS.

To buy Home, business or any kind of property



## Gurjeet Rai

**408-802-5303**

GurjeetRai@kw.com
SoldbyGurjeetRai.com

*5-STAR RATING*

DRE 02149422

**Please consult before finalizing your deal or decision**

REALTOR® OF THE YEAR 2022

AGENT OF THE EXCELLENCE 2022

**2221 Oakland Rd, Ste 268**
**San Jose CA 95131**






# "Customization is our Specialty"

## Acme AWARDS

Since 1988

ਟਰਾਫੀਆਂ, ਸ਼ੀਲਡਾਂ, ਫਲਾਇਰ, ਟੀ-ਸ਼ਰਟ, ਮੱਘ, ਟਰੱਕ ਦੇ ਸਾਈਨ ਬਣਾਉਣ ਲਈ ਇਕ ਵਾਰ ਜ਼ਰੂਰ ਮੌਕਾ ਦਿਓ ਜੀ।

**WWW.ACMEAWARDS.COM**
**Info@AcmeAwards.com**

**28302 Industrial Blvd Suite K**
**Hayward, CA- 94545**
**(510) 582-1188**

**Acme Awards offers the following services:**

Embroidery
Screen Printing
Patches
Tackle Twill
Digitizing
Direct to Garment Printing
Acrylic/Glass
Awards
Plaques
Trophies
Signs and Badges
Name Plates
Engraving

# ਸੁਖਮਨੀ ਸਾਹਿਬ ਵਿੱਚ ਸੁਖ ਦਾ ਸੰਕਲਪ

ਡਾ. ਕੁਲਦੀਪ ਕੌਰ

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ (1563-1606) ਬਹੁਪੱਖੀ ਸ਼ਖ਼ਸੀਅਤ ਦੇ ਧਾਰਨੀ ਸਨ। ਉਨ੍ਹਾਂ ਨੇ ਜਿੱਥੇ ਗੁਰੂ ਗ੍ਰੰਥ ਸਾਹਿਬ ਦੇ 30 ਰਾਗਾਂ ਵਿੱਚ ਸਭ ਤੋਂ ਵਧੀਕ ਬਾਣੀ ਦੀ ਰਚਨਾ ਕੀਤੀ, ਉੱਥੇ ਹੀ ਇੱਕ ਸੁਯੋਗ ਸੰਪਾਦਕ ਦੀ ਹੈਸੀਅਤ ਵਿੱਚ ਇਸ ਮਹਾਨ ਗ੍ਰੰਥ ਦਾ ਸੰਪਾਦਨ ਵੀ ਕੀਤਾ। ਉਨ੍ਹਾਂ ਨੂੰ ਬਾਣੀ ਦੇ ਬੋਹਿਥ, ਪ੍ਰਤੱਖ ਹਰਿ ਤੇ ਸਹਿਣਸ਼ੀਲਤਾ ਦੇ ਸਿਖ਼ਰ ਆਦਿ ਲਕਬਾਂ ਵਜੋਂ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੀਆਂ ਬਾਣੀਆਂ ਵਿੱਚ ਸੁਖਮਨੀ, ਬਾਵਨ ਅੱਖਰੀ, ਬਾਰਾਮਾਹ ਮਾਝ ਤੇ ਵੱਖ-ਵੱਖ ਰਾਗਾਂ ਵਿੱਚ ਰਚੀਆਂ ਛੇ ਵਾਰਾਂ ਆਦਿ ਪ੍ਰਮੁੱਖ ਹਨ।

ਸੁਖਮਨੀ, ਜਿਸ ਨੂੰ ਸਤਿਕਾਰ ਵਜੋਂ ਸੁਖਮਨੀ ਸਾਹਿਬ ਵੀ ਕਿਹਾ ਜਾਂਦਾ ਹੈ, ਸਿੱਖ ਧਰਮ ਦੀਆਂ ਬਾਣੀਆਂ ਵਿੱਚੋਂ ਇੱਕ ਪ੍ਰਧਾਨ ਬਾਣੀ ਹੈ, ਜਿਸ ਦੀ ਰਚਨਾ ਗਉੜੀ ਰਾਗ ਵਿੱਚ ਕੀਤੀ ਗਈ ਹੈ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 262 ਤੋਂ 296 ਉੱਤੇ ਸੁਸ਼ੋਭਿਤ ਹੈ। ਭਾਵੇਂ ਇਹ ਬਾਣੀ ਨਿਤਨੇਮ ਵਿੱਚ ਦਰਜ ਨਹੀਂ, ਤਾਂ ਵੀ ਕੁਝ ਗੁਰਮੁਖ ਇਸ ਦਾ ਪਾਠ ਨਿਤਨੇਮ ਵਜੋਂ ਕਰਦੇ ਹਨ। ਇਹ ਵੀ ਮਾਨਤਾ ਹੈ ਕਿ ਪ੍ਰਭਾਤ ਦੇ ਪਹਿਲੇ ਪਹਿਰ ਵਿੱਚ ਇਸ ਬਾਣੀ ਦਾ ਉਚਾਰਨ ਜਾਂ ਸ੍ਰਵਣ ਵਿਅਕਤੀ ਦੇ ਮਨ ਵਿੱਚ ਸ਼ਾਂਤੀ ਦੇ ਭਾਵ ਉਜਾਗਰ ਕਰਦਾ ਹੈ। ਡਾ. ਤਾਰਨ ਸਿੰਘ ਨੇ ਲਿਖਿਆ ਹੈ ਕਿ ਗਉੜੀ ਰਾਗ ਸਰਦੀਆਂ ਦੀ ਰੁੱਤ ਵਿੱਚ ਪ੍ਰਭਾਤ ਸਮੇਂ ਗਾਇਆ ਜਾਣ ਵਾਲਾ ਰਾਗ ਹੈ, ਪਰ ਸਿੱਖ ਜਗਤ ਵਿੱਚ ਇਸ ਬਾਣੀ ਦੇ ਉਚਾਰਨ ਲਈ ਕੋਈ ਵਿਸ਼ੇਸ਼ ਸਮਾਂ ਨਿਸ਼ਚਿਤ ਨਹੀਂ ਕੀਤਾ ਗਿਆ।

ਇਸ ਬਾਣੀ ਦੀ ਵਿਉਂਤਬੰਦੀ 24 ਅਸ਼ਟਪਦੀਆਂ ਵਿੱਚ ਹੋਈ ਹੈ। ਹਰੇਕ ਅਸ਼ਟਪਦੀ ਵਿੱਚ ਅੱਠ ਪਉੜੀਆਂ ਹਨ ਤੇ ਹਰ ਪਉੜੀ ਵਿੱਚ 10 ਪੰਕਤੀਆਂ ਹਨ। ਪਹਿਲੀ ਅਸ਼ਟਪਦੀ ਦੀ ਪਹਿਲੀ ਪਉੜੀ ਵਿੱਚ ਰਹਾਉ ਦੀਆਂ ਦੋ ਪੰਕਤੀਆਂ ਵਧੇਰੇ ਹਨ। ਹਰ ਅਸ਼ਟਪਦੀ ਦੇ ਆਰੰਭ ਵਿੱਚ ਇੱਕ ਸਲੋਕ ਅੰਕਿਤ ਹੈ, ਜੋ ਉਸ ਅਸ਼ਟਪਦੀ ਦੇ ਕੇਂਦਰੀ ਭਾਵ ਨੂੰ ਪ੍ਰਸਤੁਤ ਕਰਦਾ ਹੈ। ਇਸ ਪ੍ਰਕਾਰ ਸਲੋਕਾਂ ਦੀ ਗਿਣਤੀ ਵੀ 24 ਹੈ। (ਕੁਝ ਵਿਦਵਾਨਾਂ ਨੇ ਸਲੋਕਾਂ ਦੀ ਗਿਣਤੀ ਜ਼ਿਆਦਾ ਹੋਣ ਦਾ ਜ਼ਿਕਰ ਕੀਤਾ ਹੈ, ਪਰ ਇਹ ਸਹੀ ਨਹੀਂ ਹੈ।)

ਗੁਰਮਤਿ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਦੀ ਇਹ ਬਾਣੀ ਰਾਮਸਰ ਦੇ ਸਥਾਨ ਉੱਤੇ ਬੈਠ ਕੇ ਅੰਦਾਜ਼ਨ 1601-02 ਵਿੱਚ ਮੁਕੰਮਲ ਕੀਤੀ। ਗੁਰਮਤਿ ਸਾਹਿਤ ਵਿੱਚ ਇਸ ਬਾਣੀ ਦਾ ਮਹਾਤਮ ਇਸ ਪੱਖੋਂ ਵੀ ਹੈ ਕਿ ਅਧਿਆਤਮਕ ਸਾਹਿਤ ਵਿੱਚ ਕਿਸੇ ਮਹਾਂਪੁਰਖ ਵੱਲੋਂ ਰਚੀ ਗਈ ਇਹ ਸਭ ਤੋਂ ਲੰਮੀ ਵੱਡਆਕਾਰੀ ਰਚਨਾ ਹੈ। ਇਸ ਬਾਣੀ ਦੀ ਇਹ ਵੀ ਵਿਲੱਖਣਤਾ ਹੈ ਕਿ ਇਸ ਵਿੱਚ ਮਨੁੱਖੀ ਜੀਵਨ ਦਾ ਨਾਸ਼ ਕਰਨ ਵਾਲੇ ਹਰ ਪਹਿਲੂ ਦੀ ਨਿਸ਼ਾਨਦੇਹੀ ਕਰਦਿਆਂ ਉਸ ਤੋਂ ਸਾਵਧਾਨ ਤੇ ਸੁਚੇਤ ਰਹਿਣ ਦੀ ਪ੍ਰੇਰਨਾ ਦੇ ਕੇ ਉਸ ਦਾ ਸੌਖਾ, ਸੰਭਵ ਤੇ ਭਰੋਸੇਯੋਗ ਹੱਲ ਵੀ ਸੁਝਾਇਆ ਗਿਆ ਹੈ। ਸੁਖਮਨੀ ਦੀ ਰਚਨਾ ਸ਼ਾਂਤ ਰਸ ਵਿੱਚ ਹੋਈ ਹੈ ਤੇ ਇਸ ਵਿੱਚ ਸੁੱਖ ਦੇ ਮਾਰਗ ਬਾਰੇ ਵਿਸਤ੍ਰਿਤ ਜ਼ਿਕਰ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਵਿਸਮਾਦ ਦੀ ਸਥਿਤੀ ਸਰਵਉੱਚ ਤੇ ਸ੍ਰੇਸ਼ਟ ਹੈ। ਵਿਸਮਾਦ ਦੀ ਇਸ ਸਥਿਤੀ ਦੇ ਬਿਆਨ ਲਈ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਤੇਗ਼ ਬਹਾਦਰ ਜੀ ਨੇ ਕ੍ਰਮਵਾਰ ਜਪੁ, ਅਨੰਦੁ, ਅੰਮ੍ਰਿਤ, ਬਲ ਆਦਿ ਕੇਂਦਰੀ ਸੰਕਲਪਾਂ ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਕੇਂਦਰੀ ਸੰਕਲਪ ਦੀ ਵਿਆਖਿਆ ਸੁਖਮਨੀ ਦੇ ਮਾਧਿਅਮ ਰਾਹੀਂ ਕੀਤੀ ਹੈ। ਪ੍ਰੋ. ਸਾਹਿਬ ਸਿੰਘ ਨੇ ਸੁਖਮਨੀ ਦੇ ਅਰਥ ਮਨ ਦੀ ਉਸ ਸਹਿਜ ਅਵਸਥਾ ਦੇ ਰੂਪ ਵਿੱਚ ਕੀਤੇ ਹਨ, ਜੋ ਕਦੇ ਵੀ ਭੰਗ ਨਹੀਂ ਹੁੰਦੀ। ਗੁਰੂ ਅਰਜਨ ਦੇਵ ਜੀ ਇਸ ਅਵਸਥਾ ਨੂੰ ਪਰਿਭਾਸ਼ਿਤ ਕਰਦੇ ਹੋਏ ਫ਼ਰਮਾਉਂਦੇ ਹਨ:

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥
ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥ (ਪੰਨਾ 262)

ਭਾਵ ਪ੍ਰਭੂ ਦਾ ਨਾਮ ਹੀ ਸਾਰੇ ਸੁੱਖਾਂ ਦਾ ਖ਼ਜ਼ਾਨਾ ਹੈ ਤੇ ਇਹ ਭਗਤਾਂ, ਸੰਤਾਂ ਤੇ ਬ੍ਰਹਮ ਗਿਆਨੀਆਂ ਦੇ ਹਿਰਦੇ ਵਿੱਚ ਵਸਦਾ ਹੈ। ਸੁਖਮਨੀ ਵਿੱਚ ਸੁਖਦਾਤਾ ਪਰਮਾਤਮਾ ਨੂੰ ਮੰਨਿਆ ਗਿਆ ਹੈ। ਇਸ ਦੀ ਵਿਆਖਿਆ ਹਿਤ ਗੁਰੂ ਅਰਜਨ ਦੇਵ ਜੀ ਨੇ ਪਹਿਲੀ, ਦੂਜੀ ਤੇ ਤੀਜੀ ਅਸ਼ਟਪਦੀ ਵਿੱਚ ਇਸ ਭਾਵ ਨੂੰ ਕਾਵਿਬੱਧ ਕੀਤਾ ਹੈ ਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਹੋਰ ਸਾਰੇ ਧਾਰਮਿਕ ਕਾਰਜਾਂ ਨਾਲੋਂ ਸ੍ਰੇਸ਼ਟ ਹੈ। ਪ੍ਰਭੂ ਦਾ ਸਿਮਰਨ ਮਨ ਦੀਆਂ ਸਮੁੱਚੀਆਂ ਸ਼ਕਤੀਆਂ ਨੂੰ ਨਿਯੰਤ੍ਰਿਤ ਕਰਨ ਨਾਲ ਹੁੰਦਾ ਹੈ। ਸੁਖਮਨੀ ਦੀ ਪਹਿਲੀ ਅਸ਼ਟਪਦੀ ਦੀਆਂ ਆਰੰਭਕ ਪੰਕਤੀਆਂ ਸਿਮਰਨ ਦੇ ਮਹੱਤਵ ਨੂੰ ਪੂਰਨ ਸਫ਼ਲਤਾ ਸਹਿਤ ਦ੍ਰਿੜ੍ਹ ਕਰਾਉਂਦੀਆਂ ਹਨ। ਇਸ ਬਾਣੀ ਵਿੱਚ ਵੱਖ-ਵੱਖ ਥਾਵਾਂ 'ਤੇ 'ਹਰਿ ਨਾਮ' ਨੂੰ ਰੇਖਾਂਕਿਤ ਕੀਤਾ ਗਿਆ ਹੈ:

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥

ਸੰਸਾਰ ਵਿੱਚ ਵਿਚਰਦੇ ਮਨੁੱਖਾਂ ਦੀਆਂ ਬਹੁਤ ਸਾਰੀਆਂ ਇੱਛਾਵਾਂ ਹੁੰਦੀਆਂ ਹਨ। ਸਰੀਰਕ, ਪਦਾਰਥਕ, ਭੌਤਿਕ, ਮਾਨਸਿਕ ਤੇ ਬੌਧਿਕ ਪਰ ਸੁਖਮਨੀ ਵਿੱਚ ਜਿਸ ਆਨੰਦ ਦਾ ਵਰਣਨ ਹੈ, ਉਹ ਇਨ੍ਹਾਂ ਅਸਥਾਈ ਇੱਛਾਵਾਂ ਦੀ ਪੂਰਤੀ ਦਾ ਫ਼ਲ ਨਹੀਂ। ਸੁਖਮਨੀ ਵਿੱਚ ਉਸ ਮੂਲ ਤੇ ਸਦੈਵਕਾਲੀਨ ਅਧਿਆਤਮਕ ਸੁੱਖ ਦਾ ਵਰਣਨ ਹੈ, ਜਿਸ ਦਾ ਅਸਤਿੱਤਵ ਮਨੁੱਖ ਦੇ ਪਰਾਭੌਤਿਕ ਤੇ ਪਰਾਸਰੀਰਕ ਅਨੁਭਵਾਂ ਦਾ ਸਿੱਟਾ ਹੈ।

ਸੁਖਮਨੀ ਦੀ ਚੌਥੀ, ਪੰਜਵੀਂ ਤੇ ਛੇਵੀਂ ਅਸ਼ਟਪਦੀ ਵਿੱਚ ਇਹ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਮਾਇਆ ਵਿੱਚ ਫਸੇ ਜੀਵ ਉੱਤੇ ਰੱਬ ਵੱਲੋਂ ਹੀ ਮਿਹਰ ਹੋਵੇ, ਤਾਂ ਹੀ ਉਸ ਨੂੰ ਰੱਬ ਦੀ ਦਾਤ ਮਿਲਦੀ ਹੈ। ਸੱਤਵੀਂ, ਅੱਠਵੀਂ ਤੇ ਨੌਵੀਂ ਅਸ਼ਟਪਦੀ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਜਦੋਂ ਪ੍ਰਭੂ ਦੀ ਕਿਰਪਾ ਹੁੰਦੀ ਹੈ ਤਾਂ ਮਨੁੱਖ ਸੰਗਤ ਵਿੱਚ ਬੈਠ ਕੇ ਨਾਮ ਦੀ ਬਰਕਤ ਹਾਸਲ ਕਰਦਾ ਹੈ। ਅਜਿਹੇ ਗੁਰਮੁਖ ਉੱਚੀ ਕਰਨੀ ਵਾਲੇ ਹੁੰਦੇ ਹਨ।

12ਵੀਂ, 13ਵੀਂ, 14ਵੀਂ ਤੇ 15ਵੀਂ ਅਸ਼ਟਪਦੀ ਵਿੱਚ ਮਨੁੱਖ ਨੂੰ ਜੀਵਨ ਦੇ ਵਿਹਾਰਕ ਪੱਖ 'ਚੋਂ ਗਿਆਨ ਦਿੱਤਾ ਗਿਆ ਹੈ। 16ਵੀਂ, 17ਵੀਂ ਤੇ 18ਵੀਂ ਅਸ਼ਟਪਦੀ ਵਿੱਚ ਪਰਮਾਤਮਾ ਦੇ ਗੁਣਵਾਚਕ ਨਾਵਾਂ ਦਾ ਵਰਣਨ ਕੀਤਾ ਗਿਆ ਹੈ ਜਿਵੇਂ, 'ਉਹ ਸਭ ਵਿੱਚ ਵਸਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਹੈ, ਉਹ ਸਦਾ ਕਾਇਮ ਰਹਿਣ ਵਾਲਾ ਹੈ।' 23ਵੀਂ ਤੇ 24ਵੀਂ ਅਸ਼ਟਪਦੀ ਵਿੱਚ ਸੁਖਮਨੀ ਦਾ ਮਹਾਤਮ ਤੇ ਸਿੱਟਾ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਪਉੜੀਆਂ ਵਿੱਚ ਦੱਸਿਆ ਗਿਆ ਹੈ ਕਿ ਜਦੋਂ ਮਨੁੱਖ ਨੂੰ ਗਿਆਨ ਰੂਪੀ ਸੁਰਮਾ ਮਿਲਦਾ ਹੈ ਤਾਂ ਉਸ ਦੇ ਮਨ ਵਿੱਚ ਇਹ ਚਾਨਣ ਪੈਦਾ ਹੁੰਦਾ ਹੈ ਕਿ ਪ੍ਰਭੂ ਹਰ ਥਾਂ ਉੱਤੇ ਹੈ। ਇਸੇ ਲਈ ਉਸ ਦੇ ਨਾਮ ਨੂੰ ਸੁੱਖਾਂ ਦੀ ਮਣੀ ਜਾਂ 'ਸੁਖਮਨੀ' ਕਿਹਾ ਗਿਆ ਹੈ,

ਸਭ ਤੇ ਊਚ ਤਾ ਕੀ ਸੋਭਾ ਬਨੀ॥
ਨਾਨਕ ਇਹ ਗੁਣਿ ਨਾਮੁ ਸੁਖਮਨੀ॥ (ਪੰਨਾ 296)

'ਸੁਖਮਨੀ' ਮਨ ਦੀ ਸਹਿਜ ਅਵਸਥਾ ਦਾ ਨਾਮ ਹੈ, ਜੋ ਰਜੋ, ਤਮੋ ਤੇ ਸਤੋ ਤੋਂ ਪ੍ਰਾਪਤ ਸੁੱਖਾਂ ਤੋਂ ਉਚੇਰੀ ਅਵਸਥਾ ਹੈ। ਇਸ ਰਚਨਾ ਵਿੱਚ ਗੁਰੂ ਅਰਜਨ ਦੇਵ ਜੀ ਨੇ ਮਨ ਨੂੰ ਗਿਆਨ ਤੇ ਕਰਮ ਇੰਦਰੀਆਂ ਦੇ ਪ੍ਰਭਾਵ ਤੋਂ ਬਚਾਉਣ ਲਈ ਇਸ ਨੂੰ ਸਿਮਰਨ, ਸਾਧ ਸੰਗਤ, ਸੇਵਾ ਤੇ ਗੁਰੂ ਦਾ ਹੁਕਮ ਮੰਨਣ ਆਦਿ ਦਾ ਆਦੇਸ਼ ਦਿੱਤਾ ਹੈ। ਸੁਖਮਨੀ ਵਿੱਚ ਮਿਲਦਾ ਸੁੱਖ ਭੌਤਿਕ ਲੱਛਣਾਂ ਦਾ ਧਾਰਨੀ ਨਹੀਂ ਹੈ, ਸਗੋਂ ਇਹ ਉਸ ਅਧਿਆਤਮਕ ਅਵਸਥਾ ਦਾ ਨਾਮ ਹੈ, ਜੋ ਸਦਾ ਸਥਿਰ ਰਹਿੰਦੀ ਹੈ।

ਅੱਜ ਦੇ ਅਖੌਤੀ ਧਰਮਾਂ ਦੀ ਚਕਾਚੌਂਧ ਵਿੱਚ ਗੁਆਚੇ, ਪੀੜਤ ਤੇ ਦੁਖੀ ਮਨੁੱਖ ਲਈ ਸੁਖਮਨੀ ਹੀ ਸਹਿਜ ਅਵਸਥਾ ਵਜੋਂ ਇੱਕ ਅਮੋਲਕ ਖ਼ਜ਼ਾਨਾ ਹੈ। ਇਹ ਬਾਣੀ ਸਿਰਫ਼ ਸਿੱਖ ਜਗਤ ਵਿੱਚ ਹੀ ਨਹੀਂ, ਸਗੋਂ ਸਾਰੇ ਉੱਤਰੀ ਭਾਰਤ ਵਿੱਚ ਪਿਛਲੇ ਚਾਰ ਸੌ ਸਾਲਾਂ ਤੋਂ ਤਪਦੇ ਮਨਾਂ ਨੂੰ ਠਾਰਦੀ ਆਈ ਹੈ।

# ਡੋਗਰਾ ਸਰਦਾਰਾਂ ਦੀਆਂ ਸਾਜਿਸ਼ਾਂ ਅਤੇ ਮਹਾਰਾਜਾ ਸ਼ੇਰ ਸਿੰਘ

ਸੁਰਿੰਦਰ ਕੋਛੜ



ਮਹਾਰਾਜਾ ਸ਼ੇਰ ਸਿੰਘ ਦਾ ਜਨਮ ਮਹਾਰਾਣੀ ਮਹਿਤਾਬ ਕੌਰ ਦੀ ਕੁੱਖੋਂ ਚਾਰ ਦਸੰਬਰ 1807 ਨੂੰ ਹੋਇਆ। ਉਹ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸ਼ਹਿਜ਼ਾਦਾ ਖੜਕ ਸਿੰਘ ਤੋਂ ਬਾਅਦ ਦੂਜਾ ਸ਼ਹਿਜ਼ਾਦਾ ਸੀ। ਉਸ ਨੂੰ ਯੁੱਧ ਵਿਦਿਆ ਦੇ ਨਾਲ-ਨਾਲ ਅੰਗਰੇਜ਼ੀ ਅਤੇ ਫ਼ਰੈਂਚ ਦੀ ਚੰਗੀ ਮੁਹਾਰਤ ਸੀ।

ਸ਼ਹਿਜ਼ਾਦਾ ਸ਼ੇਰ ਸਿੰਘ ਦਾ ਪਹਿਲਾ ਵਿਆਹ ਨਕਈ ਮਿਸਲ ਦੇ ਰਈਸ ਦੀ ਧੀ ਬੀਬੀ ਦੇਸਾਂ ਨਾਲ ਹੋਇਆ, ਜਿਸ ਦਾ ਥੋੜ੍ਹੇ ਸਮੇਂ ਬਾਅਦ ਹੀ ਦੇਹਾਂਤ ਹੋ ਗਿਆ। ਉਸ ਦੇ ਚਲਾਣੇ ਮਗਰੋਂ ਸ਼ਹਿਜ਼ਾਦੇ ਦਾ ਦੂਜਾ ਵਿਆਹ ਹਰੀ ਸਿੰਘ ਵੜੈਚ (ਲਾਧੋਵਾਲੀਏ) ਦੀ ਧੀ ਬੀਬੀ ਪ੍ਰੇਮ ਕੌਰ ਨਾਲ ਹੋਇਆ, ਜਿਸ ਨੇ 14 ਦਸੰਬਰ 1831 ਨੂੰ ਸ਼ਹਿਜ਼ਾਦਾ ਪ੍ਰਤਾਪ ਸਿੰਘ ਨੂੰ ਜਨਮ ਦਿੱਤਾ। ਇਨ੍ਹਾਂ ਤੋਂ ਇਲਾਵਾ ਸ਼ੇਰ ਸਿੰਘ ਨੇ ਕ੍ਰਮਵਾਰ ਰਾਣੀ ਪ੍ਰਤਾਪ ਕੌਰ (ਪੁੱਤਰੀ ਜਗਤ ਸਿੰਘ ਬਰਾੜ), ਰਾਣੀ ਦਖ਼ਣੂ, ਰਾਣੀ ਧਰਮ ਕੌਰ ਰੰਧਾਵਾ ਉਰਫ਼ ਰਾਣੀ ਰੰਧਾਵੀ (ਪੁੱਤਰੀ ਜੋਧ ਸਿੰਘ ਰੰਧਾਵਾ), ਰਾਣੀ ਨੰਦ ਕੌਰ ( ਪੁੱਤਰੀ ਚੰਡਾ ਸਿੰਘ ਭਿਟੀਵਿੱਡ) ਅਤੇ ਰਾਣੀ ਜੇਬੋ ਨਾਲ ਵੀ ਵਿਆਹ ਕੀਤਾ।



ਜੂਨ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਜਲਦੀ ਬਾਅਦ ਜਦੋਂ ਉਨ੍ਹਾਂ ਦੇ ਵੱਡੇ ਸ਼ਹਿਜ਼ਾਦੇ ਮਹਾਰਾਜਾ ਖੜਕ ਸਿੰਘ ਅਤੇ ਪੋਤਰੇ ਕੰਵਰ ਨੌਨਿਹਾਲ ਸਿੰਘ ਦਾ ਇੱਕੋ ਦਿਨ ਕਤਲ ਹੋ ਗਿਆ ਤਾਂ ਰਾਜ ਦਰਬਾਰ ਸਾਹਮਣੇ ਇਹ ਸਮੱਸਿਆ ਖੜ੍ਹੀ ਹੋ ਗਈ ਕਿ ਖ਼ਾਲਸਾ ਰਾਜ ਦੀ ਅਗਵਾਈ ਕੌਣ ਕਰੇਗਾ? ਕੰਵਰ ਸ਼ੇਰ ਸਿੰਘ ਨੂੰ ਤਖ਼ਤ 'ਤੇ ਬਿਠਾਉਣ ਦੀ ਗੱਲ ਚੱਲੀ ਤਾਂ ਗੁਲਾਬ ਸਿੰਘ ਡੋਗਰੇ ਨੇ ਚਾਲ ਚੱਲ ਕੇ ਮਹਾਰਾਜਾ ਖੜਕ ਸਿੰਘ ਦੀ ਪਤਨੀ ਮਹਾਰਾਣੀ ਚੰਦ ਕੌਰ ਨੂੰ ਤਖ਼ਤ 'ਤੇ ਬਿਠਾ ਦਿੱਤਾ। ਉਸ ਦੀ ਸਖ਼ਾਵਤ ਵਿੱਚ ਆ ਕੇ ਚੰਦ ਕੌਰ ਨੇ ਵੀ ਇਹ ਬਹਾਨਾ ਬਣਾ ਦਿੱਤਾ ਕਿ ਕੰਵਰ ਨੌਨਿਹਾਲ ਸਿੰਘ ਦੀ ਰਾਣੀ ਸਾਹਿਬ ਕੌਰ ਗਿਲਵਾਲਣ ਗਰਭਵਤੀ ਹੈ। ਜੇ ਉਸ ਦੇ ਘਰ ਲੜਕਾ ਹੋਇਆ ਤਾਂ ਮਹਾਰਾਜਾ ਉਹ ਬਣੇਗਾ ਅਤੇ ਜੇ ਲੜਕੀ ਹੋਈ ਤਾਂ ਸ਼ੇਰ ਸਿੰਘ ਮਹਾਰਾਜਾ ਬਣੇਗਾ। ਇਸ 'ਤੇ ਸ਼ੇਰ ਸਿੰਘ ਬਟਾਲਾ ਵਾਪਸ ਆ ਗਿਆ। ਕੁਝ ਸਮੇਂ ਬਾਅਦ ਇਸ ਗੱਲ ਦਾ ਪਰਦਾ-ਫਾਸ਼ ਹੋ ਗਿਆ ਕਿ ਕੰਵਰ ਨੌਨਿਹਾਲ ਸਿੰਘ ਦੀ ਕੋਈ ਵੀ ਰਾਣੀ ਗਰਭਵਤੀ ਨਹੀਂ ਸੀ। ਡੋਗਰਾ ਸਰਦਾਰਾਂ ਨੇ ਦੋ ਗਰਭਵਤੀ ਕਸ਼ਮੀਰੀ ਔਰਤਾਂ ਨੂੰ ਧਨ ਦਾ ਲਾਲਚ ਦੇ ਕੇ ਇਹ ਕਹਿ ਰੱਖਿਆ ਸੀ ਕਿ ਜਿਸ ਦੇ ਲੜਕਾ ਪੈਦਾ ਹੋਵੇਗਾ ਉਹ ਰਾਣੀ ਸਾਹਿਬ ਕੌਰ ਦੀ ਝੋਲੀ ਵਿੱਚ ਪਾ ਦੇਵੇ ਪਰ ਦੋਵਾਂ ਪਹਾੜਨਾਂ ਦੇ ਘਰ ਲੜਕੀਆਂ ਪੈਦਾ ਹੋਈਆਂ।

ਡੋਗਰਾ ਦਰਬਾਰੀਆਂ ਦੀਆਂ ਅਜਿਹੀਆਂ ਚਾਲਾਂ ਅਤੇ ਲਗਾਤਾਰ ਹੋ ਰਹੀਆਂ ਲੁੱਟ-ਖਸੁੱਟ ਅਤੇ ਅੱਤਿਆਚਾਰ ਦੀਆਂ ਕਾਰਵਾਈਆਂ ਨਾਲ ਪੂਰੇ ਲਾਹੌਰ ਵਿੱਚ ਬਦਅਮਨੀ ਫੈਲ ਗਈ ਅਤੇ ਰਾਜਗੱਦੀ ਦੀ ਪ੍ਰਾਪਤੀ ਲਈ ਸਾਜ਼ਿਸ਼ਾਂ ਰਚੀਆ ਜਾਣ ਲੱਗੀਆਂ। ਰਾਜ ਦੀ ਇਸ ਵਿਗੜੀ ਹਾਲਤ ਨੂੰ ਸੁਧਾਰਨ ਲਈ ਰਾਜ ਦੇ ਪੰਚਾਂ ਅਤੇ ਮੁਲਕੀ ਦਰਬਾਰੀਆਂ ਨੇ ਮੀਆਂ ਮੀਰ ਛਾਉਣੀ ਵਿੱਚ ਇਕੱਠ ਕਰਕੇ ਪੰਜਾਬ ਦਾ ਰਾਜ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਸੌਂਪਣ ਲਈ ਲਾਹੌਰ ਬੁਲਾਉਣ ਦਾ ਫ਼ੈਸਲਾ ਲਿਆ। 14 ਜਨਵਰੀ 1841 ਨੂੰ ਰਾਤ 8 ਵਜੇ ਸ਼ਹਿਜ਼ਾਦਾ ਸ਼ੇਰ ਸਿੰਘ ਨੇ ਲਾਹੌਰ 'ਤੇ ਚੜ੍ਹਾਈ ਕਰ ਦਿੱਤੀ ਅਤੇ ਕਿਲ੍ਹਾ 'ਤੇ ਕਬਜ਼ਾ ਕਰ ਲਿਆ। 27 ਜਨਵਰੀ 1841 ਨੂੰ ਉਨ੍ਹਾਂ ਨੂੰ ਮਹਾਰਾਜਾ ਥਾਪਿਆ ਗਿਆ।

ਡੋਗਰਾ ਸਰਦਾਰਾਂ ਨੇ ਆਪਣੇ ਆਪ ਮਹਾਰਾਣੀ ਵੱਲੋਂ ਸ਼ਹਿਰ ਵਿੱਚ ਇਹ ਐਲਾਨ ਕਰ ਦਿੱਤਾ ਕਿ ਖ਼ਾਲਸਾ ਰਾਜ ਦੇ ਕੁਝ ਦੁਸ਼ਮਨ ਸ਼ੇਰ ਸਿੰਘ ਨੂੰ ਬਟਾਲਾ ਤੋਂ ਲਾਹੌਰ 'ਤੇ ਚੜ੍ਹਾਈ ਕਰਨ ਲਈ ਲੈ ਕੇ ਆਏ ਹਨ ਅਤੇ ਸ਼ੇਰ ਸਿੰਘ ਲਾਹੌਰ 'ਤੇ ਕਬਜ਼ਾ ਕਰਕੇ ਰਾਣੀ ਨੂੰ ਬਾਹਰ ਕੱਢ ਦੇਵੇਗਾ। ਇਸ ਲਈ ਸਭ ਡੱਟ ਕੇ ਸ਼ੇਰ ਸਿੰਘ ਦਾ ਮੁਕਾਬਲਾ ਕਰਨ ਅਤੇ ਉਸ ਨੂੰ ਸ਼ਹਿਰ 'ਤੇ ਕਬਜ਼ਾ ਨਾ ਕਰਨ ਦੇਣ। ਇਸ ਸਭ ਦੇ ਬਾਵਜੂਦ ਸ਼ੇਰ ਸਿੰਘ ਨੇ ਕਿਲ੍ਹਾ ਲਾਹੌਰ 'ਤੇ ਕਬਜ਼ਾ ਕਰ ਲਿਆ। 27 ਜਨਵਰੀ 1841 ਨੂੰ ਉਸ ਨੂੰ ਮਹਾਰਾਜ ਥਾਪਿਆ ਗਿਆ।

ਡੋਗਰਾ ਸਰਦਾਰ ਗੁਲਾਬ ਸਿੰਘ ਅਤੇ ਧਿਆਨ ਸਿੰਘ ਨੇ ਇੱਕ ਯੋਜਨਾ ਤਹਿਤ 11 ਜੂਨ 1842 ਨੂੰ ਰਾਣੀ ਚੰਦ ਕੌਰ ਦਾ ਉਸੇ ਦੀਆਂ ਪਹਾੜਨ ਦਾਸੀਆਂ ਹੱਥੋਂ ਕਤਲ ਕਰਵਾਉਣ ਤੋਂ ਬਾਅਦ ਸੰਧਾਵਾਲੀਆ ਸਰਦਾਰਾਂ ਨਾਲ ਮਿਲ ਕੇ ਮਹਾਰਾਜਾ ਸ਼ੇਰ ਸਿੰਘ ਨੂੰ ਖ਼ਤਮ ਕਰਨ ਦੀ ਯੋਜਨਾ ਬਣਾਈ। ਇਸ ਦੇ ਚਲਦਿਆਂ 15ਸਤੰਬਰ 1843 ਨੂੰ ਖੇਡਾਂ ਦੇ ਸ਼ੌਕੀਨ ਮਹਾਰਾਜਾ ਸ਼ੇਰ ਸਿੰਘ ਦੇ ਸਾਹਮਣੇ ਇੱਕ ਖੇਡ ਮੇਲਾ ਕਰਵਾਇਆ ਗਿਆ। ਮਹਾਰਾਜਾ, ਸ਼ਾਹ ਬਹਿਲੋਲ (ਨਵਾਂ ਨਾਂ ਕੋਟ ਖ਼ਵਾਜਾ ਸੱਯਦ)ਿ ਵਖੇ ਕੁਰਸੀ 'ਤੇ ਬੈਠਾ ਹੋਇਆ ਸੀ (ਉਸ ਦਿਨ ਧਿਆਨ ਸਿੰਘ ਡੋਗਰਾ ਬੀਮਾਰੀ ਦਾ ਬਹਾਨਾ ਬਣਾ ਕੇ ਕਿਲ੍ਹੇ ਵਿੱਚ ਹੀ ਰਹਿ ਗਿਆ)। ਅਜੀਤ ਸਿੰਘ ਸੰਧਾਵਾਲੀਆ 400 ਘੋੜ ਸਵਾਰਾਂ ਦੇ ਅੱਗੇ ਚਲਦਾ ਹੋਇਆ ਮਹਾਰਾਜਾ ਦੇ ਸਾਹਮਣੇ ਪੇਸ਼ ਹੋਇਆ ਅਤੇ ਹਥਿਆਰ ਰੱਖਣ ਅਤੇ ਖ਼ਰੀਦਣ ਦੇ ਸ਼ੌਕੀਨ ਮਹਾਰਾਜਾ ਸ਼ੇਰ ਸਿੰਘ ਦੇ ਹਜ਼ੂਰ ਵਿੱਚ ਇੱਕ ਦੋਨਾਲੀ ਮੌਲੀਦਾਰ ਰਾਈਫਲ ਪੇਸ਼ ਕੀਤੀ। ਜਿਉਂ ਹੀ ਸ਼ੇਰ ਸਿੰਘ ਉਸ ਨੂੰ ਫੜਨ ਲਈ ਉੱਠਿਆ ਅਜੀਤ ਸਿੰਘ ਨੇ ਉਸ 'ਤੇ ਗੋਲੀ ਚਲਾ ਦਿੱਤੀ ਅਤੇ ਉਹ ਤੜਫ ਕੇ ਉੱਥੇ ਹੀ ਕੁਰਸੀ ਉੱਤੇ ਡਿੱਗ ਗਿਆ। ਉਸ ਦੇ ਮੂੰਹੋਂ ਸਿਰਫ਼ ਇੰਨਾ ਹੀ ਨਿਕਲਿਆ, ''ਯਹ ਤੋ ਦਗਾ ਹੈ।'' ਹਾਲੇ ਉਹ ਆਖ਼ਰੀ ਸਾਹ ਲੈ ਹੀ ਰਿਹਾ ਸੀ ਕਿ ਅਜੀਤ ਸਿੰਘ ਨੇ ਤਲਵਾਰ ਨਾਲ ਉਸ ਦਾ ਸਿਰ ਕੱਟ ਕੇ ਨੇਜ਼ੇ ਉੱਪਰ ਚੜ੍ਹਾ ਦਿੱਤਾ। ਉਧਰ, ਦੂਜੇ ਪਾਸੇ ਗੋਲੀ ਦੀ ਆਵਾਜ਼ ਸੁਣਦਿਆਂ ਹੀ ਲਹਿਣਾ ਸਿੰਘ ਸੰਧਾਵਾਲੀਆ (ਅਜੀਤ ਸਿੰਘ ਲਹਿਣਾ ਸਿੰਘ ਦੇ ਭਰਾ ਵਸਾਵਾ ਸਿੰਘ ਦਾ ਪੁੱਤਰ ਸੀ ਅਤੇ ਲਹਿਣਾ ਸਿੰਘ ਰਿਸ਼ਤੇ ਵਿੱਚ ਸ਼ੇਰ ਸਿੰਘ ਦਾ ਚਾਚਾ ਲੱਗਦਾ ਸੀ) ਨੇ ਤਲਵਾਰ ਫੜੀ ਅਤੇ ਮਹਾਰਾਜਾ ਸ਼ੇਰ ਸਿੰਘ ਦੇ ਪੁੱਤਰ ਸ਼ਹਿਜ਼ਾਦਾ ਪ੍ਰਤਾਪ ਸਿੰਘ ਵੱਲ ਚੱਲ ਪਿਆ। ਪ੍ਰਤਾਪ ਸਿੰਘ ਅਜੇ ਆਪਣੇ ਦਾਦਾ ਦੇ ਸਤਿਕਾਰ ਲਈ ਝੁਕਿਆ ਹੀ ਸੀ ਕਿ ਖ਼ੂੰਖਾਰ ਦਾਦੇ ਨੇ ਆਪਣੇ ਪੋਤਰੇ ਦੀ ਗਰਦਨ ਕੱਟ ਕੇ ਨੇਜ਼ੇ ਉੱਪਰ ਟੰਗ ਲਈ। ਬਾਅਦ ਵਿੱਚ ਮਹਾਰਾਜਾ ਸ਼ੇਰ ਸਿੰਘ ਅਤੇ ਉਨ੍ਹਾਂ ਦੇ ਸ਼ਹਿਜ਼ਾਦੇ ਦੇ ਕੱਟੇ ਸੀਸ ਲਾਹੌਰ ਸ਼ਾਹੀ ਕਿਲ੍ਹੇ ਵਿੱਚੋਂ ਮਿਲ ਜਾਣ 'ਤੇ ਸ਼ਾਹ ਬਹਿਲੋਲ ਦੀ ਵਲਗਣ ਵਿੱਚ ਦੋਵਾਂ ਦੀਆਂ ਲਾਸ਼ਾਂ ਦਾ ਇੱਕੋ ਅੰਗੀਠੇ ਵਿੱਚ ਸਸਕਾਰ ਕੀਤਾ ਗਿਆ। ਇਹ ਸਮਾਧ ਦੀ ਗੁੰਬਦਦਾਰ ਇਮਾਰਤ ਸ਼ੇਰ ਸਿੰਘ ਦੀ ਪਤਨੀ ਰਾਣੀ ਧਰਮ ਕੌਰ ਰੰਧਾਵੀ ਨੇ ਚਬੂਤਰੇ ਉੱਪਰ ਬਣਾਈ। ਇਸ ਸਮਾਧ ਅੰਦਰ ਜਾਣ ਲਈ ਦੋ ਦਰਵਾਜ਼ੇ ਹੁੰਦੇ ਸਨ, ਇੱਕ ਉੱਤਰ ਵੱਲ ਤੇ ਦੂਜਾ ਦੱਖਣ ਵੱਲ। ਫ਼ਰਸ਼ ਦੇ ਉੱਪਰ ਛੋਟੀਆਂ ਗੋਲ ਸਮਾਧਾਂ ਬਣੀਆਂ ਹੋਈਆਂ ਸਨ, ਜਿਨ੍ਹਾਂ ਵਿੱਚੋਂ ਪੂਰਬ ਵੱਲ ਦੀ ਸਮਾਧ ਮਹਾਰਾਜਾ ਸ਼ੇਰ ਸਿੰਘ ਦੀ ਅਤੇ ਪੱਛਮ ਵੱਲ ਦੀ ਟਿੱਕਾ ਪ੍ਰਤਾਪ ਸਿੰਘ ਦੀ ਅਤੇ ਉਸ ਦੇ ਨਾਲ ਹੀ ਰਾਣੀ ਪ੍ਰਤਾਪ ਕੌਰ ਦੀ ਸਮਾਧ ਹੁੰਦੀ ਸੀ, ਜਿਸ ਨੇ ਮਹਾਰਾਜਾ ਦੀ ਬਲ ਰਹੀ ਚਿਖਾ ਵਿੱਚ ਛਲਾਂਗ ਮਾਰ ਕੇ ਆਪਣੇ ਆਪ ਨੂੰ ਭਸਮ ਕਰ ਲਿਆ ਸੀ। ਇਸ ਦੇ ਨਾਲ ਹੀ ਰਾਣੀ ਧਰਮ ਕੌਰ ਰੰਧਾਵੀ ਦੀ ਸਮਾਧ ਸੀ। ਇਨ੍ਹਾਂ ਸਮਾਧਾਂ ਦੀਆਂ ਅੰਦਰਲੀਆਂ ਕੰਧਾਂ ਉੱਪਰ ਦਸ ਗੁਰੂਆਂ ਦੀਆਂ ਮੂਰਤਾਂ ਚਿਤਰੀਆਂ ਹੋਈਆਂ ਸਨ।

### ਢਾਹੀਆਂ ਸਮਾਧਾਂ ਦਾ ਹੁਣ ਨਵ-ਨਿਰਮਾਣ

1992 ਵਿੱਚ ਭਾਰਤ ਵਿੱਚ ਉੱਠੇ ਬਾਬਰੀ ਮਸਜਿਦ ਵਿਵਾਦ ਦੌਰਾਨ ਸ਼ਾਹ ਬਹਿਲੋਲ ਵਿੱਚ ਇਨ੍ਹਾਂ ਸਮਾਧਾਂ ਨੂੰ ਢਹਿ ਢੇਰੀ ਕਰਨ ਦੇ ਨਾਲ-ਨਾਲ ਮਹਾਰਾਜਾ ਸ਼ੇਰ ਸਿੰਘ ਦੀ ਸਮਾਧ ਦਾ ਵੱਡਾ ਹਿੱਸਾ ਢਾਹ ਦਿੱਤਾ ਗਿਆ। ਤਿੰਨ ਵਰ੍ਹੇ ਪਹਿਲਾਂ ਇਸ ਬਾਰਾਂਦਰੀ ਦੇ ਸਥਾਨ 'ਤੇ ਲਾਹੌਰ ਵੇਸਟ ਮੈਨੇਜਮੇਂਟ ਕੰਪਨੀ (ਐਲ.ਡਬਲੀਊ.ਐਮ.ਸੀ.) ਨੇ ਡੰਪ ਹਾਊਸ (ਕੂੜਾ ਘਰ) ਬਣਾ ਦਿੱਤਾ। ਜਦੋਂ ਲੇਖਕ ਨੇ ਇਸ ਮੁੱਦੇ ਨੂੰ ਪ੍ਰਮੁੱਖਤਾ ਨਾਲ ਉਠਾਇਆ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਲ. ਡਬਲਿਊ. ਐਮ. ਸੀ. ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨ 'ਤੇ ਉਨ੍ਹਾਂ ਕਿਹਾ ਕਿ ਮਹਾਰਾਜਾ ਸ਼ੇਰ ਸਿੰਘ ਦੀ ਬਾਰਾਂਦਰੀ ਅਤੇ ਸਮਾਧ ਦਾ ਵਿਰਾਸਤ ਨਾਲ ਕੋਈ ਲੈਣਾ ਦੇਣਾ ਨਹੀਂ ਹੈ ਅਤੇ ਪਾਕਿਸਤਾਨ ਵਿੱਚ ਹੇਰੀਟੇਜ ਐਕਟ ਸਿਰਫ਼ ਉਨ੍ਹਾਂ ਸਮਾਰਕਾਂ 'ਤੇ ਲਾਗੂ ਹੁੰਦਾ ਹੈ।

# ਬਾਜਰੇ ਦਾ ਸਿੱਟਾ

**ਅਪਮਿੰਦਰ ਬਰਾੜ**

ਦੂਰ-ਦੂਰ ਜਿੱਥੋਂ ਤੱਕ ਨਜ਼ਰ ਜਾਂਦੀ, ਝੋਨੇ ਦੀ ਫਸਲ ਜੋਬਨ ’ਤੇ ਆਈ ਹੋਈ ਸੀ। ਪਤਾ ਨਹੀਂ ਕਟਾਈ ਦਾ ਸਮਾਂ ਨੇੜੇ ਆਉਣ ਕਾਰਨ ਜਾਂ ਕਿਸੇ ਹੋਰ ਗੱਲੋਂ, ਸੁਨਹਿਰੀ ਰੰਗ ਦੀਆਂ ਮੁੰਜਰਾਂ ਨੀਵੀਂ ਪਾਈ ਆਪਣੀ ਨਿਗ੍ਹਾ ਜ਼ਮੀਨ ਵੱਲ ਗੱਡੀ ਬੈਠੀਆਂ ਸਨ। ਸੂਰਜ ਦੇ ਪੱਛਮ ਵੱਲ ਉਲਾਰ ਹੋਣ ਕਾਰਨ ਦਰਖਤਾਂ ਦੇ ਪਰਛਾਵੇਂ ਲੰਮੇ ਹੋ ਰਹੇ ਸਨ। ਹਲਕੀ ਪੱਛੋਂ ਦੀ ਹਵਾ ਝੋਨੇ ਦੀਆਂ ਮੁੰਜਰਾਂ ਨਾਲ ਖਹਿ-ਖਹਿ ਸਰਸਰਾਹਟ ਪੈਦਾ ਕਰ ਰਹੀ ਸੀ।

ਮੈਂ ਪੰਜਾਬ ਖੇਤੀਬਾੜੀ ਯੂਨੀਵਰਸਟੀ ਦੇ ਖੇਤਾਂ ਨੂੰ ਜਾਂਦੀ ਸੜਕ ਦੇ ਖੱਬੇ ਹੱਥ ਜਾ ਰਿਹਾ ਸੀ। ਦੋ ਤਿੰਨ ਕਿਲੋਮੀਟਰ ਬਾਅਦ ਦੂਰੋਂ ਹੀ ਸੜਕ ਦੇ ਦੂਜੇ ਪਾਸੇ ਇਕ ਜਗ੍ਹਾ ਬਾਜਰੇ ਦੇ ਖੇਤ ’ਤੇ ਨਜ਼ਰ ਪਈ ਤਾਂ ਮੇਰੀ ਚਾਲ ਤਿੱਖੀ ਹੋ ਗਈ। ਬਰਾਬਰ ਜਾ ਕੇ ਸੜਕ ਪਾਰ ਕੀਤੀ ਤੇ ਖੇਤ ’ਚ ਉੱਤਰ ਗਿਆ। ਅੱਠ-ਅੱਠ ਫੁੱਟ ਲੰਮੇ ਟਾਂਡਿਆਂ ਉੱਤੇ ਸਿੱਟੇ ਅਸਮਾਨ ਵੱਲ ਟਿਕ-ਟਿਕੀ ਲਾਈ ਖੜੋਤੇ ਸਨ। ਢਾਕਾਂ ’ਤੇ ਹੱਥ ਰੱਖ ਕੇ ਮੂੰਹ ਉੱਪਰ ਨੂੰ ਚੁੱਕੀ ਉਨ੍ਹਾਂ ਨੂੰ ਨਿਹਾਰ ਰਿਹਾ ਸੀ।... ਯਾਦ ਆਇਆ, ਨਿੱਕੇ ਹੁੰਦਿਆਂ ਇਕ ਦਿਨ ਮੇਰੇ ਦਾਦੇ ਨੇ ਮੱਝਾਂ ਨੂੰ ਪੱਠੇ ਪਾਉਂਦਿਆਂ ਕਿਹਾ ਸੀ, “ਉਏ ਕੋਹੜੀਆ, ਬਾਜਰੇ ਨੂੰ ਬੂਰ ਪਏ ਨੂੰ ਕਿੰਨੇ ਦਿਨ ਹੋਗੇ, ਤੂੰ ਸਕੂਲ ਮਗਰੋਂ ਬਾਜਰੇ ਦੀ ਰਾਖੀ ਨੂੰ ਜਾ ਵੜਿਆ ਕਰ, ਜਨੌਰ ਬਾਜਰੇ ਦਾ ਕੁਝ ਨੀ ਛਡਦੇ।” ਉਹਨੇ ਜਿਵੇਂ ਬਾਜਰੇ ਦੀ ਰੋਟੀ ਦਾ ਵਾਸਤਾ ਪਾਇਆ ਹੋਵੇ! ਤੇ ਮੈਂ ਬੇਲੀਆਂ ਨਾਲ ਰਲ ਕੇ ਰੱਸੀ ਅਤੇ ਛੋਟਾ ਜਿਹਾ ਪੁਰਾਣਾ ਕੱਪੜਾ ਲੈ ਗੋਪੀਆ ਬਣਾ ਲਿਆ। ਚੀਕਣੀ ਮਿੱਟੀ ਭਿਉਂ, ਗਲੇਲੇ ਵੱਟ ਕੇ ਚੁੱਲ੍ਹੇ ਦੀ ਭੁੱਬਲ ’ਚ ਪਕਾ ਲਿਆ। ਸਕੂਲੋਂ ਆ ਕੇ ਖੇਤ ਜਾਂਦਿਆਂ ਦੇਖਦਾ ਕਈ ਬੇਲੀ ਪਹਿਲਾਂ ਹੀ ਆਪਣੇ ਖੇਤਾਂ ’ਚ ਗੋਪੀਆ ਸਿਰ ਤੋਂ ਘੁਮਾਉਂਦੇ ਪੰਛੀਆਂ ਮਗਰ ਗਲੇਲੇ ਛਡਦੇ ਚਾਂਗਰਾਂ ਮਾਰਦੇ ਫਿਰਦੇ ਹੁੰਦੇ।



ਪਿੰਡ ਦੀ ਲਗਭਗ ਸਾਰੀ ਜ਼ਮੀਨ ਬਰਾਨੀ ਸੀ। ਛੋਲੇ, ਜੌਂ, ਬਾਜਰਾ, ਗਵਾਰਾ ਤੇ ਕਪਾਹ ਹੀ ਹੁੰਦੇ ਸੀ ਮਾੜੇ-ਮੋਟੇ, ਗੁਜ਼ਾਰੇ ਜੋਗੇ। ਪੱਕੀ ਫਸਲ ’ਚ ਜਾਨ ਅਟਕੀ ਰਹਿੰਦੀ। ਸਾਲ ਦਰ ਸਾਲ ਦੇਖਦੇ ਰਹਿਣ ਕਾਰਨ ਬਾਜਰੇ ਦੇ ਸਿੱਟੇ ਬੜੇ ਪਿਆਰੇ ਲਗਦੇ। ਇਹ ਬਾਜਰੇ ਦੇ ਪੱਤਿਆਂ ਦੀ ਵੱਖੀ ਵਿੱਚੋਂ ਮਲਕੜੇ ਜਿਹੇ ਸਿਰ ਕੱਢ ਲੈਂਦੇ ਤੇ ਫਿਰ ਕੁਝ ਦਿਨਾਂ ’ਚ ਹੀ ਲੰਮ-ਸਲੰਮੇ ਹੋ ਜਾਂਦੇ। ਫਿਰ ਹਰੇ ਰੰਗ ਦੇ ਬੂਰ ਨਾਲ ਭਰ ਜਾਂਦੇ ਜਿਹਦੇ ਅੰਦਰ ਕੁਝ ਦਿਨਾ ਬਾਅਦ ਦਾਣੇ ਦੁਧੀਆ ਭਾਅ ਮਾਰਨ ਲਗਦੇ। ਹਰੇ ਰੰਗ ਦਾ ਬੂਰ ਪੱਕਦੇ ਦਾਣੇ ਢਕ ਲੈਂਦਾ ਤੇ ਹੌਲੀ ਹੌਲੀ ਉਸਦਾ ਰੰਗ ਨਸਵਾਰੀ ਹੋ ਜਾਂਦਾ। ਜਿੱਥੋਂ ਕਿਤੇ ਬੂਰ ਉਤਰਦਾ, ਵਿੱਚੋਂ ਪੱਕ ਚੁੱਕੇ ਦਾਣੇ ਚਾਂਦੀ ਰੰਗਾ ਹਾਸਾ ਹੱਸਦੇ ਤੇ ਫਿਰ ਕੁਝ ਦਿਨਾਂ ਬਾਅਦ ਉਨ੍ਹਾਂ ’ਤੇ ਹਲਕੀ ਪਿਲੱਤਣ ਛਾ ਜਾਂਦੀ। ਜਾਨਵਰ ਪੱਕਦੇ ਸਿੱਟਿਆਂ ’ਤੇ ਆ ਬੈਠਦੇ ਤੇ ਬੂਰ ਹਟਾ ਕੇ ਬਾਜਰੇ ਦੇ ਦਾਣਿਆਂ ’ਤੇ ਠੂੰਗਗਾਂ ਮਾਰਦੇ। ਅਸੀਂ ਕਿਸੇ ਉੱਚੀ ਥਾਂ ਤੋਂ ਗੋਪੀਏ ਘਮਾਉਂਦੇ ਉਨ੍ਹਾਂ ’ਤੇ ਗਲੇਲਿਆਂ ਨਾਲ ਵਾਰ ਕਰਦੇ ਤੇ ਉਹ ਕਿਸੇ ਹੋਰ ਖੇਤ ਵੱਲ ਉਡਾਰੀ ਮਾਰ ਜਾਂਦੇ; ਇਉਂ ਅਸੀਂ ਬਾਜਰੇ ਦੇ ਸਿੱਟੇ ਵੱਧ ਤੋਂ ਵੱਧ ਦਾਣਿਆਂ ਨਾਲ ਭਰੇ ਰੱਖਣ ਦਾ ਯਤਨ ਕਰਦੇ। ਇਸ ਦੇ ਬਾਵਜੂਦ ਤੋਤੇ ਅਤੇ ਹੋਰ ਪੰਛੀ ਵੇਲੇ-ਕੁਵੇਲੇ ਕਈ ਸਿੱਟੇ ਖਾਲੀ ਕਰ ਦਿੰਦੇ। ਉਨ੍ਹਾਂ ’ਤੇ ਬਚਿਆ ਨਸਵਾਰੀ ਬੂਰ ਹਲਕੀ ਜਿਹੀ ਹਵਾ ਨਾਲ ਵੀ ਸਿੱਟਿਆਂ ਨਾਲੋਂ ਉਖੜਦਾ ਡਿਗੂੰ-ਡਿਗੂੰ ਕਰਦਾ ਰਹਿੰਦਾ। ਇਹ ਨਸਵਾਰੀ ਸਿੱਟੇ ਵਿਚਾਰਗੀ ਨਾਲ ਦਾਣਿਆਂ ਨਾਲ ਲੱਦੇ ਸਿੱਟਿਆਂ ਵਿਚਕਾਰ ਉਦਾਸ ਖੜ੍ਹੇ ਰਹਿੰਦੇ।

40 ਸਾਲਾਂ ਤੋਂ ਵੱਧ ਸਮੇਂ ਬਾਅਦ ਅੱਜ ਫਿਰ ਬਾਜਰੇ ਦੇ ਸਿੱਟੇ ਨਿਹਾਰ ਰਿਹਾ ਸੀ। ਸੂਰਜ ਛਿਪਣ ਕਿਨਾਰੇ ਹੋਣ ਕਾਰਨ ਉੱਥੋਂ ਹੀ ਵਾਪਸ ਮੁੜਨ ਦੀ ਕੀਤੀ। ਮੁੜਦਾ ਹੋਇਆ ਸੋਚ ਰਿਹਾ ਸੀ, ਇਨ੍ਹਾਂ 4 ਦਹਾਕਿਆਂ ’ਚ ਅਸੀਂ ਕਿੱਥੋਂ ਕਿੱਥੇ ਪੁੱਜ ਗਏ। ਪੰਜਾਬ ਦੀ ਲਗਭਗ ਸਾਰੀ ਜ਼ਮੀਨ ਨੂੰ ਪਾਣੀ ਲੱਗ ਰਿਹਾ, ਕਿੰਨੇ ਗੁਣਾ ਫਸਲ ਪੈਦਾ ਹੋ ਰਹੀ, ਖੇਤੀ ਮਸ਼ੀਨੀ ਹੋ ਗਈ ਜਿਸ ਨਾਲ ਸਰੀਰਕ ਮਿਹਨਤ ਘਟ ਗਈ।... ਖ਼ੁਸ਼ਹਾਲੀ ਦਿਨ-ਬਦਿਨ ਪੈਰ ਪਸਾਰ ਰਹੀ ਹੈ। ਮੈਨੂੰ ਚੰਗਾ-ਚੰਗਾ ਲੱਗ ਰਿਹਾ ਸੀ।...

“ਸਾਸਰੀ ਕਾਲ ਡਾਕਟਰ ਸਾਹਬ।” ਪਿੱਛੋਂ ਬਰਾਬਰ ਆ ਕੇ ਕੋਈ ਸਾਇਕਲ ਤੋਂ ਉੱਤਰਿਆ। ਇਸ ਤੋਂ ਪਹਿਲਾਂ ਕਿ ਮੈਂ ਜਵਾਬ ਦਿੰਦਾ, ਉਸ ਨੇ ਥੋੜ੍ਹਾ ਅੱਗੇ ਲੰਘ ਕੇ ਖੱਬੇ ਪਾਸੇ ਸਾਇਕਲ, ਸਟੈਂਡ ’ਤੇ ਲਾ ਦਿੱਤਾ। “ਪਛਾਣਿਆਂ ਨੀ ਡਾਕਟਰ ਸਾਹਬ... ਮੈਂ ਸੇਮਾ, ਤੁਸੀਂ ਮੈਨੂੰ।”

“ਹਾਂ ਬਈ ਤਰਸੇਮ, ਕੀ ਹਾਲ ਐ।”

ਮੈਂ ਪਛਾਣ ਕੇ ਉਸ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਪੁੱਛਿਆ। “ਕਿੱਥੇ ਰਹਿੰਨਾ? ਕਿੰਨੇ ਸਾਲ ਹੋਗੇ ਤੈਨੂੰ ਦੇਖਿਆਂ।” “ਡਾਕਟਰ ਸਾਹਬ ਪਲਾਂਟ ਬਰੀਡਿੰਗ ’ਚ ਹੁੰਨੈ ਹੁਣ, ਆਇਆ ਸੀ ਮੈਂ ਇਕ ਵਾਰੀ ਥੋਡੇ ਦਫਤਰ ਪਰ ਤੁਸੀਂ ਮਿਲੇ ਨੀ।”

“ਕਿੰਨੇ ਪੈਸੇ ਮਿਲ ਜਾਂਦੇ ਐ ਓਥੇ?” ਮੈਂ ਪੁੱਛਿਆ?

“ਛੀ ਹਜਾਰ ਈ ਦਿੰਦੇ ਐ ਡਾਕਟਰ ਸਾਹਬ, ਦਿਹਾੜੀਆਂ ਵੀ 25 ਲਵਾ ਲੈਂਦੇ।” ਉਸ ਨੇ ਉਦਾਸੀ ’ਚ ਇਕ ਹੱਥ ਨਾਲ ਹੈਂਡਲ ਦੀ ਖੱਬੀ ਮੁੱਠ ਫੜਦਿਆਂ ਅਤੇ ਸੱਜਾ ਹੱਥ ਸਾਇਕਲ ਦੀ ਸੀਟ ’ਤੇ ਹੱਥ ਰੱਖਦਿਆਂ ਕਿਹਾ। ਮੈਂ ਦੇਖਿਆ, ਸੱਜੇ ਪੈਡਲ ਦੀਆਂ ਦੋਵੇਂ ਰਬੜਾਂ ਗਾਇਬ ਸਨ ਤੇ ਜੰਗਾਲੀ ਕਿੱਲੀ ਆਪਣੀ ਥਾਂ ਤੋਂ ਹਿੱਲੀ ਹੋਈ ਸੀ। “ਐਨੇ ਪੈਸੇ ਤਾਂ ਤੂੰ ਆਵਦੇ ਪਿੰਡ ਵੀ ਕਮਾ ਸਕਦੈਂ ਮਹੀਨੇ ’ਚ, ਨਾਲੇ ਆਹ 20 ਕਿਲੋਮੀਟਰ ਦੇ ਸਫਰ ਤੋਂ ਖਹਿੜਾ ਛੁੱਟੇ।” ਮੈਂ ਸਲਾਹ ਦਿੱਤੀ।

“ਪੱਕੇ ਕਰਨ ਦਾ ਲਾਰਾ ਲਾ ਰੱਖਿਆ ਡਾਕਟਰ ਸਾਹਬ ਪਿਛਲੇ 10 ਸਾਲਾਂ ਦਾ। ਹੱਡ ਰਗੜੀ ਜਾਨੇ ਐਂ ਇਸੇ ਕਰ ਕੇ। ਘਰਵਾ.ਲੀ ਗੋਹਾ-ਕੂੜਾ ਕਰ ਆਉਂਦੀ ਐ ਦੋ ਘਰਾਂ ਦਾ, ਬੱਸ ਦਿਨ ਟਪਾਈ ਹੋ ਰਹੀ ਐ। ਜਦੋਂ ਕਿਤੇ ਚਾਰ ਛਿੱਲੜ ਜੁੜਦੇ ਐ, ਕਿਸੇ ਨਾ ਕਿਸੇ ਨੂੰ ਬਮਾਰੀ ਘੇਰ ਲੈਂਦੀ ਐ, ਦਿਨੋ-ਦਿਨ ਸਰੀਰ ਖੁਰੀ ਜਾਂਦੈ।” ਉਸ ਦੇ ਬੋਲਾਂ ਵਿਚਲਾ ਤਾਅ ਮੱਠਾ ਪੈ ਗਿਆ ਸੀ।

ਉਸ ਦੇ ਹਲਕੇ ਭੂਰੇ ਰੰਗ ਦੇ ਕੁੜਤੇ ਪਜਾਮੇ ਨੂੰ ਮੈ.ਲ ਨੇ ਘਸਮੈਲਾ ਕੀਤਾ ਹੋਇਆ ਸੀ। ਸਿਰ ’ਤੇ ਬੰਨ੍ਹੇ ਨਿੱਕੇ ਜਿਹੇ ਡੱਬੀਆਂ ਵਾ.ਲੇ ਸਾਫੇ ਕਰ ਕੇ ਉਸ ਦਾ ਪਿਚਕਿਆ ਤੇ ਧੁਆਂਖਿਆ ਮੂੰਹ ਵੱਡਾ-ਵੱਡਾ ਲੱਗ ਰਿਹਾ ਸੀ ਜਿਸ ’ਤੇ ਕਰੜ-ਬਰੜ ਦਾੜ੍ਹੀ ਉਸ ਦੇ ਜਵਾਨ ਹੁੰਦਿਆਂ ਵੀ ਪਕਰੋੜ ਉਮਰ ਦਾ ਭਲੇਖਾ ਪਾ ਰਹੀ ਸੀ। ਸੜਕ ਦੇ ਦੂਜੇ ਪਾਸਿਉਂ ਲਹੂ-ਲੁਹਾਨ ਕੁੱਤਾ ਜਿਸ ਦੇ ਸਿਰ ਅਤੇ ਗਰਦਨ ’ਤੇ ਦੂਜੇ ਕੁੱਤਿਆਂ ਨੇ ਡੂੰਘੇ ਜ਼ਖ਼ਮ ਕਰ ਦਿੱਤੇ ਸੀ, ਸਾਡੇ ਕੋਲ ਦੀ ਹਫਦਾ ਹੋਇਆ ਝੋਨੇ ਦੇ ਖੇਤ ’ਚ ਜਾ ਵੜਿਆ।

2006 ’ਚ ਕਿਸੇ ਯਾਰ ਦੋਸਤ ਦੇ ਕਹਿਣ ’ਤੇ ਤਰਸੇਮ ਨੂੰ ਯੂਨੀਵਰਸਟੀ ’ਚ 7000 ਰੁਪਏ ਮਹੀਨੇ ’ਤੇ ਦਿਹਾੜੀਦਾਰ ਰਖਵਾਇਆ ਸੀ। ਹਰ ਮਹੀਨੇ ਉਸ ਨੂੰ 20 ਦਿਨ ਕੰਮ ਕਰਨ ਯੂਨੀਵਰਸਟੀ ਆਉਣਾ ਪੈਂਦਾ। ਬਾਕੀ ਦੇ 10 ਦਿਨ ਉਹ ਆਪਣੇ ਪਿੰਡ ਜੇ ਕੋਈ ਲਭਦਾ ਤਾਂ ਦਿਹਾੜੀ-ਦੱਪਾ ਕਰੀ ਜਾਂਦਾ। ਰੋਜ਼ 20 ਕਿਲੋਮੀਟਰ ਸਾਇਕਲ ਚਲਾ ਕੇ ਪਿੰਡੋਂ ਆਉਂਦਾ ਤੇ 8 ਘੰਟੇ ਡਿਊਟੀ ਕਰ ਕੇ ਸ਼ਾਮ ਨੂੰ ਫਿਰ ਆਪਣੀ ਘਰਵਾ.ਲੀ, ਦੋ ਬੱਚਿਆਂ ਅਤੇ ਮੰਜੇ ’ਤੇ ਬਿਮਾਰ ਪਈ ਮਾਂ ਕੋਲ ਜਾ ਪੁੱਜਦਾ। ਸਾਲ ਕੁ ਬਾਅਦ 2007 ’ਚ ਗਰਾਂਟ ਨਾ ਆਉਣ ਕਾਰਨ ਉਹਨੂੰ ਕੰਮ ਤੋਂ ਹਟਾ ਦਿੱਤਾ ਗਿਆ।... ਫਿਰ ਕਿਸੇ ਨੇ ਉਸ ਨੂੰ ਹੁਣ ਵਾਲੇ ਕੰਮ ’ਤੇ ਰਖਵਾ ਦਿੱਤਾ ਹੋਣੈ।

“ਚੰਗਾ ਡਾਕਟਰ ਸਾਹਬ ਮੈਂ ਚਲਦਾਂ, ਆਉਂਦਾ ਤੁਹਾਡੇ ਕੋਲ ਕਿਸੇ ਦਿਨ, ਜੇ ਕਿਤੇ ਤੁਹਾਡੇ ਕੋਲ ਡੇਲ੍ਹੀ ਪੇਡ ਦੀ ਅਸਾਮੀ ਹੋਈ ਤਾਂ ਦੱਸਿਆ ਜੇ।” ਤੇ ਉਹ ਸਾਇਕਲ ’ਤੇ ਸਵਾਰ ਹੋ ਮੇਰੇ ਅੱਗੇ-ਅੱਗੇ ਹੋ ਲਿਆ। ਉਸ ਦੇ ਸਾਇਕਲ ਦੇ ਕੈਰਿਅਰ ’ਚ ਅੜੰਗੇ ਝੋਲੇ ’ਚੋਂ ਝਾਤੀ ਮਾਰਦੇ ਨਿੱਕੇ ਜਿਹੇ ਟਿਫਨ ਦੇ ਇਕਹਿਰੇ ਡੱਬੇ ਤੋਂ ਉਸ ਦੁਆਰਾ ਸਵੇਰੇ ਘਰੋਂ ਆਚਾਰ ਜਾਂ ਚਟਣੀ ਨਾਲ ਲਿਆਂਦੀਆਂ ਇਕ-ਦੋ ਰੋਟੀਆਂ ਦਾ ਸਬੂਤ ਮਿਲਦਾ ਸੀ।

ਛਿਪ ਗਏ ਸੂਰਜ ਅਤੇ ਪਸਰ ਰਹੇ ਹਨੇਰੇ ਕਾਰਨ ਉਸ ਦੇ ਭੂਰੇ ਕੁੜਤੇ ਪਜਾਮੇ ਦਾ ਰੰਗ ਨਸਵਾਰੀ ਹੋ ਗਿਆ ਸੀ।... ਤੇ ਉਹ ਜਾਂਦਾ ਹੋਇਆ ਦੂਰੋਂ ਬਾਜਰੇ ਦੇ ਉਸ ਸਿੱਟੇ ਵਰਗਾ ਲੱਗ ਰਿਹਾ ਸੀ ਜਿਸ ਦੇ ਸਾਰੇ ਦਾਣੇ ਜਾਨਵਰਾਂ ਨੇ ਠੂੰਗ ਲਏ ਹੋਣ ਤੇ ਉਸ ਦੇ ਆਸ-ਪਾਸ ਨਸਵਾਰੀ ਬੂਰ ਹਵਾ ’ਚ ਲਹਿਰਾ ਰਿਹਾ ਹੋਵੇ...!

# ਬੰਗਲਾਦੇਸ਼ ਵਿੱਚ ਹਿੰਸਾ ਕਿਉਂ ਹੋ ਰਹੀ ਹੈ

ਵਿਦਿਆਰਥੀਆਂ ਅਤੇ ਪੁਲਿਸ ਦੇ ਦਰਮਿਆਨ ਝੜਪਾਂ ਜਾਰੀ ਹੋਣ ਕਰਕੇ ਪੂਰੇ ਬੰਗਲਾਦੇਸ਼ ਹਾਈ ਅਲਰਟ ਹੈ । 20 ਤੋਂ ਵੱਧ ਲੋਕਾਂ ਦੇ ਮੌਤ ਦੀ ਖ਼ਬਰ ਹੈ ਜਦੋਂ ਕਿ ਸੈਂਕੜੇ ਲੋਕ ਫੱਟੜ ਹੋਏ ਹਨ। ਅੰਦੋਲਨ ਅਤੇ ਹਿੰਸਾ ਲਗਾਤਾਰ ਤੇਜ਼ ਹੋ ਰਹੀ ਹੈ, ਪ੍ਰਦਰਸ਼ਨਕਾਰੀ ਕਈ ਥਾਵਾਂ ਉੱਤੇ ਪੁਲਿਸ ਫੋਰਸ ਦੇ ਨਾਲ ਹਿੰਸਕ ਸੰਘਰਸ਼ ਵਿੱਚ ਜੁਟੇ ਹੋਏ ਹਨ। ਦੇਸ਼ ਦੇ ਕਈ ਹਿੱਸਿਆਂ ਵਿੱਚ ਇੰਟਰਨੈਟ ਸੇਵਾਵਾਂ ਸਸਪੈਂਡ ਕਰ ਦਿੱਤੀਆਂ ਗਈਆਂ ਹਨ। ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਖ਼ਤਮ ਕਰ ਦਿੱਤਾ ਦੇਵੇ।

ਇਸ ਦਰਮਿਆਨ, ਬੰਗਲਾਦੇਸ਼ ਦੇ ਕੌਮੀ ਚੈਨਲ ਬੀਟੀਵੀ ਦੇ ਦਫ਼ਤਰ ਵਿੱਚ ਵੀਰਵਾਰ ਦੁਪਹਿਰ ਨੂੰ ਲੱਗੀ ਅੱਗ ਦੇ ਬਾਅਦ ਲੋਕ ਉੱਥੇ ਫਸ ਗਏ ਸਨ। ਬੀਟੀਵੀ ਦੇ ਵੈਰੀਫਾਇਡ ਫੇਸਬੁੱਕ ਪੇਜ 'ਤੇ ਇੱਕ ਪੋਸਟ ਵਿੱਚ ਇਸਦੀ ਜਾਣਕਾਰੀ ਦਿੱਤੀ ਗਈ ਸੀ। ਇਸ ਪੋਸਟ ਵਿੱਚ ਕਿਹਾ ਗਿਆ ਸੀ,"ਬੀਟੀਵੀ ਵਿੱਚ ਭਿਆਨਕ ਅੱਗ ਲੱਗੀ ਹੈ ਅਤੇ ਤੇਜ਼ੀ ਨਾਲ ਫੈਲ ਰਹੀ ਹੈ, ਅੰਦਰ ਕਈ ਲੋਕ ਫਸੇ ਹੋਏ ਹਨ।" ਉਧਰ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੇ ਸਾਰਿਆਂ ਨੂੰ ਸੁਪਰੀਮ ਕੋਰਟ ਦੇ ਫੈਸਲੇ ਤੱਕ ਸਬਰ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ, "ਮੈਨੂੰ ਵਿਸ਼ਵਾਸ ਹੈ ਕਿ ਵਿਦਿਆਰਥੀਆਂ ਨੂੰ ਸਰਵਉੱਚ ਅਦਾਲਤ ਤੋਂ ਨਿਆਂ ਮਿਲੇਗਾ ਅਤੇ ਉਹ ਨਿਰਾਸ਼ ਨਹੀਂ ਹੋਣਗੇ।" ਪ੍ਰਦਰਸ਼ਨ ਕਾਰੀਆਂ ਨੇ ਪ੍ਰਧਾਨ ਮੰਤਰੀ ਦੇ ਭਾਸ਼ਣ ਨੂੰ ਖਾਰਿਜ ਕਰਨ ਦੇ ਵਿੱਚ ਜ਼ਿਆਦਾ ਦੇਰ ਨਹੀਂ ਲਗਾਈ। ਇਸ ਭਾਸ਼ਣ ਤੋਂ ਬਾਅਦ ਰਾਖਵਾਂਕਰਨ ਵਿਰੋਧੀ ਅੰਦੋਲਨਕਾਰੀਆਂ ਨੇ ਪੂਰਨ ਬੰਦ ਦਾ ਸੱਦਾ ਦਿੱਤਾ। ਰਾਤ ਤੋਂ ਹੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਹਿੰਸਕ ਪ੍ਰਦਰਸ਼ਨ ਸ਼ੁਰੂ ਹੋ ਗਏ। ਅੰਦੋਲਨਕਾਰੀ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਰੱਦ ਕਰਕੇ ਸਿਰਫ ਪਿਛੜੀਆਂ ਜਾਤਾਂ ਦੇ ਲਈ ਵੱਧ ਤੋਂ ਵੱਧ 5 ਫੀਸਦ ਰਾਖਵਾਂਕਰਨ ਜਾਰੀ ਰੱਖਦੇ ਹੋਏ ਰਾਖਵਾਂਕਰਨ ਬੰਦੋਬਸਤ ਵਿੱਚ ਸੋਧ ਦੀ ਮੰਗ ਕਰ ਰਹੇ ਹਨ।



ਸਾਲ 2018 ਵਿੱਚ ਰਾਖਵਾਂਕਰਨ ਰੱਦ ਕਰਨ ਦਾ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਪਹਿਲਾਂ ਤੱਕ ਸਰਕਾਰੀ ਨੌਕਰੀਆਂ ਵਿੱਚ ਮੁਕਤੀ ਯੋਧਿਆਂ, ਜ਼ਿਲਾਵਰ, ਮਹਿਲਾ, ਘੱਟ ਗਿਣਤੀਆਂ ਅਤੇ ਅਪਾਹਜਾਂ -ਇੰਨ੍ਹਾਂ 5 ਵਰਗਾਂ ਵਿੱਚ ਕੁੱਲ 56 ਫੀਸਦ ਰਾਖਵੇਂਕਰਨ ਦਾ ਤਜਵੀਜ਼ ਸੀ, ਪਰ ਦੇਸ਼ ਦੀ ਅਜ਼ਾਦੀ ਦੇ ਬਾਅਦ ਸਾਲ 1972 ਵਿੱਚ ਲਾਗੂ ਪਹਿਲੇ ਰਾਖਵੇਂਕਰਨ ਵਿੱਚ ਇਹ ਫੀਸਦ ਹੋਰ ਵੱਧ ਸੀ ।

### 1972 ਤੋਂ ਰਾਖਵਾਂਕਰਨ ਲਾਗੂ

ਬੰਗਲਾਦੇਸ਼ ਵਿੱਚ ਸਾਲ 1972 ਤੋਂ ਹੀ ਸਰਕਾਰੀ ਨੌਕਰੀਆਂ ਵਿੱਚ ਮੁਕਤੀ ਯੋਧਿਆਂ, ਮਹਿਲਾਵਾਂ ਦੇ ਲਈ ਰਾਖਵੇਂਕਰਨ ਦਾ ਤਜਵੀਜ਼ ਸੀ। ਤਤਕਾਲੀ ਸਰਕਾਰ ਨੇ 5 ਸਤੰਬਰ, 1972 ਨੂੰ ਸਰਕਾਰੀ , ਖੁਦ ਮੁਖਤਿਆਰ



ਅਤੇ ਹੋਰ ਨਿਗਮਾਂ ਅਤੇ ਵਿਭਾਗਾਂ ਵਿੱਚ ਨਿਯੁਕਤੀ ਅਤੇ ਰਾਖਵਾਂਕਰਨ ਨਾਲ ਸਬੰਧਿਤ ਇੱਕ ਕਾਰਜਕਾਰੀ ਆਦੇਸ਼ ਜਾਰੀ ਕੀਤਾ ਸੀ। ਉਸਦੇ ਮੁਤਾਬਿਕ, ਅਜਿਹੇ ਸੰਸਥਾਨਾਂ ਵਿੱਚ ਪਹਿਲੀ ਸ਼੍ਰੇਣੀ ਦੀਆਂ ਨੌਕਰੀਆਂ ਵਿੱਚ ਨਿਯੁਕਤੀ ਦੇ ਮਾਮਲੇ ਵਿੱਚ 20 ਫੀਸਦ ਮੈਰਿਟ ਦੇ ਅਧਾਰ 'ਤੇ ਅਤੇ ਬਾਕੀ 80 ਫੀਸਦ ਜ਼ਿਲ੍ਹਿਆਂ ਦੇ ਅਧਾਰ ਉੱਤੇ ਰਾਖਵਾਂ ਕੀਤਾ ਗਿਆ ਸੀ। ਇਸ 80 ਫੀਸਦ ਵਿੱਚ ਹੀ ਮੁਕਤੀ ਯੋਧਿਆਂ ਦੇ ਲਈ 30 ਫੀਸਦ ਅਤੇ ਯੁੱਧ ਤੋਂ ਪ੍ਰਭਾਵਿਤ ਮਹਿਲਾਵਾਂ ਦੇ ਲਈ 10 ਫੀਸਦ ਰਾਖਵੇਂਕਰਨ ਦਾ ਫੈਸਲਾ ਕੀਤਾ ਗਿਆ ਸੀ। ਮਤਲਬ ਰਾਖਵਾਂਕਰਨ ਦਾ ਇੱਕ ਵੱਡਾ ਹਿੱਸਾ ਮੁਕਤੀ ਯੋਧਿਆਂ ਨੂੰ ਵੰਡਿਆ ਗਿਆ ਸੀ।

ਸਾਬਕਾ ਸਕੱਤਰ ਆਬੂ ਆਲਮ ਮੁਹੰਮਦ ਸ਼ਹੀਦ ਖ਼ਾਨ ਕਹਿੰਦੇ ਹਨ, "ਅਸਲੀ ਮੁਕਤੀ ਯੋਧਿਆਂ ਵਿੱਚ ਜ਼ਿਆਦਾਤਰ ਕਿਸਾਨ, ਮਜਦੂਰ ਸਨ। ਇਹ ਸਮਾਜ ਦੇ ਪਿਛਲੇ ਤਬਕੇ ਦੇ ਲੋਕ ਸਨ । ਇਹੀ ਵਜ੍ਹਾ ਹੈ ਕਿ ਦੇਸ਼ ਦੀ ਅਜ਼ਾਦੀ ਦੇ ਬਾਅਦ ਇੰਨ੍ਹਾਂ ਮੁਕਤੀ ਯੋਧਿਆਂ ਦੀ ਮਦਦ ਦੇ ਲਈ ਰਾਖਵੇਂਕਰਨ 'ਤੇ ਵਿਚਾਰ ਕੀਤਾ ਗਿਆ ਤਾਂ ਜੋ ਵਿਕਾਸ ਦੀ ਰਾਹ 'ਤੇ ਅੱਗੇ ਵੱਧ ਸਕੀਏ।"

ਇਸਦੇ ਚਾਰ ਸਾਲ ਬਾਅਦ ਸਾਲ 1976 ਵਿੱਚ ਪਹਿਲੀ ਵਾਰ ਰਾਖਵੇਂਕਰਨ ਵਿੱਚ ਬਦਲਾਅ ਕੀਤਾ ਗਿਆ ਸੀ। ਉਸ ਵੇਲੇ ਮੈਰਿਟ ਮਤਲਬ ਯੋਗਤਾ ਦੇ ਅਧਾਰ ਉੱਤੇ ਨਿਯੁਕਤੀਆਂ ਦਾ ਫੀਸਦ ਕੀਤਾ ਗਿਆ ਅਤੇ ਸਿਰਫ ਮਹਿਲਾਵਾਂ ਦੇ ਲਈ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ। ਮਤਲਬ ਕੁੱਲ ਨੌਕਰੀਆਂ ਵਿੱਚੋਂ ਯੋਗਤਾ ਦੇ ਅਧਾਰ 'ਤੇ 40 ਫੀਸਦ, ਮੁਕਤੀ ਯੋਧਿਆਂ ਦੇ ਲਈ 30 ਫੀਸਦ, ਮਹਿਲਾਵਾਂ ਦੇ ਲਈ 10 ਫੀਸਦ, ਯੁੱਧ ਵਿੱਚ ਜ਼ਖ਼ਮੀ ਮਹਿਲਾਵਾਂ ਦੇ ਲਈ 10 ਫ਼ੀਸਦੀ ਰਾਖਵਾਂਕਰਨ ਦੀ ਤਜਵੀਜ਼ ਰੱਖੀ ਗਈ ਅਤੇ ਬਾਕੀ 10 ਫੀਸਦ ਨੌਕਰੀਆਂ ਜ਼ਿਲ੍ਹਿਆਂ ਦੇ ਅਧਾਰ 'ਤੇ ਵੰਡੀਆਂ ਗਈਆਂ। ਤਤਕਾਲੀ ਸਥਾਪਨਾ ਮੰਤਰਾਲੇ (ਹੁਣ ਲੋਕ ਪ੍ਰਸ਼ਾਸਨ) ਵੱਲੋਂ 1985 ਵਿੱਚ ਰਾਖਵੇਂਕਰਨ ਦੇ ਦਾਇਰੇ ਵਿੱਚ ਘੱਟਗਿਣਤੀਆਂ ਨੂੰ ਸ਼ਾਮਿਲ ਕਰਕੇ ਅਤੇ ਯੋਗਤਾ ਦੇ ਅਧਾਰ 'ਤੇ ਭਰਤੀ ਦੀ ਗਿਣਤੀ ਵਧਾ ਕੇ ਇਸ ਪ੍ਰਣਾਲੀ ਵਿੱਚ ਸੋਧ ਕੀਤੀ ਗਈ।

ਇਸ ਵਿੱਚ ਕਿਹਾ ਗਿਆ, "ਪਹਿਲੀ ਅਤੇ ਦੂਜੀ ਸ਼੍ਰੇਣੀ ਦੇ ਅਹੁਦਿਆਂ ਦੇ ਲਈ ਯੋਗਤਾ ਅਧਾਰਿਤ ਕੋਟਾ 45 ਫੀਸਦੀ ਅਤੇ ਜ਼ਿਲੇਵਾਰ ਕੋਟਾ 55 ਫੀਸਦੀ ਹੋਵੇਗਾ । ਇਸ ਜ਼ਿਲੇਵਾਰ ਰਾਖਵੇਂਕਰਨ ਵਿੱਚ 30 ਫੀਸਦ ਅਹੁਦਿਆਂ 'ਤੇ ਅਜ਼ਾਦੀ ਘੁਲਾਟੀ, 10 ਫੀਸਦ 'ਤੇ ਮਹਿਲਾਵਾਂ ਅਤੇ 5 ਫੀਸਦ 'ਤੇ ਉਪ ਜਾਤੀਆਂ ਨੂੰ ਨਿਯੁਕਤ ਕਰਨਾ ਹੋਵੇਗਾ।" ਸਾਲ 1990 ਵਿੱਚ ਗੈਰ-ਗਜ਼ਟਿਡ ਪੋਸਟਾਂ 'ਤੇ ਨਿਯੁਕਤੀ ਦੇ ਮਾਮਲਿਆਂ ਵਿੱਚ ਰਾਖਵਾਂਕਰਨ ਪ੍ਰਣਾਲੀ ਵਿੱਚ ਕੁਝ ਬਦਲਾਅ ਦੇ ਬਾਵਜੂਦ ਪਹਿਲੀ ਅਤੇ ਦੂਜੀ ਸ਼੍ਰੇਣੀ ਦੇ ਅਹੁਦਿਆਂ ਦੇ ਲਈ ਇਹ ਪਹਿਲਾਂ ਵਰਗਾ ਹੀ ਰਿਹਾ।

1997 ਵਿੱਚ ਸਰਕਾਰੀ ਨੌਕਰੀਆਂ ਵਿੱਚ ਮੁਕਤੀ ਯੋਧਿਆਂ ਦੇ ਬੱਚਿਆਂ ਨੂੰ ਸ਼ਾਮਿਲ ਕੀਤਾ ਗਿਆ ਸੀ। 1985 ਵਿੱਚ ਜਾਰੀ ਇੱਕ ਨੋਟੀਫਿਕੇਸ਼ਨ ਵਿੱਚ ਰਾਖਵੇਂਕਰਨ ਦੀ ਵੰਡ ਨੂੰ ਜਿਓਂ ਦਾ ਤਿਓਂ ਰੱਖਦੇ ਹੋਏ ਕਿਹਾ ਗਿਆ ਕਿ ਜੇਕਰ ਯੋਗ ਮੁਕਤੀ ਯੋਧੇ ਉਮੀਦਵਾਰ ਉਪਲੱਬਧ ਨਹੀਂ ਹਨ। ਤਾਂ ਮੁਕਤੀ ਯੋਧਿਆਂ, ਸ਼ਹੀਦ ਮੁਕਤੀ ਯੋਧਿਆਂ ਦੇ

**(ਬਾਕੀ ਅਗਲੇ ਸਫੇ ‘ਤੇ)**

# ਅੰਬੀਆਂ ਨਾਲ ਜੁੜੀਆਂ ਮਿੱਠੀਆਂ ਯਾਦਾਂ



ਮਨਮੋਹਨ ਸਿੰਘ ਦਾਊਂ

ਅੰਬ ਮੇਰਾ ਮਨ-ਭਾਉਂਦਾ ਫਲ ਹੈ। ਅੰਬ-ਰੁੱਤ ਸੁਹਾਵਣੀ ਲੱਗਦੀ ਹੈ। ਅੰਬ ਚੂਸਣ ਨਾਲ ਕਿੰਨੀਆਂ ਹੀ ਯਾਦਾਂ ਜੁੜੀਆਂ ਹੋਈਆਂ ਹਨ। ਹੁਣ ਭਾਵੇਂ ਕਲਮੀ ਅੰਬ ਬਾਜ਼ਾਰਾਂ 'ਚ ਵਿਕਣ ਨੂੰ ਮਿਲਦੇ ਹਨ ਜਿਵੇਂ ਸਫ਼ੈਦਾ, ਦਸੈਹਰੀ, ਲੰਗੜਾ, ਚੌਸਾ, ਤੋਤਾ ਮੁਖੀ, ਬਨਾਰਸੀ, ਗਧਾ ਅੰਬ ਤੇ ਕਿੰਨੀਆਂ ਹੋਰ ਕਿਸਮਾਂ ਵਾਲੇ ਅੰਬ ਪਰੰਤੂ ਦੇਸੀ ਚੂਪਣ ਵਾਲੇ ਅੰਬਾਂ ਦਾ ਨਜ਼ਾਰਾ ਹੀ ਹੋਰ ਹੈ। ਪੁਆਧ ਵਿਚ ਅੰਬ ਨੂੰ ਅੰਬੀ ਦੇ ਨਾਂ ਨਾਲ ਵਧੇਰੇ ਯਾਦ ਕੀਤਾ ਜਾਂਦਾ ਹੈ। ਪੁਆਧ 'ਚ ਅੰਬ ਬਹੁਤ ਹੁੰਦੇ ਸਨ। ਅੰਬਾਲਾ ਜ਼ਿਲ੍ਹਾ ਦਾ ਨਾਮਕਰਨ ਅੰਬਾਂ ਵਾਲਾ ਹੋਣ ਕਰਕੇ ਹੀ ਰੱਖਿਆ ਗਿਆ ਸੀ।

ਪੁਰਾਣੇ ਜ਼ਿਲ੍ਹੇ ਅੰਬਾਲੇ ਦਾ ਬਹੁਤ ਸਾਰਾ ਖੇਤਰ ਹਰਿਆਣਾ 'ਚ ਚਲਿਆ ਗਿਆ ਹੈ। ਮੋਰਿੰਡਾ ਨੂੰ ਆਮ-ਬੋਲੀ 'ਚ ਬਾਗਾਂ ਵਾਲਾ ਕਿਹਾ ਜਾਂਦਾ ਹੈ। ਇੱਥੇ ਵੀ ਕਦੇ ਅੰਬਾਂ ਦੇ ਬਹੁਤ ਬਾਗ ਹੁੰਦੇ ਸਨ। ਹੁਣ ਤਾਂ ਇਸ ਖੇਤਰ 'ਚ ਅੰਬਰ ਛੂੰਹਦੇ ਫਲੈਟ ਹੀ ਫਲੈਟ ਨਜ਼ਰ ਆਉਂਦੇ ਹਨ। ਅੰਬ ਨਜ਼ਰ ਨਹੀਂ ਆਉਂਦੇ। ਬਜ਼ੁਰਗ ਅੰਬ ਲਾਉਣ ਨੂੰ ਪੁੱਤਰ ਜਿੰਨੀ ਮਹੱਤਤਾ ਦੇਂਦੇ ਹੁੰਦੇ ਸਨ। ਕਈ ਬਜ਼ੁਰਗਾਂ ਦੇ ਲਾਏ ਬਾਗਾਂ ਨੂੰ ਲੋਕ ਹੁਣ ਵੀ ਯਾਦ ਕਰਦੇ ਹਨ। ਮੈਨੂੰ ਯਾਦ ਹੈ ਕਿ ਸਾਡੇ ਪਿੰਡ ਦਾਊਂ ਦੇ ਲਹਿੰਦੇ ਪਾਸੇ ਬਹੁਤ ਘਣਾ ਬਾਗ ਹੁੰਦਾ ਸੀ ਜਿਸ 'ਚ ਕਈ ਕਿਸਮ ਦੇ ਰੁੱਖ ਹੁੰਦੇ ਸਨ ਪਰੰਤੂ ਜ਼ਿਆਦਾਤਰ ਰੁੱਖ ਅੰਬਾਂ ਦੇ ਹੀ ਹੁੰਦੇ ਸਨ। ਬਾਗ ਦੇ ਆਲੇ-ਦੁਆਲੇ ਜਾਮਣਾਂ ਦੇ ਰੁੱਖਾਂ ਦੀਆਂ ਪਲੀਦਾਂ (ਕਤਾਰਾਂ) ਹੁੰਦੀਆਂ ਸਨ।

ਇਸ ਬਾਗ ਨੂੰ ਬਾਬਿਆਂ ਦਾ ਬਾਗ ਕਿਹਾ ਜਾਂਦਾ ਸੀ। ਅੰਬ ਲਿਆਉਣ ਤੇ ਚੂਪਣ ਲਈ ਕੋਈ ਰੋਕ-ਟੋਕ ਨਹੀਂ ਸੀ। ਅਸੀਂ ਛੋਟੇ ਹੁੰਦਿਆਂ ਇਸ ਬਾਗ 'ਚ ਜਾ ਵੜਨਾ। ਅੰਬਾਂ ਦੇ ਨਾਂ ਰੱਖੇ ਹੁੰਦੇ ਸਨ : ਸੌਂਫੀਆ, ਸੰਧੂਰੀਆ, ਕੁੱਪੀ ਵਾਲਾ, ਖੋਪੇ ਵਾਲਾ, ਕਾਲਾ ਅੰਬਾ, ਇੱਲਾਂ ਵਾਲਾ ਅੰਬ, ਅਚਾਰੀ ਅੰਬ, ਗੋਲੂ ਅੰਬ ਆਦਿਕ। ਛੁੱਟੀ ਵਾਲੇ ਦਿਨ ਅਸੀਂ ਸਵਖਤੇ ਹੀ ਅੰਬ ਢੂੰਡਣ ਚਲੇ ਜਾਣਾ। ਡਰਦੇ-ਡਰਦੇ, ਕਈ ਵਾਰ ਅਸੀਂ ਡੰਡਿਆਂ ਜਾਂ ਢੀਮਾਂ (ਡਲੇ) ਨਾਲ ਪੱਕੇ-ਪੱਕੇ ਅੰਬ ਝਾੜ ਲੈਣੇ। ਕੋਈ ਜਣਾ ਅੰਬ 'ਤੇ ਚੜ੍ਹ ਕੇ ਹਲੂਣੀ ਦੇਂਦਾ ਤੇ ਅਸੀਂ ਥੱਲੇ ਅੰਬ ਬੋਚਦੇ ਰਹਿੰਦੇ।

ਝੋਲੇ ਭਰ ਲੈਂਦੇ ਜਾਂ ਖੀਸਿਆਂ 'ਚ ਲੁਕੋ ਲੈਂਦੇ। ਬਰਸਾਤ ਵੇਲੇ ਅੰਬਾਂ ਦੇ ਤਣਿਆਂ ਦੁਆਲੇ ਟੋਇਆਂ 'ਚ ਪਾਣੀ ਭਰਿਆ ਹੁੰਦਾ ਤੇ ਅਸੀਂ ਉਸ ਪਾਣੀ ਨਾਲ ਧੋ ਕੇ ਤੇ ਚਾਹਾ ਕੱਢ ਕੇ ਅੰਬ ਚੂਪਦੇ। ਅੰਬਾਂ ਦੇ ਰਸੇ ਨਾਲ ਸਾਡੇ ਮੂੰਹ ਲਿੱਬੜ ਜਾਣੇ ਤੇ ਪੀਲਾ ਮਿੱਠਾ ਰਸ ਸਾਡੇ ਝੱਗਿਆਂ 'ਤੇ ਚਿੱਤਰਕਾਰੀ ਕਰ ਦੇਂਦਾ। ਅੰਬ ਚੂਪ ਕੇ ਫੋਲਕ ਸੁੱਟਦੇ ਤੇ ਗੁਠਲੀਆਂ ਵਗਾਹ-ਵਗਾਹ ਕੇ ਦੂਰ ਸੁੱਟਦੇ। ਹੁਣ ਉਹ ਬਾਗ ਨਹੀਂ ਰਿਹਾ। ਕੰਨੀਂ ਪੈਂਦੀ ਕੂਕਦੀ ਕੋਇਲ ਦੀ ਅਵਾਜ਼ ਵੀ ਗੁਆਚ ਗਈ। ਇਕ ਅੰਬ ਜਿਸ ਦਾ ਫਲ ਭਾਦੋਂ ਮਹੀਨੇ ਪੱਕਦਾ ਸੀ, ਉਸ ਨੂੰ ਭਾਦਸੂ ਕਿਹਾ ਜਾਂਦਾ ਸੀ। ਇਕ ਕੀਲੇ ਦੀ ਵਿੱਥ 'ਤੇ ਭਗਤਾਂ (ਨਰੰਜਣ ਸਿਓਂ ਕੁਨਬਾ) ਦਾ ਬਾਗ ਹੁੰਦਾ ਸੀ। ਉੱਥੇ ਵੀ ਕਦੇ-ਕਦੇ ਅੰਬ ਚੂਪਣ ਦਾ ਮੌਕਾ-ਮੇਲ ਬਣ ਜਾਂਦਾ ਸੀ। ਇਹ ਬਾਗ ਦੋ ਤਿੰਨ ਬੀਘੇ 'ਚ ਹੁੰਦਾ ਸੀ। ਇਹ ਭਗਤਾਂ ਦੇ ਕਿਸੇ ਬਜ਼ੁਰਗ ਨੇ ਬੜੀ ਮਿਹਨਤ ਕਰ ਕੇ ਲਾਇਆ ਸੀ। ਇਸ ਬਾਗ ਦੇ ਅੰਬਾਂ ਦੀ ਰਾਖੀ ਭਗਤਾਂ ਦਾ ਬਜ਼ੁਰਗ ਕਰਿਆ ਕਰਦਾ ਸੀ। ਰਸਤੇ ਉੱਤੇ ਹੋਣ ਕਾਰਨ ਆਉਂਦੇ-ਜਾਂਦੇ ਰਾਹੀ ਵੀ ਇਸ ਬਾਗ ਦੇ ਅੰਬਾਂ ਦਾ ਸੁਆਦ ਲੈਂਦੇ। ਕੁਝ ਸਮਿਆਂ ਬਾਅਦ ਅਸੀਂ ਬਾਬਿਆਂ ਦੇ ਬਾਗ ਦੇ ਨੇੜੇ ਛੇ ਬੀਘੇ ਜ਼ਮੀਨ ਖ਼ਰੀਦੀ। ਉਸ ਵਿਚ ਛੇ-ਸੱਤ ਅੰਬਾਂ ਦੇ ਰੁੱਖ ਵੀ ਸਨ।

ਸਾਨੂੰ ਅੰਬਾਂ ਦੀ ਘਾਟ ਮਹਿਸੂਸ ਨਾ ਹੋਣੀ। ਸਾਨੂੰ ਬਾਗ 'ਚੋਂ ਅੰਬ ਲਿਆਉਣ ਦਾ ਚਾਅ ਚੜ੍ਹ ਜਾਣਾ। ਇਕ ਵੱਡਾ ਅੰਬ ਬਹੁਤ ਫਲਦਾ ਸੀ, ਉਸ ਦੀ ਅੰਬੀ ਵੱਡੀ ਹੁੰਦੀ ਸੀ ਤੇ ਰਸ ਬਹੁਤ ਮਿੱਠਾ। ਮੈਨੂੰ ਯਾਦ ਹੈ ਕਿ ਪਿਤਾ ਜੀ ਨੇ ਦਲੀਪ ਬਾਈ ਨੂੰ ਕਹਿ ਕੇ ਕੱਚੇ-ਕੱਚੇ ਅੰਬ ਛਿੱਕੂ ਰਾਹੀਂ ਤੁੜਵਾ ਲੈਣੇ ਤੇ ਟੋਕਰੀਆਂ 'ਚ ਤੂੜੀ ਪਾ ਕੇ ਪੈਲ ਪੁਆ ਦੇਣੀ। ਟੋਕਰੀਆਂ ਨੂੰ ਭੁਆੜੇ ਵਾਲੀ (ਤੂੜੀ ਵਾਲੀ) ਕੋਠੜੀ 'ਚ ਉੱਪਰੋਂ ਬੋਰੀਆਂ ਨਾਲ ਢਕ ਕੇ ਰਖਵਾ ਦੇਣਾ। ਕੁਝ ਦਿਨਾਂ ਬਾਅਦ ਪੈਲ ਪੱਕ ਜਾਂਦੀ।

ਠੰਢੇ ਪਾਣੀ ਵਿਚ ਅੰਬਾਂ ਨੂੰ ਰੱਖ ਦੇਣਾ। ਬਾਲਟੀਆਂ 'ਚ ਅੰਬ ਠੰਢੇ ਹੋ ਜਾਂਦੇ, ਫਿਰ ਸਾਡੀ ਵਾਰੀ ਚੂਪਣ ਦੀ ਆ ਜਾਂਦੀ। ਪਿਤਾ ਜੀ ਸਾਨੂੰ ਅੰਬ ਵੰਡ ਕੇ ਦਿੰਦੇ। ਚਾਹਾ ਕੱਢ ਕੇ ਅਸੀਂ ਜਿੰਦਮ-ਜਿੰਦੀ ਅੰਬ ਚੂਪਦੇ। ਫੋਲਕ ਪਸ਼ੂਆਂ ਦੀਆਂ ਖੁਰਲੀਆਂ ਵਿਚ ਸੁੱਟ ਦੇਂਦੇ ਤਾਂ ਜੋ ਉਹ ਖਾ ਲੈਣ। ਗੁਠਲੀਆਂ ਤਸਲਿਆਂ ਵਿਚ ਇਕੱਠੀਆਂ ਕਰ ਦੇਂਦੇ।

ਬਾਅਦ ਵਿਚ ਪਿਤਾ ਜੀ ਨਮਕ ਵਾਲੀ ਦੁੱਧ ਵਾਲੀ ਕੱਚੀ ਲੱਸੀ ਪਿਆਉਂਦੇ ਤਾਂ ਜੋ ਅੰਬ ਹਜ਼ਮ ਹੋ ਜਾਣ ਤੇ ਗਰਮੀ ਨਾ ਕਰਨ। ਅੰਬਾਂ ਨਾਲ ਜੁੜੀ ਇਕ ਯਾਦ ਖਾਲਸਾ ਹਾਈ ਸਕੂਲ ਲੰਬਿਆਂ (ਸੁਹਾਣਾ) ਨਾਲ ਵੀ ਚੇਤੇ ਆਉਂਦੀ ਰਹਿੰਦੀ ਹੈ ਜਦੋਂ ਮੈਂ ਨਵਾਂ-ਨਵਾਂ ਬਤੌਰ ਅਧਿਆਪਕ ਵਜੋਂ ਇਸ ਸਕੂਲ ਵਿਚ 1963 'ਚ ਸਵਾ ਕੁ ਸਾਲ ਸੇਵਾ ਨਿਭਾਈ। ਇਸ ਸਕੂਲ ਵਿਚ ਕਾਫ਼ੀ ਅੰਬਾਂ ਦੇ ਰੁੱਖ ਹੁੰਦੇ ਸਨ। ਅੰਬਾਂ ਦੀ ਰੁੱਤ ਸਮੇਂ ਸਕੂਲ ਦੇ ਚਪੜਾਸੀ ਨੇ ਪੱਕੇ ਅੰਬ ਇਕੱਠੇ ਕਰ ਕੇ ਟੋਕਰਾ ਭਰ ਲੈਣਾ। ਛੁੱਟੀ ਤੋਂ ਬਾਅਦ ਸਾਰੇ ਸਟਾਫ ਮੈਂਬਰਾਂ ਨੇ ਪਾਣੀ ਦੇ ਟੱਬ 'ਚੋਂ ਠੰਢੇ-ਠੰਢੇ ਅੰਬ ਚੂਪਣ ਦੀ ਘੰਟੀ ਲਾਉਣੀ। ਲਗਪਗ ਪੰਜ-ਪੰਜ ਕਿੱਲੋ ਅੰਬ ਚੂਪ ਕੇ ਬਸ ਕਰਨੀ। ਮੁੱਖ ਅਧਿਆਪਕ ਜੁਗਿੰਦਰ ਸਿੰਘ ਦੀ ਹਦਾਇਤ ਹੁੰਦੀ ਕਿ ਅੰਬ ਚੂਪਣ ਤੋਂ ਬਾਅਦ ਵਿਦਿਆਰਥੀਆਂ ਦੀਆਂ ਕਾਪੀਆਂ ਦਾ ਨਿਰੀਖਣ ਕਰੋ ਤੇ ਫਿਰ ਘਰਾਂ ਨੂੰ ਜਾਓ। ਅਸੀਂ ਇਹ ਪਲ ਖ਼ੂਬ ਮਾਣਦੇ ਤੇ ਅੰਬਾਂ ਦੀਆਂ ਸਿਫ਼ਤਾਂ ਕਰਦੇ।

ਸਾਡੀ ਪਲਸੌਰਾ (ਯੂਟੀ ਚੰਡੀਗੜ੍ਹ) ਪਿੰਡ ਵਾਲੀ ਜ਼ਮੀਨ ਵਿਚ ਵੀ ਕਈ ਅੰਬਾਂ ਦੇ ਬੂਟੇ ਹੁੰਦੇ ਸਨ। ਇਕ ਅੰਬ ਦਾ ਰਸਾ ਤੇ ਮਿਠਾਸ ਪਿੰਡ ਵਿਚ ਮਸ਼ਹੂਰ ਹੁੰਦੀ ਸੀ। ਫੋਲਕ ਮਿੱਠਾ ਤੇ ਗੁਠਲੀ ਬਹੁਤ ਪਤਲੀ। ਇਸ ਦੇ ਅੰਬ ਚੂਪਣ ਦੀ ਹਰੇਕ ਨੂੰ ਖ਼ਾਹਿਸ਼ ਹੁੰਦੀ ਸੀ। ਇਕ ਸੰਧੂਰੀਆ ਅੰਬ ਪੱਕਿਆ ਹੋਇਆ ਬਹੁਤ ਮਨਮੋਹਕ ਸੀ ਪਰ ਚੂਪਣ ਨੂੰ ਬਹੁਤ ਖੱਟਾ। ਉਸ ਦਾ ਅਚਾਰ ਹੀ ਚੰਗਾ ਪੈਂਦਾ ਸੀ। ਬਜ਼ੁਰਗਾਂ ਨੇ ਕਹਿਣਾ ਕਿ ਕਈ ਬੰਦੇ ਸੰਧੂਰੀਏ ਅੰਬ ਵਾਂਗ ਬਾਹਰੋਂ ਵੇਖਣ ਨੂੰ ਸੋਹਣੇ ਲੱਗਦੇ ਹਨ ਪਰ ਅੰਦਰੋਂ ਵਰਤ-ਵਿਹਾਰ ਨੂੰ ਖੱਟੇ। ਇਕ ਅਣਫਲ ਅੰਬ ਵੀ ਹੁੰਦਾ ਸੀ। ਉਸ ਨੂੰ ਨਾ ਕੂਹਰ ਪੈਂਦਾ ਤੇ ਨਾ ਫਲ ਲੱਗਦਾ।

ਪਿਤਾ ਜੀ ਨੇ ਉਸ ਦੇ ਇਲਾਜ ਲਈ ਕਈ ਜਤਨ ਕੀਤੇ ਪਰ ਨਿਸਫਲ। ਇਕ ਅੰਬ ਸਾਡੇ ਖੇਤ ਦੀ ਡੌਲ ਉੱਤੇ ਪੰਡਿਤਾਂ ਨਾਲ ਸਾਂਝਾ ਸੀ। ਉਸ ਦੇ ਅੰਬ ਕਾਫ਼ੀ ਵੱਡੇ ਤੇ ਸੁਆਦੀ ਹੁੰਦੇ ਸਨ। ਡਿੱਗੇ ਅੰਬ ਅਸੀਂ ਅੱਧੋ-ਅੱਧ ਕਰ ਲੈਣੇ। ਮੈਂ ਪਿੰਡ ਦਾਊਂ ਤੋਂ ਸਾਈਕਲ 'ਤੇ ਸਵਾਰ ਹੋ ਕੇ ਪਿੰਡ ਪਲਸੌਰੇ ਤੋਂ ਅੰਬ ਲੈਣ ਜਾਣਾ। ਕਈ ਵਾਰ ਰਾਤ ਦੇ ਡਿੱਗੇ ਪੱਕੇ ਅੰਬ ਚੁੱਕਣ ਲਈ ਤੜਕੇ ਉੱਠ ਕੇ ਸਾਈਕਲ 'ਤੇ ਪਲਸੌਰੇ ਜਾ ਪੁੱਜਣਾ ਤੇ ਟਪਕੇ ਵਾਲੇ ਅੰਬ ਥੈਲਿਆਂ 'ਚ ਪਾ ਲੈਣੇ। ਥੈਲਾ ਭਰ ਜਾਣ 'ਤੇ ਬੜੀ ਖ਼ੁਸ਼ੀ ਹੋਣੀ। ਕਈ ਸਾਲ ਹੋਏ ਮਿੱਤਰ ਸਾਹਿਤਕਾਰ ਕਰਨਲ ਜਸਬੀਰ ਭੁੱਲਰ ਦਾ ਮੈਨੂੰ ਫੋਨ ਆਇਆ : "ਦਾਊਂ ਅੰਬ ਚੂਪਣੇ?" ਮੈਂ ਉੱਤਰ ਦਿੱਤਾ, "ਕਿਉਂ ਨਹੀਂ?" "ਆ ਜਾ ਫੇਰ।" ਮੈਂ ਭੁੱਲਰ ਦੀ ਕੋਠੀ ਮੋਹਾਲੀ ਜਾ ਬਹੁੜਿਆ।

ਭੁੱਲਰ ਤੇ ਉਸ ਦੀ ਘਰ ਵਾਲੀ ਨੇ ਖ਼ੁਸ਼ਆਮਦੀਦ ਕਿਹਾ। "ਸਾਡਾ ਅੰਬ ਬਹੁਤ ਫਲਿਆ। ਅਸੀਂ ਅੰਬ ਚੂਪ-ਚੂਪ ਕੇ ਰੱਜ ਗਏ। ਕਈਆਂ ਨੂੰ ਵੰਡ ਵੀ ਦਿੱਤੇ, ਫਿਰ ਵੀ ਨਹੀਂ ਮੁੱਕ ਰਹੇ।" ਪੱਕੇ ਅੰਬ ਵੇਖ ਕੇ ਮੇਰੇ ਮੂੰਹ 'ਚ ਪਾਣੀ ਭਰ ਆਇਆ। ਚਾਹ-ਪਾਣੀ ਪੀਣ ਪਿੱਛੋਂ ਭੁੱਲਰ ਨੇ ਟਪਕੇ ਵਾਲੇ ਅੰਬਾਂ ਦਾ ਝੋਲਾ ਭਰ ਦਿੱਤਾ। ਪੁਸਤਕਾਂ ਤਾਂ ਲੇਖਕ ਵੰਡਦੇ ਹੀ ਨੇ, ਅੰਬਾਂ ਦੀ ਸੌਗਾਤ ਮੇਰੇ ਲਈ ਮਨ-ਭਾਉਂਦੀ ਬਣ ਗਈ। ਅੰਬਾਂ ਦੀ ਮਿਠਾਸ ਤੇ ਮਿੱਤਰ ਦੀ ਦੋਸਤੀ ਹੋਰ ਗੂੜ੍ਹੀ ਹੋ ਗਈ। ਅੰਬਾਂ ਦੇ ਰਸ ਦੀ ਮਿਠਾਸ ਤੇ ਮਨੁੱਖ ਦੇ ਬੋਲਾਂ ਦੀ ਮਿਠਾਸ ਕਦੇ ਭੁੱਲਦੀ ਨਹੀਂ।

# ਬੰਗਲਾਦੇਸ਼ ਵਿੱਚ ਹਿੰਸਾ ਕਿਉਂ ਹੋ ਰਹੀ ਹੈ

(ਸਫਾ 16 ਦੀ ਬਾਕੀ)

ਪੁੱਤਾਂ-ਧੀਆਂ ਨੂੰ ਮੁਕਤੀ ਯੋਧਿਆਂ ਦੇ ਲਈ ਤੈਅ ਰਾਖਵੇਂਕਰਨਵਿੱਚੋਂ 30 ਫੀਸਦ ਦਿੱਤਾ ਜਾ ਸਕਦਾ ਹੈ। ਉਨ੍ਹਾਂ ਦੇ ਕੁਝ ਦਿਨਾਂ ਦੇ ਬਾਅਦ ਕਈ ਨੋਟੀਫਿਕੇਸ਼ਨ ਜਾਰੀ ਕੀਤੇ ਗਏ ਕਿ ਮੁਕਤੀ ਯੋਧਿਆਂ ਦੇ ਬੱਚਿਆਂ ਨੂੰ ਤੈਅ ਰਾਖਵੇਂਕਰਨ ਦੇ ਮੁਤਾਬਕ ਨੌਕਰੀਆਂ ਨਹੀਂ ਮਿਲ ਰਹੀਆਂ ਹਨ। ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਸੀ ਕਿ ਦਿਸ਼ਾ-ਨਿਰਦੇਸ਼ ਦਾ ਪਾਲਨ ਨਾ ਕਰਨ ਦੀ ਸਥਿਤੀ ਵਿੱਚ "ਸਬੰਧਿਤ ਨਿਯੁਕ ਅਧਿਕਾਰੀ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾਏਗੀ।" ਹਾਲਾਂਕਿ 2002 ਵਿੱਚ ਬੀਐੱਨਪੀ ਦੀ ਅਗਵਾਈ ਵਾਲੇ ਚਾਰ ਧਿਰਾਂ ਦੀ ਗਠਜੋੜ ਸਰਕਾਰ ਦੇ ਦੌਰਾਨ ਇੱਕ ਨੋਟੀਫਿਕੇਸ਼ਨ ਜਾਰੀ ਕਰ ਮੁਕਤੀ ਯੋਧਿਆਂ ਦੇ ਲਈ ਰਾਖਵੇਂਕਰਨ ਦੀ ਵੰਡ ਨਾਲ ਸਬੰਧਿਤ ਪਹਿਲਾਂ ਜਾਰੀ ਕੀਤੇ ਗਏ ਸਾਰੇ ਨੋਟੀਫਿਕੇਸ਼ਨਾਂ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਮੁਕਤੀ ਯੋਧਿਆਂ ਦੇ ਲਈ 30 ਫੀਸਦ ਰਾਖਵੇਂ ਅਹੁਦਿਆਂ ਨੂੰ ਦੂਜੇ ਵਰਗ ਦੇ ਉਮੀਦਵਾਰਾਂ ਨਾਲ ਭਰਨ ਦੀ ਬਜਾਏ ਰਾਖਵਾਂ ਰੱਖਣ ਦੇ ਪਹਿਲੇ ਨਿਰਦੇਸ਼ ਵਿੱਚ ਸੋਧ ਕਰਦੇ ਹੋਏ ਸਰਕਾਰ ਨੇ ਫੈਸਲਾ ਲਿਆ ਹੈ ਕਿ ਜੇਕਰ 21ਵੀਂ ਬੀਸੀਐੱਸ ਪ੍ਰੀਖਿਆ ਦੇ ਅਧਾਰ ਤੇ ਮੁਕਤੀ ਯੋਧਿਆਂ ਦੇ ਲਈ ਤੈਅ ਰਾਖਵੇਂਕਰਨ ਵਿੱਚ ਕੋਈ ਯੋਗ ਉਮੀਦਵਾਰ ਨਹੀਂ ਮਿਲਦਾ ਹੈ ਤਾਂ ਉਨ੍ਹਾਂ ਅਹੁਦਿਆਂ (ਕੈਡਰ ਅਤੇ ਗੈਰ ਕੈਡਰ) ਨੂੰ ਮੈਰਿਟ ਲਿਸਟ ਵਿੱਚ ਸਿਖ਼ਰ ਤੇ ਰਹਿਣ ਵਾਲੇ ਉਮੀਦਵਾਰਾਂ ਨਾਲ ਭਰਿਆ ਜਾ ਸਕਦਾ ਹੈ। ਮਤਲਬ ਮੁਕਤੀ ਯੋਧਿਆਂ ਵਿੱਚੋਂ ਯੋਗ ਉਮੀਦਵਾਰ ਨਹੀਂ ਮਿਲਣ ਦੀ ਸਥਿਤੀ ਵਿੱਚ ਉਨ੍ਹਾਂ ਦੇ ਲਈ ਰਾਖਵੇਂਕਰਨ 30 ਫੀਸਦ ਅਹੁਦਿਆਂ ਨੂੰ ਮੈਰਿਟ ਲਿਸਟ ਦੇ ਉਮੀਦਵਾਰਾਂ ਨਾਲ ਭਰਨ ਦਾ ਨਿਰਦੇਸ਼ ਦਿੱਤਾ ਗਿਆ। ਪਰ ਸਾਲ 2008 ਵਿੱਚ ਅਵਾਮੀ ਲੀਗ ਦੀ ਅਗਵਾਈ ਵਾਲੀ ਗਠਜੋੜ ਸਰਕਾਰ ਨੇ ਸੱਤਾ ਸਾਂਭਣ ਦੇ ਬਾਅਦ ਇਸ ਨਿਰਦੇਸ਼ ਨੂੰ ਰੱਦ ਕਰਨ ਦਿੱਤਾ। ਇਸਦੇ ਨਾਲ ਹੀ ਸਥਾਪਨਾ ਮੰਤਰਾਲੇ ਨੇ ਮੁਕਤੀ ਯੋਧਿਆਂ ਦੇ ਬੱਚਿਆਂ ਦੇ ਲਈ ਰਾਖਵੇਂ ਅਹੁਦਿਆਂ ਤੇ ਭਰਤੀ ਮੁਮਕਿਨ ਨਾ ਸਕਣ ਦੀ ਸਥਿਤੀ ਵਿੱਚ ਉਨ੍ਹਾਂ ਅਹੁਦਿਆਂ ਨੂੰ ਖ਼ਾਲੀ ਰੱਖਣ ਦਾ ਨੋਟਿਸ ਜਾਰੀ ਕੀਤਾ ਸੀ । ਉਨ੍ਹਾਂ ਦੇ ਬਾਅਦ ਸਾਲ 2012 ਵਿੱਚ ਸਰਕਾਰ ਨੇ ਅਪਹਾਜਾਂ ਦੇ ਲਈ 1 ਫੀਸਦ ਰਾਖਵਾਂਕਰਨ ਦਾ ਮਤਾ ਲਿਆਉਂਦੇ ਹੋਏ ਨੋਟੀਫਿਕੇਸ਼ਨ ਜਾਰੀ ਕੀਤਾ।

ਸਰਕਾਰੀ,ਅਰਧ-ਸਰਕਾਰੀ, ਖੁਦ ਮੁਖਤਿਆਰ ਸੰਸਥਾਨਾਂ ਵਿੱਚ ਭਰਤੀ ਯੋਗਤਾ ਵਿੱਚ ਵੱਧ ਰਾਖਵਾਂਕਰਨ ਹੋਣ ਦੇ ਮੁੱਦੇ 'ਤੇ ਹਮੇਸ਼ਾ ਅਸੰਤੁਸ਼ਟੀ ਰਹੀ ਹੈ। ਇਸ ਮੁੱਦੇ 'ਤੇ ਪਹਿਲਾਂ ਵੀ ਕਈ ਵਾਰ ਅੰਦੋਲਨ ਹੁੰਦੇ ਰਹੇ ਹਨ ਪਰ ਉਨ੍ਹਾਂ ਅਕਾਰ ਸੀਮਿਤ ਹੀ ਸੀ। ਸਾਲ 2018 ਵਿੱਚ ਪਹਿਲੀ ਵਾਰ ਵੱਡੇ ਪੈਮਾਨੇ ਉੱਤੇ ਰਾਖਵਾਂਕਰਨ ਵਿਰੋਧੀ ਅੰਦੋਲਨ ਹੋਇਆ ਸੀ । ਉਸ ਸਾਲ ਜਨਵਰੀ ਵਿੱਚ ਢਾਕਾ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਅਤੇ ਦੋ ਪੱਤਰਕਾਰਾਂ ਨੇ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਬੰਦੋਬਸਤ ਰੱਦ ਕਰਨ ਅਤੇ ਇਸਦੇ ਫਿਰ ਤੋਂ ਮੁਲਾਂਕਣ ਦੀ ਮੰਗ ਕਰਦੇ ਹੋਏ ਹਾਈਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ।

ਉਸ ਵਿੱਚ ਰਾਖਵਾਂਕਰਨ ਵਿਵਸਥਾ ਨੂੰ ਸੰਵਿਧਾਨ ਦੇ ਖ਼ਿਲਾਫ ਦੱਸਿਆ ਗਿਆ ਹੈ ਸੀ, ਪਰ ਮਾਰਚ ਵਿੱਚ ਸਿਖ਼ਰਲੀ ਅਦਾਲਤ ਨੇ ਉਸ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ ਸੀ। ਰਾਖ਼ਵਾਕਰਨ ਵਿੱਚ ਸੁਧਾਰ ਦੇ ਮਕਸਦ ਨਾਲ ਉਸ ਵੇਲੇ 'ਬੰਗਲਾਦੇਸ਼ ਵਿਦਿਆਰਥੀ ਅਧਿਕਾਰ ਸੰਭਾਲ ਪ੍ਰੀਸ਼ਦ' ਨਾਮ ਦੇ ਇੱਕ ਮੰਚ ਦਾ ਵੀ ਗਠਨ ਕੀਤਾ ਗਿਆ ਸੀ। ਅਦਾਲਤ ਵਿੱਚ ਪਟੀਸ਼ਨ ਖ਼ਾਰਜ ਹੋਣ ਦੇ ਬਾਅਦ ਸਰਕਾਰ ਨੇ ਆਦੇਸ਼ ਜਾਰੀ ਕੀਤਾ ਕਿ ਰਾਖਵਾਂਕਰਨ ਵਿਵਸਥਾ ਵਿੱਚ ਬਦਲਾਅ ਨਹੀਂ ਹੋਵੇਗਾ, ਪਰ ਸਰਕਾਰ ਨੇ ਰਾਖਵਾਂਕਰਨ ਦੇ ਮਤਿਆਂ ਨੂੰ ਕੁਝ ਲਚਕੀਲਾ ਕਰ ਦਿੱਤਾ ਸੀ। ਸਰਕਾਰ ਨੇ ਮੁਕਤੀ ਯੋਧਿਆਂ ਦੇ ਲਈ ਰਾਖ਼ਵੇਂ ਅਹੁਦਿਆਂ ਨੂੰ ਖ਼ਾਲੀ ਕਰਨ ਦੀ ਗੱਲ ਨੂੰ ਹਟਾ ਕੇ ਉਨ੍ਹਾਂ ਅਹੁਦਿਆਂ ਤੇ ਮੈਰਿਟ ਲਿਸਟ ਨਾਲ ਨਿਯੁਕਤੀ ਦੀ ਗੱਲ ਕਹੀ। ਪਰ ਵਿਦਿਆਰਥੀ ਆਪਣੀਆਂ ਮੰਗਾਂ ਉੱਤੇ ਅੜੇ ਰਹੇ, ਸੁਰੱਖਿਆ ਬਲਾਂ ਨੇ ਉਸ ਸਮੇਂ ਅੰਦੋਲਨਕਾਰੀਆਂ ਦੇ ਵਿਰੋਧ ਪ੍ਰਦਰਸ਼ਨ ਦੇ ਦੌਰਾਨ ਕਈ ਥਾਵਾਂ ਉੱਤੇ ਹੰਝੂ ਗੈਸ ਦੇ ਗੋਲੇ ਦਾਗੇ ਅਤੇ ਹਵਾਈ ਫਾਈਰਿੰਗ ਕੀਤੀ ਸੀ, ਕਈ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ।

ਲਗਾਤਾਰ ਅੰਦੋਲਨ ਦੇ ਕਾਰਨ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੇ 11 ਅਪ੍ਰੈਲ ਨੂੰ ਸੰਸਦ ਵਿੱਚ ਹਰ ਤਰ੍ਹਾਂ ਦਾ ਰਾਖ਼ਵਾਂਕਰਨ ਰੱਦ ਕਰਨ ਦਾ ਐਲਾਨ ਕਰ ਦਿੱਤਾ ਪਰ ਇਸਦਾ ਨੋਟੀਫਿਕੇਸ਼ਨ ਅਕਤੂਬਰ ਵਿੱਚ ਜਾਰੀ ਕੀਤਾ ਗਿਆ। ਉਸ ਨੋਟੀਫਿਕੇਸ਼ਨ ਦੇ ਜ਼ਰੀਏ ਸਰਕਾਰ ਨੇ ਪਹਿਲੀ ਅਤੇ ਦੂਜੀ ਸ਼੍ਰੇਣੀ ਦੀਆਂ ਸਰਕਾਰੀ ਨੌਕਰੀਆਂ ਦੀ ਭਰਤੀ ਵਿੱਚ ਰਾਖ਼ਵਾਂਕਰਨ ਰੱਦ ਕਰ ਦਿੱਤਾ ਸੀ।

ਉਸ ਵਿੱਚ ਕਿਹਾ ਗਿਆ ਸੀ ਕਿ ਯੋਗ ਉਮੀਦਵਾਰ ਨਹੀਂ ਮਿਲਣ ਦੀ ਸਥਿਤੀ ਵਿੱਚ ਉਨ੍ਹਾਂ ਨੂੰ ਮੈਰਿਟ ਲਿਸਟ ਦੇ ਉਮੀਦਵਾਰਾਂ ਨਾਲ ਭਰਿਆ ਜਾਏਗਾ। ਹਲਾਂਕਿ ਐਲਾਨ ਅਤੇ ਨੋਟੀਫਿਕੇਸ਼ਨ ਜਾਰੀ ਹੋਣ ਦੇ ਦਰਮਿਆਨ ਅੰਦੋਲਨ ਕਰਨ ਵਾਲਿਆਂ ਤੇ ਹਮਲੇ ਅਤੇ ਗ੍ਰਿਫ਼ਤਾਰੀਆਂ ਦੀਆਂ ਘਟਨਾਵਾਂ ਵਧੀਆਂ। ਦੂਜੇ ਪਾਸੇ, ਮੁਕਤੀ ਯੋਧਿਆਂ ਦੇ ਕੁਝ ਵਾਰਸਾਂ ਨੇ ਰਾਖ਼ਵਾਂਕਰਨ ਰੱਦ ਕਰਨ ਦੇ ਫੈਸਲੇ ਦੇ ਖ਼ਿਲਾਫ ਸਾਲ 2021 ਵਿੱਚ ਹਾਈਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਸੀ। ਲੰਘੀ ਪੰਜ ਜੂਨ ਨੂੰ ਉਨ੍ਹਾਂ ਦੇ ਪੱਖ ਵਿੱਚ ਫੈਸਲਾ ਆਇਆ, ਸਰਕਾਰ ਨੇ ਇਸ ਫੈਸਲੇ ਉੱਤੇ ਰੋਕ ਲਾਉਣ ਦੇ ਲਈ ਅਪੀਲ ਦਾਇਰ ਕੀਤੀ। ਇਸੇ ਦਰਮਿਆਨ, ਵਿਦਿਆਰਥੀਆਂ ਨੇ ਪਹਿਲੀ ਜੁਲਾਈ ਤੋਂ ਰਾਖਵਾਂਕਰਨ ਰੱਦ ਕਰਨ ਦੀ ਮੰਗ ਲਈ ਅੰਦੋਲਨ ਸ਼ੁਰੂ ਕਰ ਦਿੱਤਾ। ਵਿਦਿਆਰਥੀਆਂ 'ਭੇਦਭਾਵ ਵਿਰੋਧੀ ਵਿਦਿਆਰਥੀ ਅੰਦੋਲਨ' ਦੇ ਬੈਨਰ ਹੇਠ ਇਸ ਅੰਦੋਲਨ ਨੂੰ ਜਾਰੀ ਰੱਖਿਆ ਹੈ।

ਸਾਲ 2018 ਦੇ ਰਾਖਵੇਂਕਰਨ ਵਿਰੋਧੀ ਅੰਦੋਲਨ ਵਿੱਚ ਸਭ ਤੋਂ ਜ਼ਿਆਦਾ ਚਰਚਾ ਮੁਕਤੀ ਯੋਧਿਆਂ ਦੇ ਲਈ ਰਾਖਵੇਂਕਰਨ ਦੀ ਹਿੱਸਦਾਰੀ 'ਤੇ ਹੀ ਹੋਈ ਸੀ। ਸਾਬਕਾ ਸਕੱਤਰ ਅਤੇ ਅਰਥ ਸ਼ਾਸ਼ਤਰੀ ਮੁਹੰਮਦ ਫ਼ਾਵਜ਼ੂਲ ਕਬੀਰ ਖ਼ਾਨ ਕਹਿੰਦੇ ਹਨ, "ਰਾਖਵੇਂਕਰਨ ਦਾ ਮਕਸਦ ਲੈਵਲ ਪਲੇਇੰਗ ਫੀਲਡ ਜਾਂ ਸਭ ਦੇ ਲਈ ਬਰਾਬਰ ਦੇ ਮੌਕੇ ਮੁੱਹਈਆਂ ਕਰਵਾਉਣ ਦੀ ਕੋਸ਼ਿਸ਼ ਕਰਨਾ।" ਸਵਾਲ ਹੈ ਕਿ ਅਪਾਹਜ ਦੇ ਇਲਾਵਾ ਕਿਸੇ ਹੋਰ ਨੂੰ ਰਾਖਵੇਂਕਰਨ ਦੀ ਲੋੜ ਵੀ ਹੈ ਜਾਂ ਨਹੀਂ?

ਮੁਹੰਮਦ ਖ਼ਾਨ ਕਹਿੰਦੇ ਹਨ ,"ਇਹ ਸਰਕਾਰ ਦੇ ਕਾਰਜਕਾਰੀ ਅਧਿਕਾਰ ਦਾ ਮਸਲਾ ਹੈ ਜਾਂ ਅਦਾਲਤ ਦਾ... ਅਧਿਕਾਰਾਂ ਜਾਂ ਸੰਵਿਧਾਨ ਦੀ ਉਲੰਘਣਾ ਅਦਾਲਤ ਦਾ ਮਾਮਲਾ ਹੈ, ਪਰ ਇਸ ਮਾਮਲੇ ਵਿੱਚ ਪਹਿਲਾਂ ਤਾਂ ਕਾਰਜਕਾਰੀ ਹੁਕਮ 'ਤੇ ਹੀ ਰਾਖਵਾਂਕਰਨ ਲਾਗੂ ਹੋਇਆ ਅਤੇ ਹੁਣ ਉਸੇ ਨੂੰ ਰੱਦ ਕਰਨ ਦਿੱਤਾ ਗਿਆ ਹੈ।"

ਸਾਬਕਾ ਸਕੱਤਰ ਮੁਹੰਮਦ ਸ਼ਹੀਦ ਖ਼ਾਨ ਕਹਿੰਦੇ ਹਨ,"ਇੱਕ ਪਰਿਵਾਰ ਕਿੰਨੀ ਵਾਰ ਰਾਖ਼ਵੇਂਕਰਨ ਦਾ ਲਾਭ ਹਾਸਿਲ ਕਰ ਸਕਦਾ ਹੈ? ਸਰਕਾਰੀ ਨੌਕਰੀ ਮਿਲ ਜਾਣ ਦੀ ਸਥਿਤੀ ਵਿੱਚ ਪਰਿਵਾਰ ਪਿਛੜਿਆ ਨਹੀਂ ਹੋ ਸਕਦਾ, ਪਿਛੜੇ ਪਰਿਵਾਰਾਂ ਦੀ ਆਮਦਨ ਦੀ ਸੀਲਿੰਗ ਤੈਅ ਕਰਨੀ ਹੁੰਦੀ ਹੈ,ਇਸ ਸਵਾਲ 'ਤੇ ਗੰਭੀਰ ਵਿਚਾਰ ਚਰਚਾ ਜ਼ਰੂਰੀ ਹੈ।"

## ਜਥੇਦਾਰ ਸੁਖਵੰਤ ਸਿੰਘ ਧਨੌਲਾ ਦੇ ਪਰਿਵਾਰ ਨਾਲ ਕੀਤਾ ਦੁੱਖ ਸਾਂਝਾ



ਧਨੌਲਾ ਮੰਡੀ, ਸੰਜੀਵ ਗਰਗ ਕਾਲੀ- ਬੀਤੇ ਦਿਨੀ ਭਾਜਪਾ ਦੇ ਸੀਨੀਅਰ ਆਗੂ ਜਥੇਦਾਰ ਸੁਖਵੰਤ ਸਿੰਘ ਧਨੌਲਾ ਦੇ ਵੱਡੇ ਭਰਾ ਗਿਆਨੀ ਕੁਲਵੰਤ ਸਿੰਘ ਦੀ ਹੋਈ ਮੌਤ ਤੇ ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਕੇਵਲ ਸਿੰਘ ਢਿੱਲੋ, ਸੀਨੀਅਰ ਆਗੂ ਬੀਜੇਪੀ ਹਰਜੀਤ ਸਿੰਘ ਗਰੇਵਾਲ, ਸੀਨੀਅਰ ਆਗੂ ਅਰਵਿੰਦ ਖੰਨਾ ਤੋ ਇਲਾਵਾ ਸਾਬਕਾ ਪ੍ਰਧਾਨ ਐਸਜੀਪੀਸੀਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਮੂਹ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਕੇਵਲ ਸਿੰਘ ਢਿੱਲੋ, ਹਰਜੀਤ ਸਿੰਘ ਗਰੇਵਾਲ ਤੇ ਅਰਵਿੰਦ ਖੰਨਾਂ ਜੀ ਨੇ ਕਿਹਾ ਕਿ ਗਿਆਨੀ ਕੁਲਵੰਤ ਸਿੰਘ ਦੇ ਚਲੇ ਜਾਣ ਨਾਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਵਾਹਿਗੁਰੂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸੇ। ਭਾਈ ਗੋਬਿੰਦ ਸਿੰਘ ਨੇ ਕਿਹਾ ਕਿ ਜਥੇਦਾਰ ਸੁਖਵੰਤ ਸਿੰਘ ਤੇ ਜਸਵੰਤ ਸਿੰਘ ਦੇ ਵੱਡੇ ਭਰਾ ਤੇ ਗੁਰਦਵਾਰਾ ਸਹੀਦ ਬਾਬਾ ਨੱਥਾ ਸਿੰਘ ਦੇ ਮੁੱਖ ਸੇਵਾਦਾਰ ਬਾਬਾ ਅਜੇ ਨੌਨਿਹਾਲ ਸਿੰਘ , ਗੁਰਨਾਮ ਸਿੰਘ ਵਾਹਿਗੁਰੂ ਦੇ ਤਾਇਆ ਗਿਆਨੀ ਕੁਲਵੰਤ ਸਿੰਘ ਜੀ ਬਹੁਤ ਹੀ ਨੇਕਦਿਲ ਇੰਨਸਾਨ ਸਨ ਜਿੰਨਾਂ ਦੀ ਮੌਤ ਨਾਲ ਉਹਨਾਂ ਨੂੰ ਬਹੁਤ ਦੀ ਸਦਮਾ ਲੱਗਿਆ ਹੈ। ਇਸ ਮੌਕੇ ਤੇ ਜੀਵਨ ਕੁਮਾਰ ਬਾਂਸਲ ਧਨੌਲਾ,ਸੁਖਦਸਰਨ ਸਿੰਘ ਕਾਹਲੋਂ,ਸਤਨਾਮ ਸਿੰਘ ਕਾਹਲੋਂ, ਜੱਗਾ ਸਿੰਘ ਮਾਨ, ਸਸੀਪਾਲ ਗਰਗ, ਨਰਿੰਦਰ ਨੀਟਾ, ਧਰਮ ਸਿੰਘ ਫੋਜੀ ਆਦਿ ਤੋ ਇਲਾਵਾ ਵੱਖ ਵੱਖ ਜਥੇਬੰਦੀਆ ਦੇ ਆਗੂ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

# ਅਧੂਰਾ ਜਾਂ ਪੂਰਾ

**ਕਹਾਣੀ/ – ਮੁਖਤਿਆਰ ਵਾਰਵਲ**

“ਜਿੰਦਰ ਤੇਰੀ ਚਿੱਠੀ...।” ਘਰੋਂ ਬਾਹਰ ਨਿਕਲੇ ਜਿੰਦਰ ਨੂੰ ਡਾਕੀਏ ਨੇ ਚਿੱਠੀ ਫੜਾਉਂਦਿਆਂ ਕਿਹਾ।

“ਕਾਹਦੀ ਆ ਗਈ ਅੰਕਲ ਚਿੱਠੀ।” ਉਹਨੇ ਪੁੱਛਿਆ ਚਾਹਿਆ।

“ਲੱਗਦੈ ਬਈ ਕਿਸੇ ਨੌਕਰੀ ਦੀ ਆ... ਕਾਲ ਲੈਟਰ ਆ ਮੈਨੂੰ ਤਾਂ ਇਵੇਂ ਲਗਦੈ... ਭਰੀ ਆ ਕੋਈ ਪੋਸਟ ਲੁਧਿਆਣੇ...।”

“ਆਹੋ ਭਰੀ ਤਾਂ ਸੀ... ਟੈਸਟ ਵੀ ਹੋਇਐ...।” ਜਿੰਦਰ ਬੋਲਿਆ।

“ਚਲ ਫਿਰ ਖੋਲ੍ਹ ਤੇ ਕਰਵਾ ਮੂੰਹ ਮਿੱਠਾ।” ਡਾਕੀਆ ਖੁਸ਼ ਹੁੰਦਾ ਹੋਇਆ ਬੋਲਿਆ।

ਜਿੰਦਰ ਨੇ ਚਿੱਠੀ ਖੋਲ੍ਹੀ ਤਾਂ ਉਹਨੂੰ ਬੇਹੱਦ ਖ਼ੁਸ਼ੀ ਹੋਈ... ਇਹ ਤਾਂ ਸੱਚਮੁਚ ਹੀ ਕਾਲ ਲੈਟਰ ਸੀ... ਉਹਨੂੰ ਨੌਕਰੀ ਲਈ ਇੰਟਰਵਿਊ ਦੇਣ ਲਈ ਬੁਲਾਇਆ ਜਾ ਰਿਹਾ ਸੀ। “ਆਜੋ ਅੰਕਲ ਸੱਚਮੁਚ ਈ ਕਾਲ ਲੈਟਰ ਏ... ਇੰਟਰਵਿਊ ਏ ਇਕ ਤਰੀਕ ਨੂੰ... ਆ ਜੋ ਅੰਕਲ ਚਾਹ ਪੀ ਲੋ।” “ਨਹੀ ਜਿੰਦਰ ਮੈਂ ਚਲਦਾਂ... ਆਹ ਦੋ ਚਿੱਠੀਆਂ ਹੋਰ ਨੇ... ਨਾਲ ਵਾਲੇ ਪਿੰਡ ਦੀਆਂ... ਇਕ ਵਾਰ ਦੇ ਆਵਾਂ ਪਤਾ ਨੀਂ ਅਗਲੇ ਕਿਸੇ ਨੂੰ ਜ਼ਰੂਰੀ ਹੋਣ...।” ਡਾਕੀਆ ਕਹਿੰਦਾ ਅੱਗੇ ਮੋਪਡ ’ਤੇ ਚਲਿਆ ਗਿਆ ਸੀ।

ਜਿੰਦਰ ਨੂੰ ਅੱਜ ਸਵੇਰੇ ਹੀ ਹੀ ਖ਼ੁਸ਼ੀ ਦੀ ਖ਼ਬਰ ਹੱਥ ਲੱਗ ਗਈ ਸੀ... ਖ਼ਬਰ ਕੀ ਉਹਦੀ ਤਾਂ ਸਮਝੋ ਲਾਟਰੀ ਈ ਨਿਕਲ ਆਈ ਸੀ... ਬੀ.ਏ. ਕਰਨ ਤੋਂ ਮਗਰੋਂ ਕੰਪਿਊਟਰ ਇੰਜਨੀਅਰਿੰਗ ਦੇ ਕੀਤੇ ਕੋਰਸ ਨੂੰ ਅੱਜ ਮਾਨੋਂ ਫ਼ਲ ਲੱਗਣ ਲੱਗ ਪਿਆ ਸੀ।

ਗੇਟ ਖੋਲ੍ਹ ਕੇ ਉਹਨੇ ਜਦੋਂ ਘਰ ਗੱਲ ਸੁਣਾਈ ਤਾਂ ਸਾਰੇ ਘਰ ’ਚ ਖ਼ੁਸ਼ੀ ਦਾ ਮਾਹੌਲ ਹੋ ਗਿਆ। ਕੋਈ ਉਹਨੂੰ ਇੰਟਰਵਿਊ ਦੀ ਤਿਆਰੀ ਕਰਨ ਲਈ ਕਹਿ ਰਿਹਾ ਸੀ ਤੇ ਕੋਈ ਉਸ ਨੂੰ ਖੁਆਉਣ-ਪਿਲਾਉਣ ਦੀ ਤਿਆਰੀ ਕਰਨ ’ਚ ਜੁਟ ਗਿਆ।

ਇਕ ਤਰੀਕ ਨੂੰ ਉਹ ਪਿੰਡੋਂ ਨਿਕਲਦੀ ਰੇਲ ਗੱਡੀ ਰਾਹੀਂ ਹੀ ਲੁਧਿਆਣੇ ਪਹੁੰਚ ਗਿਆ ਸੀ... ਇੰਟਰਵਿਊ ਦਾ ਟਾਈਮ ਵੀ ਤਾਂ ਸ਼ਾਮ ਦੋ ਵਜੇ ਦਾ ਹੀ ਸੀ... ਇਸ ਲਈ ਉਹਨੂੰ ਕੋਈ ਦਿੱਕਤ ਨਾ ਹੋਈ।

ਕਾਲ ਲੈਟਰ ’ਤੇ ਲਿਖੇ ਪਤੇ ’ਤੇ ਜਦੋਂ ਉਹ ਇੰਟਰਵਿਊ ਦੇਣ ਲਈ ਪਹੁੰਚਿਆ ਤਾਂ ਉਹਦੇ ਸਾਹਮਣੇ ਕੰਪਨੀ ਦਾ ਨਾਮ ਵੱਡੇ ਅੱਖਰਾਂ ’ਚ ਤੀਸਰੀ ਮੰਜ਼ਿਲ ’ਤੇ ਲਿਖਿਆ ਦਿਖਾਈ ਦਿੱਤਾ।

ਉਹਨੇ ਆਲੀਸ਼ਾਨ ਇਮਾਰਤ ਦੇਖੀ ਤਾਂ ਉਹ ਦੰਗ ਰਹਿ ਗਿਆ... ਫਰੰਟ ’ਤੇ ਲੱਗੇ ਸ਼ੀਸ਼ਿਆਂ ਨੇ ਉਹਦੀਆਂ ਅੱਖਾਂ ਨੂੰ ਚੁੰਧਿਆ ਦਿੱਤਾ ਸੀ... ਪੌੜੀਆਂ ’ਤੇ ਲੱਗੇ ਮਹਿੰਗੇ ਸੰਗਮਰਮਰ ਨੇ ਉਹਦੇ ਬੂਟਾਂ ਨੂੰ ਤਿਲਕਣ ਲਾ ਦਿੱਤਾ ਸੀ... ਉਹ ਪੌੜੀਆਂ ਚੜਦਾ ਹੋਇਆ ਤੀਸਰੀ ਮੰਜ਼ਿਲ ਤਕ ਜਾ ਪਹੁੰਚਿਆ ਸੀ।

ਤੀਸਰੀ ਮੰਜ਼ਿਲ ਤਕ ਪਹੁੰਚਦੇ-ਪਹੁੰਚਦੇ ਉਹਨੂੰ ਖਾਸਾ ਸਾਹ ਚੜ੍ਹ ਆਇਆ ਸੀ... ਉਹਨੇ ਦਮ ਮਾਰਿਆ ਤੇ ਸਾਹਮਣੇ ਸੁੰਦਰ ਸ਼ੀਸ਼ੇ ਦੇ ਦਰਵਾਜ਼ੇ ਨੂੰ ਪੁਸ਼ ਕੀਤਾ ਤਾਂ ਬਿਲਕੁਲ ਸਾਹਮਣੇ ਹੀ ਰਿਸੈਪਸ਼ਨ ਸੀ... ਤੇ ਰਿਸੈਪਸ਼ਨ ’ਤੇ ਬਹੁਤ ਹੀ ਸੁੰਦਰ ਤੇ ਕੋਮਲ ਜਿਹੀਆਂ ਕੁੜੀਆਂ ਬੈਠੀਆਂ ਹੋਈਆਂ ਸਨ... ਝਕਦੇ-ਝਕਦੇ ਨੇ ਜਦੋਂ ਉਹਨੂੰ ਇੰਟਰਵਿਊ ਬਾਰੇ ਪੁਛਿਆ ਤਾਂ ਉਨ੍ਹਾਂ ਵਿਚੋਂ ਇਕ ਬੜੇ ਸਲੀਕੇ ਨਾਲ ਬੋਲੀ।

“ਆਓ, ਤੁਸੀਂ ਇੱਥੇ ਬੈਠੋ ਤੁਹਾਨੂੰ ਮਿਲਾਉਂਦੇ ਹਾਂ।” ਉਹਨੇ ਸਾਹਮਣੇ ਪਈ ਸੁੰਦਰ ਗੱਦਿਆਂ ਵਾਲੀ ਕੁਰਸੀ ’ਤੇ ਬੈਠਣ ਦਾ ਇਸ਼ਾਰਾ ਕਰ ਦਿੱਤਾ।

ਜਿੰਦਰ ਨੂੰ ਉਥੇ ਬੈਠਿਆਂ ਕਰੀਬ ਅੱਧੇ ਘੰਟੇ ਤੋਂ ਵੱਧ ਦਾ ਸਮਾਂ ਹੋ ਗਿਆ ਸੀ ਪਰ ਅਜੇ ਤਾਈ ਕਿਸੇ ਨੇ ਉਸਨੂੰ ਪੁੱਛਿਆ ਤਕ ਨਹੀਂ ਸੀ... ਉਹਨੇ ਫਿਰ ਰਿਸੈਪਸ਼ਨ ’ਤੇ ਦਸਤਕ ਦਿੱਤੀ ਤੇ ਪਾਣੀ ਆਦਿ ਲਈ ਪੁੱਛਿਆ।

“ਬਿਲਕੁਲ ਅੱਗੇ ਜਾ ਕੇ ਵਾਟਰਕੂਲਰ ਹੈ... ਉਥੋਂ ਪਾਣੀ ਲੈ ਲਓ... ਬਾਕੀ ਸਰ ਹੁਣੇ ਵਿਹਲੇ ਹੁੰਦੇ ਆ ਤਾਂ ਤੁਹਾਨੂੰ ਮਿਲਾਉਂਦੇ ਹਾਂ।” ਉਹ ਕਹਿ ਰਹੀ ਸੀ।

ਪਾਣੀ ਪੀਣ ਤੋਂ ਬਾਅਦ ਉਹ ਫਿਰ ਉਸੇ ਸੀਟ ’ਤੇ ਆ ਬੈਠਿਆ ਸੀ। ਇਧਰੋਂ ਕੁਝ ਮੁੰਡੇ ਤੇ ਕੁੜੀਆਂ ਸ਼ਾਇਦ ਰੋਟੀ-ਪਾਣੀ ਖਾ ਕੇ ਸ਼ੀਸ਼ੇ ਥਾਣੀਂ ਅੰਦਰ ਆ ਵੜੇ... ਉਨ੍ਹਾਂ ਸਾਰਿਆਂ ਨੇ ਜਿੰਦਰ ਵੱਲ ਗਹੁ ਨਾਲ ਵੇਖਿਆ ਤੇ ਅੱਗੇ ਤੁਰਦੇ ਬਣੇ।

ਹੁਣ ਕਰੀਬ ਢਾਈ ਕੁ ਦਾ ਟਾਈਮ ਹੋ ਚੁੱਕਿਆ ਸੀ... ਪੌੜੀਆਂ ਤੋਂ ਕਿਸੇ ਦੇ ਜ਼ੋਰ-ਜ਼ੋਰ ਦੇ ਵੱਜਣ ਦਾ ਖੜਾਕ ਆਉਣਾ ਸ਼ੁਰੂ ਹੋ ਗਿਆ... ਜਿੰਦਰ ਉਸ ਖੜਾਕ ਨੂੰ ਸੁਣਨ ਲਈ ਉਤਾਵਲਾ ਉਸ ਵੱਲ ਕੰਨ ਕੀਤੀ ਬੈਠਾ ਰਿਹਾ।

ਹੱਥਾਂ ’ਚ ਦੋ ਨਿੱਕੇ-ਨਿੱਕੇ ਟੇਬਲਾਂ ਦਾ ਸਹਾਰਾ ਲਈ... ਇਕ ਸਾਬਤ ਸੂਰਤ ਸਿੱਖ... ਭਰਵੀਂ ਦਾੜ੍ਹੀ... ਸਰੀਰ ਭਾਰਾ... ਆ ਹਾਜ਼ਰ ਹੋਇਆ।

ਉਹ ਉਹਦੇ ਵੱਲ ਟਿਕਟਿਕੀ ਨਾਲ ਦੇਖ ਰਿਹਾ ਸੀ ਤੇ ਉਸ ਸਿੱਖ ਦੇ ਨਾਲ ਹੀ ਇਕ ਉਹਦੇ ਨਾਲ ਸਰੀਰਕ ਪੱਖੋਂ ਠੀਕ-ਠਾਕ ਪਰ ਉਹਨੂੰ ਸਹਾਰਾ ਦੇਣ ਜੋਗਾ ਹੋਰ ਸਿੱਖ ਖੜ੍ਹਾ ਹੋਇਆ... ਉਹਨੇ ਉਹਤੋਂ ਦੋਵੇਂ ਨਿੱਕੇ-ਨਿੱਕੇ ਟੇਬਲ ਪਕੜ ਲਏ ਤੇ ਹੱਥ ਵਾਲੀਆਂ ਹਥੌੜੀਆਂ ਉਹਨੂੰ ਪਕੜਾ ਦਿ-ਤੀਆਂ... ਹੁਣ ਉਹ ਹਥੌੜੀਆਂ ਦੇ ਸਹਾਰੇ ਜਿੰਦਰ ਕੋਲ ਆ ਬੈਠਾ ਸੀ।

ਪਸੀਨਾ ਉਹਦੇ ਕਪੜਿਆਂ ਨੂੰ ਗਿੱਲਾ ਕਰ ਚੁੱਕਿਆ ਸੀ ਤੇ ਉਹ ਵਾਰ ਵਾਰ ਪਸੀਨਾ ਪੂੰਝਦਾ ਹੋਇਆ ਰੁਮਾਲ ਨੂੰ ਬੁਰੀ ਤਰ੍ਹਾਂ ਖੁਰਚ ਰਿਹਾ ਸੀ। ਜਿੰਦਰ ਉਹਦੀ ਹਰ ਹਰਕਤ ਨੂੰ ਪੂਰੀ ਸੰਜੀਦਗੀ ਨਾਲ ਬੈਠਾ ਦੇਖਦਾ ਰਿਹਾ। ਉਹ-ਨੂੰ ਜਾਪਿਆ ਕਿ ’ਵਾਹਿਗੁਰੂ ਨੇ ਕਿੰਨਾ ਮਾੜਾ ਕੀਤੈ... ਜੇਕਰ ਦੇਣਾ ਸੀ ਤਾਂ ਪੂਰਾ ਤਾਂ ਦਿੰਦਾ ਸਰੀਰ...’ ਉਹ ਉਦਾਸ ਜਿਹਾ ਹੋ ਗਿਆ।

“ਹੈਲੋ... ਜਸਵਿੰਦਰ ਜੀ... ਤੁਹਾਨੂੰ ਅੰਦਰ ਬੁਲਾਇਐ... ਆਓ।” ਇਕ ਰਿਸੈਪਸ਼ਨ ਵਾਲੀ ਕੁੜੀ ਨੇ ਆਣ ਕੇ ਕਿਹਾ ਤੇ ਉਹ ਅੰਦਰ ਨੂੰ ਚਲਾ ਗਿਆ।

“ਮੇ ਆਈ ਕਾਮਿਨ ਸਰ... ” ਕਹਿ ਕੇ ਉਹ ਦਫ਼ਤਰ ਅੰਦਰ ਵੜ ਗਿਆ।

ਉਸਨੇ ਵੱਡੀ ਸਾਰੀ ਕੁਰਸੀ ’ਤੇ ਬੈਠੇ ਅਫ਼ਸਰ ਨੂੰ ਬਾਅਦ ’ਚ ’ਸਤਿ ਸ੍ਰੀ ਅਕਾਲ ਜੀ’ ਵੀ ਬੁਲਾਈ ਤੇ ਅਫ਼ਸਰ ਦਾ ਇਸ਼ਾਰਾ ਕੁਰਸੀ ਵੱਲ ਕਰਨ ਉਪਰੰਤ ਉਹ ਕੁਰਸੀ ’ਤੇ ਬੈਠ ਗਿਆ।

“ਤੁਹਾਡਾ ਨਾਮ ਜਸਵਿੰਦਰ ਸਿੰਘ ਈ ਏ ਨਾ... ਤੁਹਾਡੀ ਕਵਾਲੀਫਿਕੇਸ਼ਨ ਕਿੰਨੀ ਏ...।” ਉਹਨੇ ਪੁੱਛਿਆ।

“ਜੀ ਸਰ... ਸਰ ਮੈਂ ਬੀ.ਏ. ਤਕ ਪੜ੍ਹਿਆ ਆਂ...।” ਜਿੰਦਰ ਬੋਲਿਆ।

“ਸਾਨੂੰ ਇੱਥੇ ਕੰਪਿਊਟਰ ਆਪਰੇਟਰਾਂ ਦੀ ਲੋੜ ਏ... ਤੁਹਾਨੂੰ ਕਾਲ ਲੈਟਰ ’ਚ ਦੱਸਿਆ ਗਿਆ ਏ... ਹਾਂ ਤੁਸੀਂ ਦੱਸੋ ਕਿੰਨੀ ਸੈਲਰੀ ਦੀ ਆਸ ਕਰਦੇ ਹੋ...।” ਉਹਨੇ ਫਿਰ ਪੁੱਛਿਆ।

“ਜੀ ਸਰ ਮੈਨੂੰ ਪਤੈ... ਸਰ ਮਹਿੰਗਾਈ ਦੇ ਸਮੇਂ ’ਚ ਜਿੰਨੀ ਹੋ ਸਕਦੀ ਏ...।” ਜਿੰਦਰ ਲਹਿਜੇ ਨਾਲ ਬੋਲਿਆ।

“ਠੀਕ ਏ ਆਹ ਲਓ ਜੁਆਇੰਨਿੰਗ ਲੈਟਰ... ਤੁਸੀਂ ਦੋ ਪਾਸਪੋਰਟ ਸਾਈਜ਼ ਫ਼ੋਟੋਆਂ... ਬੀ.ਏ. ਸਰਟੀ-ਫ਼ਿਕੇਟ ਰਿਸੈਪਸ਼ਨ ’ਤੇ ਜਮ੍ਹਾ ਕਰਵਾ ਦਿਓ... ਤੇ ਅਗਲੇ ਮਹੀਨੇ ਕੰਮ ’ਤੇ ਆ ਜਾਣਾ... ਬਾਕੀ ਤੁਸੀਂ ਰਿਸੈਪਸ਼ਨ ’ਤੇ ਹੀ ਪੁੱਛ ਲਓ... ਨਾਲੇ ਰਿਸੈਪਸ਼ਨ ’ਤੇ ਕਹਿਣਾ ਅਗਲੇ ਬੰਦੇ ਨੂੰ ਇੰਟਰਵਿਊ ਲਈ ਭੇਜ ਦੇਣ।”

ਜਿੰਦਰ ਨੇ ਤਾਂ ਸੋਚਿਆ ਸੀ ਸ਼ਾਇਦ ਉਥੇ ਪਤਾ ਨਹੀ ਕਿੰਨੇ ਹੀ ਬੰਦੇ ਉਹਦੇ ਕੋਲੋਂ ਸਵਾਲ-ਜਵਾਬ ਕਰਨਗੇ ਪਰ ਉਹਨੇ ਉਹਦੇ ਕੋਲੋਂ ਦੋ ਚਾਰ ਸਵਾਲ ਹੀ ਪੁੱਛੇ ਤੇ ਜੁਆਇਨਿੰਗ ਲੈਟਰ ਦੇ ਦਿੱਤਾ।

ਜੁਆਇਨਿੰਗ ਲੈਟਰ ਲੈ ਕੇ ਉਹ ਫਿਰ ਵਾਪਸ ਰਿਸੈਪਸ਼ਨ ’ਤੇ ਆ ਗਿਆ ਤੇ ਉਹਨੇ ਬੌਸ ਦਾ ਮੈਸੇਜ਼ ਵੀ ਉਨ੍ਹਾਂ ਨੂੰ ਦੇ ਦਿੱਤਾ। ਕੁਝ ਜ਼ਰੂਰੀ ਹਦਾਇਤਾਂ ਉਹਨੇ ਰਿਸੈਪਸ਼ਨ ਤੋਂ ਹਾਸਲ ਕੀਤੀਆਂ ਤੇ ਆਪਣੇ ਸਰਟੀਫ਼ਿਕੇਟ ਤੇ ਫ਼ੋਟੋਆਂ ਜਮ੍ਹਾਂ ਕਰਵਾ ਕੇ ਉਹ ਵਾਪਸ ਆਉਣ ਲਈ ਦਰਵਾਜ਼ੇ ਵੱਲ ਤੱਕਣ ਲੱਗਿਆ।

ਸ਼ੀਸ਼ੇ ਦਾ ਦਰਵਾਜ਼ਾ ਉਹ ਬਾਹਰ ਨੂੰ ਧੱਕਣ ਹੀ ਲੱਗਾ ਸੀ ਕਿ ਉਹਨੇ ਦੇਖਿਆ ਕਿ ਉਹ ਸਿੱਖ ਜੋ ਹੁਣੇ ਫਹੁੜੀਆਂ ’ਤੇ ਚੱਲ ਕੇ ਆਇਆ ਸੀ... ਉਹ ਅੰਦਰ ਇੰਟਰਵਿਊ ਦੇਣ ਲਈ ਜਾ ਰਿਹਾ ਸੀ... ਉਹ ਸੋਚ ਰਿਹਾ ਸੀ ਕਿ ਇੰਨੀ ਮੁਸ਼ੱਕਤ ਨਾਲ ਕਿਵੇਂ ਤੀਸਰੀ ਮੰਜ਼ਲ ਤਕ ਪਹੁੰਚੇ ਕਰੇਗਾ ਰੋਜ਼ਾਨਾ।

ਉਹ ਹੌਲ਼ੀ-ਹੌਲ਼ੀ ਉਤਰਦਾ ਥੱਲੇ ਆ ਗਿਆ ਸੀ। ਉਥੋਂ ਇਕ ਆਟੋ ’ਤੇ ਬੈਠ ਕੇ ਬੱਸ ਸਟੈਂਡ ਵਲ ਚਲ ਪਿਆ ਸੀ। ਸਾਰੇ ਰਸਤੇ ’ਚ ਉਹ ਉਹਨੂੰ ਸਿੱਖ ਨਜ਼ਰ ਆ ਰਿਹਾ ਸੀ... ਸ਼ਾਇਦ ਉਹਨੂੰ ਕਿੰਨੀ ਮਜਬੂਰੀ ਹੋਵੇਗੀ ਕੰਮ ਕਰਨ ਦੀ... ਪਤਾ ਨਹੀਂ ਉਹਨੂੰ ਅੱਜ ਜੁਆਇੰਨਿੰਗ ਲੈਟਰ ਮਿਲੇਗਾ ਜਾਂ ਨਹੀਂ... ਉਹ ਉਹਦੇ ਲਈ ਅਰਦਾਸ ਕਰਨ ਲੱਗ ਪਿਆ।

ਅੱਜ ਔਫਿਸ ਦਾ ਪਹਿਲਾ ਦਿਨ ਸੀ ਦੁਪਹਿਰ ਦੋ ਵਜੇ ਤੋਂ ਰਾਤ ਦਸ ਵਜੇ ਤਕ ਉਨ੍ਹਾਂ ਦਾ ਦਫ਼ਤਰ ਖੁਲ੍ਹਦਾ ਸੀ। ਉਹ ਇਕ ਦਿਨ ਪਹਿਲਾਂ ਹੀ ਆਪਣਾ ਸਮਾਨ ਲੈ ਕੇ ਲੁਧਿਆਣਾ ਪਹੁੰਚ ਗਿਆ ਸੀ... ਉਹਨੂੰ ਜਾਪਿਆ ਕਿ ਲੁਧਿਆਣਾ ਦਾ ਭੀੜਾ-ਭੀੜਾ ਜਿਹਾ ਟ੍ਰੈਫ਼ਿਕ ਜਿਵੇਂ ਲੋਕਾਂ ਦੇ ਨੱਕ ’ਚ ਦਮ ਕਰ ਰਿਹਾ ਸੀ... ਗਰਮੀ ਦਾ ਮੌਸਮ ਹੋਣ ਕਾਰਨ ਸੜਕਾਂ ’ਤੇ ਉਡਦੀ ਧੂੜ ਨੇ ਗਰਮੀ ਨੂੰ ਹੋਰ ਭਖਾ ਦਿੱਤਾ ਸੀ ਤੇ ਜੇਬ ’ਚ ਪਏ ਰੁਮਾਲ ਤਾਂ ਮਿੱਟੀ ਵਰਗੇ ਹੀ ਹੋ ਰਹੇ ਸਨ... ਗਰਮੀ ’ਚ ਤੁਰਨਾ ਮੁਸ਼ਕਲ ਹੋ ਰਿਹਾ ਸੀ।

ਇੰਟਰਵਿਊ ਵਾਲੇ ਦਿਨ ਤਰ੍ਹਾਂ ਹੀ ਉਹ ਆਪਣੇ ਪਹਿਲੇ ਦਿਨ ਨੂੰ ਚੰਗਾ ਬਣਾਉਣ ਲਈ ਦਫ਼ਤਰ ’ਚ ਪਹੁੰਚ ਗਿਆ ਸੀ... ਰਿਸੈਪਸ਼ਨ ’ਤੇ ’ਸਤਿ ਸ੍ਰੀ ਅਕਾਲ’ ਬੁਲਾਉਣ ਉਪਰੰਤ ਉਹ ਰਿਸੈਪਸ਼ਨ ’ਤੇ ਬੈਠੀਆਂ ਕੁੜੀਆਂ ਵਲੋਂ ਦੱਸੇ ਅਨੁਸਾਰ ਆਪਣੇ ਕੰਮ ਵਾਲੇ ਕਮਰੇ ’ਚ ਐਂਟਰ ਕਰ ਗਿਆ ਸੀ। ਜਦੋਂ ਉਹ ਕਮਰੇ ਅੰਦਰ ਐਂਟਰ ਹੋਇਆ ਤਾਂ ਢੇਰ ਸਾਰੇ ਪਏ ਕੰਪਿਊਟਰਜ਼ ’ਤੇ ਬੈਠੇ ਮੁੰਡੇ ਕੁੜੀਆਂ ਨੂੰ ਦੇਖ ਕੇ ਉਹ ਹੱਕਾ-ਬੱਕਾ ਰਹਿ ਗਿਆ। ਆਸੇ ਪਾਸੇ ਦੇਖ ਕੇ ਉਹਦਾ ਦਿਲ ਘਬਰਾ ਜਿਹਾ ਗਿਆ... ਇਕ ਤਾਂ ਉਥੇ ਬਾਹਰਲੀ ਦੁਨੀਆਂ ਤੋਂ ਵੱਖਰਾ ਹੀ ਦ੍ਰਿਸ਼ ਸੀ... ਅੰਦਰ ਬੈਠੇ ਮੁੰਡੇ-ਕੁੜੀਆਂ ਤੇ ਕੁਝ ਅਧਖੜ ਉਮਰ ਦੇ ਵਿਅਕਤੀਆਂ ਨੂੰ ਵੇਖ ਕੇ ਉਹ ਦੰਗ ਜਿਹਾ ਰਹਿ ਗਿਆ... ਕੀ ਇਹ ਉਹੀ ਦਫ਼ਤਰ ਹੈ ਜਿਸ ’ਚ ਉਹਨੇ ਕੰਮ ਕਰਨਾ ਸੀ। ਇੰਨੇ ਨੂੰ ਉਥੇ ਮੈਨੇਜਰ ਵਜੋਂ ਕੰਮ ਕਰਦਾ ਵਿਅਕਤੀ ਉਹਦੇ ਕੋਲ ਆਇਆ ਤੇ ਉਹਨੇ ਇਕ ਹੋਰ ਸਹਾਇਕ ਕੋਲ ਬੈਠਾ ਕੇ ਉਸ ਨੂੰ ਕੰਮ ਸਬੰਧੀ ਜਾਣਕਾਰੀ ਦੇਣ ਲਈ ਕਿਹਾ। ਘੰਟਾ ਕੁ ਕਰੀਬ ਜਿੰਦਰ ਉਥੇ ਬੈਠਾ ਉਹਦੇ ਕੋਲੋਂ ਕੰਮ ਦੀਆਂ ਬਰੀਕੀਆਂ ਸਿੱਖਦਾ ਰਿਹਾ।

ਹੁਣ ਉਹਦੀ ਨਜ਼ਰ ’ਚ ਉਹ ਇੰਟਰਵਿਊ ਵਾਲਾ ਸਿੱਖ ਪੈ ਗਿਆ... ਉਹਨੇ ਆਪਣੇ ਨੇੜੇ ਬੈਠੇ ਸਹਾਇਕ ਕੋਲੋਂ ਉਸ ਬਾਰੇ ਪੁੱਛਣਾ ਚਾਹਿਆ।

“ਸਰ ਉਹ ਸਿੱਖ ਕੀ ਕੰਮ ਲੱਗਿਐ... ਉਹਨੇ ਮੇਰੇ ਨਾਲ ਈ ਇੰਟਰਵਿਊ ਦਿੱਤੀ ਸੀ...।” ਜਿੰਦਰ ਨੇ ਕਿਹਾ।

“ਉਹ ਮਨਦੀਪ ਸਿੰਘ ਆ... ਉਹਦੀ ਤੇਰੇ ਨਾਲ ਦੀ ਈ ਪੋਸਟ ਆ... ਕੱਲ੍ਹ ਨੂੰ ਉਹਦੇ ਨਾਲ ਈ ਬੈਠਣੈ... ਅੱਜ ਤੂੰ ਇਹ ਕੰਮ ਸਿੱਖ ਲੈ... ਕੱਲ੍ਹ ਨੂੰ ਮੈਂ ਤੇਰਾ ਸਾਰਿਆਂ ਨਾਲ ਪਰਿਚੈ ਕਰਵਾਊਂਗਾ ਤੇ ਤੂੰ ਆਪਣਾ ਕੰਮ ਸੰਭਾਲ ਲਵੀਂ।” ਸਹਾਇਕ ਨੇ ਉਹਨੂੰ ਦੱਸਿਆ।

“ਠੀਕ ਏ ਜੀ।” ਜਿੰਦਰ ਕਹਿ ਕੇ ਚੁੱਪ ਹੋ ਗਿਆ। ਸਹਾਇਕ ਉਹਨੂੰ ਕੰਮ ਦੀਆਂ ਹੋਰ ਬਰੀਕੀਆਂ ਸਬੰਧੀ ਜਾਣਕਾਰੀ ਦਿੰਦਾ ਰਿਹਾ। ਜਦੋਂ ਉਹਨੂੰ ‘ਚਾਹ-ਪਾਣੀ’ ਪੀਣ ਲਈ ਛੁੱਟੀ ਹੋਈ ਤਾਂ ਉਹ ਚੁੱਪਚਾਪ ਇਕੱਲਾ ਹੀ ਬਿਲਡਿੰਗ ਦੀ ਸਭ ਤੋਂ ਉਪਰਲੀ ਮੰਜ਼ਿਲ ਤਕ ਹੋ ਆਇਆ ਸੀ... ਕੋਈ ਜਾਣ ਪਛਾਣ ਨਾ ਹੋਣ ਕਾਰਨ ਉਹਨੂੰ ਥੱਲੇ ਦੀ ਦੁਨੀਆਂ ’ਚ ਵਿਚਰਨਾ ਔਖਾ ਜਿਹਾ ਮਹਿਸੂਸ ਹੋ ਰਿਹਾ ਸੀ।

ਥੋੜ੍ਹੀ ਦੇਰ ਉਪਰ ਹੋ ਆਉਣ ਉਪਰੰਤ ਚਾਹ-ਪਾਣੀ ਪੀਤਾ ਤੇ ਉਹ ਛੁੱਟੀ ਖ਼ਤਮ ਹੋਣ ਉਪਰੰਤ ਉਹ ਦਫ਼ਤਰ ਆ ਗਿਆ ਸੀ। ਹੇਠਾਂ ਫਿਰ ਉਹੀ ਕੰਮ ਸ਼ੁਰੂ ਹੋ ਗਿਆ ਸੀ। ਰਾਤ ਦੇ ਕਰੀਬ ਨੌਂ ਵਜ ਚੁੱਕੇ ਸਨ ਉਹ ਸਾਰਿਆਂ ਕੋਲ ਕੰਮ ਕਰੀਬ ਖ਼ਤਮ ਹੋ ਗਿਆ ਸੀ ਤੇ ਜਿਹੜੇ ਸਵੇਰ ਦੀ ਸ਼ਿਫ਼ਟ ’ਤੇ ਆਏ ਸਨ ਉਹ ਚਲੇ ਗਏ ਸਨ... ਤੇ ਹੁਣ ਤਾਂ ਚੁਣੀਂਦਾ ਹੀ ਵਿਅਕਤੀ ਰਹਿ ਗਏ।

“ਹੈਲੋ ਸਰਦਾਰ ਜੀ...।” ਜਿੰਦਰ ਮਨਦੀਪ ਵੱਲ ਅਹੁਲ ਪਿਆ ਸੀ ਉਹ ਉਹਦੇ ਨਾਲ ਹੀ ਤਾਂ ਸੀ... ਸਹਿਕਰਮੀ। ਉਹਨੇ ਸੋਚਿਆ ਕਿਉਂ ਨਾ ਅੱਜ ਹੀ ਕੋਈ ਯਾਰ ਬਣਾ ਲਿਆ ਜਾਵੇ।

“ਸੁਖਜਿੰਦਰ ਸਿੰਘ... ਵਾਹ ਜੀ ਵਾਹ... ਮੈਂ ਤੁਹਾਨੂੰ ਉਸ ਦਿਨ ਇੰਟਰਵਿਊ ’ਤੇ ਦੇਖਿਆ ਸੀ... ਤੁਸੀਂ ਚਾਹ ਵੇਲੇ ਉਪਰ ਦੀ ਚਲੇ ਗਏ... ਅਸੀਂ ਸੋਚਿਆ ਸੀ ਬਈ ਤੁਹਾਡੇ ਨਾਲ ਦੋਸਤੀ ਕਰਾਂਗੇ... ਇਕੱਠੇ ਗੱਲਾਂ ਕਰਾਂਗੇ... ਪਰ ਤੁਸੀਂ ਤਾਂ ਉਪਰ ਦੀ ਹੋ ਗਏ...।” ਉਹ ਅੱਗੇ ਢੇਰ ਸਾਰੀਆਂ ਗੱਲਾਂ ਨਾਲ ਸੰਬੋਧਿਤ ਹੋਇਆ।

“ਨਹੀਂ ਕੰਟੀਨ ’ਤੇ ਮੇਰਾ ਦਿਲ ਨਹੀਂ ਲੱਗਿਆ ਤੇ ਮੈਂ ਸੋਚਿਆ ਅੱਜ ਸਾਰੀ ਬਿਲਡਿੰਗ ਹੀ ਘੁੰਮ ਲਵਾਂ...।” ਜਿੰਦਰ ਬੋਲਿਆ। ਮਨਦੀਪ ਨੇ ਆਪਣੇ ਨਾਲ ਦੇ ਦੋਸਤਾਂ ਨਾਲ ਵੀ ਜਾਣ-ਪਛਾਣ ਕਰਵਾਈ ਤੇ ਕੁਝ ਗੱਲਾਂਬਾਤਾਂ ਉਪਰੰਤ ‘ਗੁਡ ਨਾਈਟ’ ਕਹਿੰਦੇ ਹੋਏ ਦਸ ਕੁ ਵਜੇ ਆਪੋ-ਆਪਦੇ ਕਮਰਿਆਂ ਨੂੰ ਰਵਾਨਾ ਹੋ ਗਏ।

ਲੁਧਿਆਣੇ ਦੇ ਨਜ਼ਦੀਕ ਮੰਡੀ ਅਹਿਮਦਗੜ੍ਹ ਦੇ ਨੇੜਲੇ ਪਿੰਡ ਛਪਾਰ ਵਿਚ, ਭਾਦਰੋਂ ਸੁਦੀ ਚੌਦਾਂ ਨੂੰ ਲਗਦੇ ਮੇਲੇ ਦਾ ਦਿਨ ਆ ਗਿਆ ਸੀ। ਜਿੱਥੇ ਕਿ ਪਿੰਡ ਦੀ ਦੱਖਣੀ ਗੁੱਠੇ ਪੀਰ ਦੀ ਇਕ ਮਾੜੀ ਹੈ ਅਤੇ ਮੇਲੇ ’ਚ ਗੁੱਗੇ ਦੇ ਭਗਤਾ ਤੋਂ ਇਲਾਵਾ ਆਮ ਲੋਕ ਹੁੰਮ ਹੁੰਮਾ ਕੇ ਪਹੁੰਚਦੇ। ਇਸ ਵਾਰ ਜਿੰਦਰ ਦੇ ਦੋਸਤਾਂ ਦੀ ਢਾਣੀ ਨੇ ਇਸ ਛਪਾਰ ਦੇ ਮੇਲੇ ’ਚ ਜਾਣ ਦਾ ਪ੍ਰੋਗਰਾਮ ਬਣਾ ਲਿਆ। ਛਪਾਰ ਦਾ ਮੇਲਾ ਮੰਨਿਆ-ਪ੍ਰਮੰਨਿਆ ਮੇਲਾ ਹੈ ਜਿਸ ਦੀਆਂ ਰੌਣਕਾਂ ਦੇਖਣਯੋਗ ਬਣਦੀਆਂ ਹਨ। ਜਿਥੇ ਸਿਆਸੀ ਨੇਤਾਵਾਂ ਵਲੋਂ ਵੀ ਆਪੇ ਵੋਟਰਾਂ ਨੂੰ ਲੁਭਾਉਣ ਲਈ ਕਈ ਤਰ੍ਹਾਂ ਦੀਆਂ ਫੁਲਝੜੀਆਂ ਛੱਡ ਕੇ ਆਪਣੇ ਹੱਕ ’ਚ ਭੁਗਤਣ ਲਈ ਰਾਜ਼ੀ ਕੀਤਾ ਜਾਂਦਾ ਹੈ। ਛਪਾਰ ਦੇ ਮੇਲੇ ’ਚ ਲੱਗੀਆਂ ਰੌਣਕਾਂ ਦੇਖਣ ਲਈ ਹੀ ਉਹ ਮੇਲੇ ਵਾਲੇ ਦਿਨ ਰਾਤ ਨੂੰ ਦਸ ਵਜੇ ਛੁੱਟੀ ਉਪਰੰਤ ਚੱਲ ਪਏ... ਉਨ੍ਹਾਂ ਸਾਰਿਆਂ ’ਚੋਂ ਕੇਵਲ ਇਕ-ਦੋ ਨੂੰ ਹੀ ਰਸਤਾ ਪਤਾ ਸੀ... ਉਹ ਅੱਗੇ ਮੋਟਰਸਾਈਕਲ ’ਤੇ ਤੇ ਜਿੰਦਰ ਤੇ ਹੋਰ ਦੋਸਤ ਉਨ੍ਹਾਂ ਦੇ ਪਿੱਛੇ-ਪਿੱਛੇ। ਜਦੋਂ ਕੁਝ ਉਹ ਅੱਗੇ ਮੋਟਰਸਾਈਕਲ ’ਤੇ ਨਿਕਲ ਜਾਂਦੇ ਤਾਂ ਉਹ ਦੋਸਤ ਫਿਰ ਰੁਕ ਜਾਂਦੇ... ਮਨਦੀਪ ਨੇ ਆਪਣਾ ਖ਼ੁਦ ਮੋਟਰਸਾਈਕਲ ਚਲਾਇਆ ਜਿਸਦੇ ਮੋਟਰਸਾਈਕਲ ਦੇ ਪਿਛਲੇ ਟਾਇਰ ਦੇ ਦੋਨੋਂ ਪਾਸੇ ਲੱਗੇ ਛੋਟੇ-ਛੋਟੇ ਟਾਇਰਾਂ ਕਾਰਨ ਉਹਦਾ ਮੋਟਰਸਾਈਕਲ ਕੁਝ ਘਟ ਸਪੀਡ ਨਾਲ ਹੀ ਚਲਦਾ। ਸਾਰੇ ਉਹਦੇ ਅੱਗੇ-ਪਿੱਛੇ ਮੋਟਰਸਾਈਕਲ ਲਗਾ ਕੇ ਸੜਕੇ-ਸੜਕੇ ਚਲਦੇ ਰਹੇ।

ਮੰਡੀ ਗੋਬਿੰਦਗੜ੍ਹ ਪਹੁੰਚਣ ਤੋਂ ਉਪਰੰਤ ਉਹ ਛਪਾਰ ਦੇ ਮੇਲੇ ਵਾਲੀ ਜਗ੍ਹਾ ਜਾ ਪਹੁੰਚੇ। ਮੇਲੇ ’ਚ ਰਾਤ ਨੂੰ ਲੱਗੀ ਭੀੜ ਨੂੰ ਜਿੰਦਰ ਨੇ ਹੈਰਾਨ ਹਰ ਦਿੱਤਾ।

“ਯਾਰ ਇੰਨੀ ਭੀੜ ਉਹ ਵੀ ਗਿਆਰਾਂ ਕੁ ਵਜੇ... ਉਹ ਹੋ...।” ਉਹ ਅਚੰਭਿਤ ਹੋ ਗਿਆ ਸੀ।

“ਇਥੇ ਤਾਂ ਇਵੇਂ ਹੀ ਭੀੜ ਹੁੰਦੀ ਏ ਭਾਵੇਂ ਸ਼ਾਮ ਹੋਵੇ... ਭਾਵੇਂ ਸਵੇਰਾ... ਤੇ ਭਾਵੇਂ ਰਾਤ ਬਾਰਾਂ ਵੀ ਵੱਜੇ ਹੋਣ... ਆ ਜਾ... ਤੈਨੂੰ ਦਿਖਾਉਣੇ ਆਂ ਗਵੱਈਏ...।” ਮਨਦੀਪ ਦੇ ਨਾਲ ਆਏ ਇਕ ਦੋਸਤ ਨੇ ਕਿਹਾ। ਮੇਲੇ ’ਚ ਪਹੁੰਚ ਕੇ ਦੇਖਿਆ ਤਾਂ ਉਥੇ ਰੰਗ ਬਰੰਗੀਆਂ ਰੋਸ਼ਨੀਆਂ, ਸਜੀਆਂ ਦੁਕਾਨਾਂ ਨੇ ਰੌਣਕਾਂ ਹੀ ਬਿਖੇਰ ਦਿੱਤੀਆਂ। ਉਨ੍ਹਾਂ ਕੁਝ ਖਾਣ ਪੀਣ ਕੀਤਾ ਤੇ ਮੇਲੇ ਦੇ ਨਾਲ ਲਗਦੇ ਗਰਾਊਂਡ ’ਚ ਉੱਚੀ-ਉੱਚੀ ਗਾ ਰਹੇ ਗਾਉਣਾਂ ਦੀ ਆਵਾਜ਼ ਸੁਣ ਕੇ ਉਧਰ ਨੂੰ ਚਲ ਪਏ।

ਇਕ ਜਗ੍ਹਾ ’ਤੇ ਦੋ, ਤਿੰਨ-ਤਿੰਨ ਆਮ ਜਿਹੇ ਕਲਾਕਾਰ ਆਪਣੀਆਂ ਸਿੱਧ-ਪੱਧਰੀਆਂ ਗੱਲਾਂ ਤੇ ਗੌਣਾਂ ਨਾਲ ਲੋਕਾਂ ਦਾ ਮਨੋਰੰਜਨ ਕਰਨ ’ਚ ਜੁਟੇ ਹੋਏ ਸਨ। ਜਿੰਦਰ ਤੇ ਮਨਦੀਪ ਵੀ ਉਸ ਜੁੰਡਲੀ ’ਚ ਇਕੱਠੇ ਹੋ ਗਏ।

ਅਜੇ ਥੋੜ੍ਹਾ ਚਿਰ ਹੀ ਉਨ੍ਹਾਂ ਨੂੰ ਉਥੇ ਖੜ੍ਹਿਆਂ ਹੋਇਆ ਸੀ ਕਿ ਦੂਸਰੇ ਪਾਸੇ ਇਕ ਹੋਰ ਗਵੱਈਏ ਨੇ ਰੰਗ ਬੰਨ੍ਹਣਾ ਸ਼ੁਰੂ ਕਰ ਦਿੱਤਾ। ਆਪਣੀ ਤੁਕਬੰਦੀ ਨਾਲ ਉਹਨੇ ਭੀੜ ਨੂੰ ਆਪਣੇ ਵੱਲ ਆਕਰਸ਼ਿਤ ਕਰ ਲਿਆ। ਜਿੰਦਰ ਦਾ ਕੱਦ ਭਾਵੇਂ ਸਾਢੇ ਪੰਜ ਫੁੱਟ ਦੇ ਕਰੀਬ ਸੀ ਪਰ ਉਸ ਨੂੰ ਦੇਖਣ ਨੂੰ ਬੜੀ ਮੁਸ਼ਕਲ ਆ ਰਹੀ ਸੀ। ਉਸ ਨੇ ਸੋਚਿਆ ਕਿ ਮਨਦੀਪ ਨਾਲ ਉਹ ਪਿੱਛੇ ਜਾ ਕੇ ਦੇਖੇਗਾ ਕਿਉਂਕਿ ਉਹਨੂੰ ਵੀ ਇਸ ਭੀੜ ’ਚ ਕਿੱਥੇ ਦੇਖਿਆ ਜਾਂ ਸੁਣਿਆ ਜਾਣਾ ਸੀ। ਉਹਨੇ ਜਦੋਂ ਮਨਦੀਪ ਵੱਲ ਨਜ਼ਰ ਮਾਰੀ ਤਾਂ ਉਹ ਆਪਣੇ ਮੋਟਰਸਾਈਕਲ ’ਤੇ ਸੋਟੀ ਸਹਾਰੇ ਖੜ੍ਹਾ ਹੋਇਆ ਉੱਚੀ-ਉੱਚੀ ਰੌਲਾ ਪਾ ਕੇ ਤੁਕਬੰਦੀ ਨਾ ਨਜ਼ਾਰਾ ਮਾਣ ਰਿਹਾ ਸੀ। ਜਿੰਦਰ ਨੂੰ ਇੰਝ ਮਹਿਸੂਸ ਹੋਇਆ ਕਿ ਪਰਮਾਤਮਾ ਨੇ ਉਸਨੂੰ ਹੁਣ ਅਧੂਰਾ ਨਹੀਂ ਬਲਕਿ ਪੂਰਾ ਬਣਾ ਦਿੱਤਾ ਹੋਵੇ ਤੇ ਉਸਨੂੰ ਖ਼ੁਦ ਅਧੂਰਾ ਜਿਹਾ ਜਾਪਣ ਲੱਗ ਪਿਆ। ਉਹ ਹੁਣ ਉਹਦੇ ਨਾਲ ਹੀ ਮੋਟਰਸਾਈਕਲ ’ਤੇ ਚੜ੍ਹਨ ਲਈ ਭੀੜ ’ਚੋਂ ਘੁਸਰ-ਮੁਸਰ ਕਰਨ ਲੱਗ ਪਿਆ।


# ਕਾਂਬੜੀਆਂ ਦੀ ਸੇਵਾ ਤੇ ਰਹਿਣ ਸਹਿਣ ਲਈ ਸਿਵਰਾਤਰੀ ਮੌਕੇ ਲਾਇਆ ਜਾਵੇਗਾ ਕਾਂਬੜ ਸਿਵਿਰ -ਰਮਨ ਵਰਮਾ

ਧਨੌਲਾ ਮੰਡੀ , ਸੰਜੀਵ ਗਰਗ ਕਾਲੀ :- ਸਿਵਰਾਤਰੀ ਮੌਕੇ ਕਾਂਬੜੀਆਂ ਦੀ ਸੇਵਾ ਲਈ ਰਹਿਣ, ਸਹਿਣ ਤੇ ਖਾਣ ਪੀਣ ਲਈ ਲਧਨੌਲਾ ਦੇ ਸਿਵ ਭਗਤਾ ਵੱਲੋਂ ਤਿਆਰੀਆਂ ਸੁਰੂ ਕਰ ਦਿੱਤੀਆ ਹਨ। ਧਨੌਲਾ ਦੇ ਸਮੂਹ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਵਪਾਰ ਮੰਡਲ ਧਨੌਲਾ ਦੇ ਪ੍ਰਧਾਨ ਰਮਨ ਵਰਮਾ ਨੇ ਦੱਸਿਆ ਕਿ ਕਾਂਬੜ ਲੇ ਕੇ ਆ ਰਹੇ ਕਾਂਬੜੀਆਂ ਲਈ ਗਊਸਾਲਾ ਵਿੱਚ 29 ਜੁਲਾਈ ਤੋਂ 2 ਅਗਸਤ ਤੱਕ ਸਿਵਰ ਲਗਾਇਆ ਕੀਤਾ ਜਾ ਰਿਹਾ ਹੈ ਜਿਸ ’ਚ ਸ੍ਰੀ ਹਰਿਦੁਆਰ ਤੋਂ ਗੰਗਾ ਜਲ ਲੈ ਕੇ ਪੈਦਲ ਵਾਪਸ ਪਰਤਣ ਵਾਲੇ ਕਾਂਵੜ ਯਾਤਰੀਆਂ ਲਈ ਅਤੁੱਟ ਲੰਗਰ ਲਾਏ ਜਾਣਗੇ . ਅਤੇ ਕਾਵੜ ਯਾਤਰੀਆਂ ਦੇ ਆਰਾਮ ਕਰਨ ਅਤੇ ਰਹਿਣ ਦਾ ਪ੍ਰਬੰਧ, ਨਹਾਉਣ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਤੇ ਪ੍ਰੈਸ ਕਲੱਬ ਦੇ ਮੈਂਬਰ ਤੇ ਕਾਂਬੜ ਸੇਵਾ ਕਲੱਬ ਦੇ ਮੈਂਬਰ ਮੌਜੂਦ ਸਨ।



# ਮਸ਼ੀਨ ਜੋ ਖੇਤ ਵਿੱਚ ਵੜ੍ਹੇ ਜਾਨਵਰਾਂ ਬਾਰੇ ਘਰ ਬੈਠੇ ਕਿਸਾਨਾਂ ਨੂੰ ਸੁਚੇਤ ਕਰ ਦਿੰਦੀ ਹੈ

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਬਾਘ ਦੇਖੇ ਜਾਣ ਦੀਆਂ ਵੀਡੀਓ ਸੋਸ਼ਲ ਮੀਡੀਆ ਉੱਤੇ ਸ਼ੇਅਰ ਕੀਤੀਆਂ ਜਾ ਰਹੀਆਂ ਹਨ। ਦੂਜੇ ਪਾਸੇ ਏਆਈ ਦੀ ਵਰਤੋਂ ਜੀਵਨ ਦੇ ਲਗਭਗ ਹਰ ਖੇਤਰ ਵਿੱਚ ਹੋਣ ਲੱਗੀ। ਪਿਛਲੇ ਸਮੇਂ ਦੇ ਦੌਰਾਨ ਮਨੁੱਖ ਅਤੇ ਜੰਗਲੀ ਜੀਵਾਂ ਦੇ ਟਕਰਾਅ ਦੀਆਂ ਘਟਨਾਵਾਂ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ। ਜੰਗਲੀ ਜੀਵਾਂ ਦੇ ਨਿਵਾਸ, ਜੰਗਲਾਂ ਦੀ ਕਟਾਈ ਇਸਦਾ ਪ੍ਰਮੁੱਖ ਕਾਰਨ ਹੈ। ਕੀ ਏਆਈ ਇਸ ਸਮੱਸਿਆ ਦਾ ਹੱਲ ਕਰ ਸਕਦੀ ਹੈ? ਇਸ ਸਵਾਲ ਦੇ ਜਵਾਬ "ਮੈਂ ਆਪਣੀ ਕਾਰ ਖੇਤਾਂ ਵਿੱਚ ਪਾ ਲਈ ਕਿਉਂਕਿ ਬਾਘ ਮੇਰਾ ਪਿੱਛਾ ਕਰ ਰਿਹਾ ਸੀ। ਕਾਰ ਡਿੱਗ ਗਈ। ਪਿੱਛੇ ਮੁੜ ਕੇ ਦੇਖਿਆ ਤਾਂ ਬਾਘ ਹਮਲਾ ਕਰਨ ਲਈ ਤਿਆਰ ਸੀ। ਮੈਂ ਚੀਖਿਆ.. ਮੈਂ ਆਪਣੀ ਮਾਂ ਨੂੰ ਪੁਕ-ਾਰਿਆ... ਫਿਰ ਉਹ ਭੱਜ ਗਿਆ।" ਜਦੋਂ ਜਨਵਰੀ ਵਿੱਚ ਚੀਤੇ ਨਾਲ ਹੋਏ ਸਾਹਮਣੇ ਬਾਰੇ ਦੱਸਦੇ ਹਨ ਤਾਂ ਮਹਾਰਾਸ਼ਟਰ ਬੋਰੀ ਪਿੰਡ ਦੇ ਰਿਸ਼ੀ ਕੋਰਡੇ ਦੀ ਜਾਨ ਅਜੇ ਵੀ ਸੰਘ ਵਿੱਚ ਅਟਕ ਜਾਂਦੀ ਹੈ। ਜੇ ਬਾਘ ਵਾਪਸ ਨਾ ਮੁੜਦਾ ਤਾਂ ਕੋਰਡੇ ਵੀ ਆਪਣੇ ਇਲਾਕੇ ਵਿੱਚ ਬਾਘ ਦਾ ਸ਼ਿਕਾਰ ਬਣਨ ਵਾਲੇ ਚਾਰ ਹੋਰ ਜਣਿਆਂ ਵਿੱਚ ਸ਼ਾਮਲ ਹੋ ਜਾਂਦੇ। ਪਿਛਲੇ ਪੰਜ ਸਾਲਾਂ ਦੌਰਾਨ ਦੇਸ ਭਰ ਵਿੱਚ 5,5104 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਹ ਲੋਕ ਆਪਣੇ ਘਰਾਂ ਤੋਂ ਦੂਰ ਨਹੀਂ ਸਨ। ਲੇਕਿਨ ਅੱਜ ਰਿਸ਼ੀ ਕੋਰਡੇ ਨੂੰ ਉਸੇ ਰਾਹ ਉੱਤੇ ਜਾਣ ਸਮੇਂ ਡਰ ਨਹੀਂ ਲਗਦਾ। ਇਸਦੀ ਵਜ੍ਹਾ ਇਹ ਹੈ ਕਿ ਜੇ ਆਸ ਪਾਸ ਬਾਘ ਹੋਵੇਗਾ ਤਾਂ ਇਸਦੀ ਸੂਚਨਾ ਰਿਸ਼ੀ ਨੂੰ ਤੁਰੰਤ ਹੀ ਮਿਲ ਜਾਵੇਗੀ। ਇਹ ਸੰਭਵ ਹੋ ਸਕਿਆ ਹੈ, ਮਸਨੂਈ ਬੁੱਧੀ ਜਾਣੀ ਆਰਟੀ-ਫਿਸ਼ੀਅਲ ਇੰਟੈਲੀਜੈਂਸ ਦੀ ਮਦਦ ਸਕਦਾ।





ਕਲਪਨਾ ਢਾਂਡੇ (50) ਸੀਤਾਰਾਮਪੇਠ ਦੀ ਵਾਸੀ ਹਨ ਅਤੇ ਤਬੋਦਾ ਬਾਘ ਰੱਖ ਦੇ ਕੋਲ ਰਹਿੰਦੇ ਹਨ। ਉਹ ਦੱਸਦੇ ਹਨ, "ਮੇਰੀ ਬੇਟੀ ਦੇ ਵਿਆਹ ਵਿੱਚ ਡੇਢ ਮਹੀਨਾ ਰਹਿੰਦਾ ਸੀ ਜਦੋਂ ਮੇਰੇ ਪਤੀ ਜੰਗਲ ਵਿੱਚ ਬੇਲ ਪੱਤਰ ਇਕੱਠੇ ਕਰਨ ਗਏ ਸਨ। ਲੇਕਿਨ ਕਾਫੀ ਸਮਾਂ ਲੰਘ ਜਾਣ ਮਗਰੋਂ ਵੀ ਜਦੋਂ ਉਹ ਵਾਪਸ ਨਾ ਆਏ ਤਾਂ ਭਾਲ ਸ਼ੁਰੂ ਕੀਤੀ ਗਈ। ਪਤਾ ਲੱਗਿਆ ਕਿ ਬਾਘ ਉਨ੍ਹਾਂ ਨੂੰ ਜੰਗਲ ਵਿੱਚ ਘੜੀਸ ਕੇ ਲੈ ਗਿਆ ਸੀ।" ਛੇ ਸਾਲ ਪਹਿਲਾਂ, ਉਨ੍ਹਾਂ ਦੇ ਪਤੀ ਗੁਲਾਬ ਰਾਓ ਢਾਂਡੇ ਦੀ ਇੱਕ ਬਾਘ ਦੇ ਹਮਲੇ ਵਿੱਚ ਮੌਤ ਹੋ ਗਈ ਸੀ। ਦੋ ਸਾਲ ਦੇ ਅੰਦਰ ਹੀ ਮੇਰੇ ਜੇਠ ਉੱਤੇ ਬਾਘ ਨੇ ਹਮਲਾ ਕਰ ਦਿੱਤਾ। ਆਪਣੇ ਜਮਾਈ ਅਤੇ ਦੋ ਧੀਆਂ ਨਾਲ ਮਜ਼ਦੂਰ ਵਜੋਂ ਕੰਮ ਕਰਦੇ ਸਨ।

ਬਾਘ ਅਤੇ ਚੀਤਿਆਂ ਦੇ ਵਸੇਬਿਆਂ ਦੇ ਨਜ਼ਦੀਕ ਰਹਿਣ ਵਾਲੇ ਕਿਸੇ ਵੀ ਵਿਅਕਤੀ ਲਈ ਜ਼ਿੰਦਗੀ ਕਿਸੇ ਮੁਹਿੰਮ ਤੋਂ ਘੱਟ ਨਹੀਂ ਹੈ। ਕਈ ਥਾਵਾਂ ਉੱਤੇ ਲੋਕ ਮਾਰੇ ਗਏ ਹਨ ਤਾਂ ਕਈ ਥਾਵਾਂ ਉੱਤੇ ਜਾਨਵਰ ਮਨੁੱਖ ਦਾ ਸ਼ਿਕਾਰ ਬਣੇ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਆਂਕੜਿਆਂ ਮੁਤਾਬਕ ਸਾਲ 2022 ਵਿੱਚ 0.3 ਫੀਸਦੀ ਮੌਤਾਂ ਜੰਗਲੀ ਜੀਵਾਂ ਦੇ ਹਮਲਿਆਂ ਕਾਰਨ ਹੋਈਆਂ ਸਨ।

### 'ਜਾਨਵਰ ਡਰ ਕਾਰਨ ਹਮਲਾ ਕਰਦੇ ਹਨ'

ਸਾਲ 2022 ਵਿੱਚ ਬਾਘ ਦੇ ਹਮਲਿਆਂ ਵਿੱਚ 104 ਜਣਿਆਂ ਦੀ ਜਾਨ ਗਈ ਸੀ। ਇਨ੍ਹਾਂ ਵਿੱਚੋਂ 52 ਮੌਤਾਂ ਸਿਰਫ਼ ਚੰਦਰਪੁਰ ਜ਼ਿਲ੍ਹੇ ਵਿੱਚ ਹੋਈਆਂ ਸਨ। ਕੇਂਦਰ ਸਰਕਾਰ ਵੱਲੋਂ ਲੋਕ ਸਭਾ ਵਿੱਚ ਪੇਸ਼ ਆਂਕੜਿਆਂ ਮੁਤਾਬਕ ਜੰਗਲੀ ਜੀਵਾਂ ਦੇ ਹਮਲਿਆਂ ਵਿੱਚ ਹੋਈਆਂ ਮੌਤਾਂ ਦਾ ਸੂਬੇਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ—

ਕਰਨਾਟਕ— 1
ਮੱਧ ਪ੍ਰਦੇਸ਼ – 2
ਉੱਤਰ ਪ੍ਰਦੇਸ਼— 11
ਉੱਤਰਾਖੰਡ— 3
ਪੱਛਮੀ ਬੰਗਾਲ— 1
ਮਹਾਰਾਸ਼ਟਰ— 85

ਤਬੋਦਾ ਬਾਘ ਰੱਖ 622.87 ਵਰਗ ਕਿੱਲੋਮੀਟਰ ਵਿੱਚ ਫੈਲੀ ਹੋਈ ਹੈ। ਵਰਤਮਾਨ ਵਿੱਚ ਇੱਥੇ ਵੱਡੇ-ਛੋਟੇ, ਨਰ-ਮਾਦਾ ਸਾਰੇ ਮਿਲਾ ਕੇ 93 ਬਾਘ ਹਨ।

ਤਬੋਦਾ ਅੰਧੇਰੀ ਬਾਘ ਰੱਖ ਦੇ ਬਫਰ ਜ਼ੋਨ ਦੇ ਡਿਪਟੀ ਡਾਇਰੈਕਟਰ ਕੁਸ਼ਗਾਰਾ ਪਾਠਕ ਦਾ ਕਹਿਣਾ ਹੈ, "ਚਾਂਦਪੁਰ ਜ਼ਿਲ੍ਹੇ ਵਿੱਚ ਮਨੁੱਖੀ-ਜੀਵ ਟਕਰਾਅ ਸਭ ਤੋਂ ਜ਼ਿਆਦਾ ਹੁੰਦਾ ਹੈ। ਜਦੋਂ ਅਸੀਂ ਅਧਿਐਨ ਕੀਤਾ ਤਾਂ ਦੇਖਿਆ ਕਿ ਇੱਥੇ ਬਾਘਾਂ ਦੀ ਗਿਣਤੀ ਵਧ ਰਹੀ ਹੈ। ਨਤੀਜੇ ਵਜੋਂ ਬਾਘ ਜੰਗਲ ਤੋਂ ਬਾਹਰ ਆ ਰਹੇ ਹਨ। ਜਦੋਂ ਉਹ ਜੰਗਲ ਦੇ ਕੋਲ ਟਹਿਲ ਰਹੇ ਲੋਕਾਂ ਨੂੰ ਦੇਖਦੇ ਹਨ ਤਾਂ ਉਨ੍ਹਾਂ ਦਾ ਟਕਰਾਅ ਹੋ ਜਾਂਦਾ ਹੈ ਅਤੇ ਉਹ ਹਮਲਾ ਕਰ ਦਿੰਦੇ ਹਨ।"

ਤਬੋਦਾ ਜੰਗਲ ਦਾ ਹਿੱਸਾ ਹੈ। ਲੇਕਿਨ ਜੁਨਾਰ ਦੀ ਸਮੱਸਿਆ ਜ਼ਿਆਦਾ ਪੇਚੀਦਾ ਹੈ। ਇੱਥੇ ਬਾਘ ਮਨੁੱਖੀ ਬਸਤੀ ਦੇ ਵਿੱਚ ਰਹਿੰਦੇ ਹਨ। ਪਿਛਲੇ ਪੰਜ ਸਾਲਾਂ ਦੌਰਾਨ 40 ਇੱਥੇ ਬਾਘ ਦੇ ਹਮਲੇ ਕਾਰਨ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦੇ 40 ਮਾਮਲੇ ਸਾਹਮਣੇ ਆਏ ਹਨ, ਅਤੇ 16 ਮੌਤਾਂ ਹੋਈਆਂ ਹਨ। ਭਾਰਤੀ ਜੰਗਲੀ ਜੀਵ ਸੰਸਥਾਨ ਵੱਲੋਂ ਕੀਤੇ ਇੱਕ ਅਧਿਐਨ ਇੱਥੇ ਪ੍ਰਤੀ 100 ਵਰਗ ਮੀਟਰ ਦੇ ਘੇਰੇ ਵਿੱਚ ਕਿਸੇ ਵੀ ਸਮੇਂ 6-7 ਬਾਘ ਪਾਏ ਜਾਂਦੇ ਹਨ।

ਇਹ ਇੱਕ ਜੰਗਲ ਦੇ ਖੇਤਰ ਜਿੰਨਾ ਹੈ। ਇਸ ਦੇ ਮੱਦੇ ਨਜ਼ਰ ਸਰਕਾਰ ਨੇ ਇਸ ਨੂੰ ਚੀਤੇ ਦੇ ਹਮਲੇ ਦਾ ਸੰਭਾਵਿਤ ਖੇਤਰ ਐਲਾਨ ਕੀਤਾ ਹੈ। ਜਦਕਿ 233 ਪਿੰਡਾਂ ਨੂੰ ਅਤੀ- ਸੰਵੇਦਨਸ਼ੀਲ ਮੰਨੇ ਗਏ ਹਨ। ਜੁਨਾਰ ਦੇ ਡਿਪਟੀ ਕੰਜ਼ਰਵੇਟਰ ਆਫ ਫਾਰਸੈਟਸ ਅਮੋਲ ਸਤਪੁਤੇ ਮੁਤਾਬਕ ਸੋਕਾ ਵੀ ਇਸ ਵਧਦੇ ਜਾ ਰਹੇ ਟਕਰਾਅ ਦੀ ਇੱਕ ਹੋਰ ਵਜ੍ਹਾ ਹੈ। ਉਹ ਕਹਿੰਦੇ ਹਨ, "70 ਤੋਂ 80 ਫੀਸਦੀ ਬਾਘ ਇੱਥੇ ਮਨੁੱਖੀ ਬਸਤੀ ਵਿੱਚ ਰਹਿੰਦੇ ਹਨ। ਉਹ ਗੰਨੇ ਦੇ ਖੇਤਾਂ ਵਿੱਚ ਰਹਿੰਦੇ ਹਨ। ਪਿਛਲੇ ਤਿੰਨ ਮਹੀਨਿਆਂ ਦੌਰਾਨ ਮਨੁੱਖਾਂ ਉੱਤੇ ਹਮਲੇ ਵਧੇ ਹਨ। ਜੁਨਾਰ ਤਾਲੁਕੇ ਵਿੱਚ ਛੇ ਹਮਲੇ ਹੋਏ ਹਨ। ਹੌਟ ਸਪਾਟ ਵਾਲੇ ਖੇਤਰਾਂ ਵਿੱਚ ਤਾਂ ਚਾਰ ਮੌਤਾਂ ਹੋਈਆਂ ਹਨ। ਅਸੀਂ ਪਾਣੀ ਦੀ ਕਮੀ ਅਤੇ ਸੋਕੇ ਨੂੰ ਕਾਰਨਾਂ ਵਜੋਂ ਦੇਖ ਰਹੇ ਹਾਂ।" ਪਾਠਕ ਕਹਿੰਦੇ ਹਨ ਕਿ ਜਦੋਂ ਅਸੀਂ ਇਸਦੇ ਹੱਲ ਬਾਰੇ ਵਿਚਾਰ ਕਰ ਹੀ ਰਹੇ ਸੀ ਤਾਂ ਸਾਡਾ ਧਿਆਨ ਆਰਟੀਫਿਸ਼ੀਅਲ ਇੰਟੈਲੀਜੈਂਸ ਵੱਲ ਗਿਆ।

ਉਹ ਦੱਸਦੇ ਹਨ, "ਅਸੀਂ ਇੱਕ ਲੇਖ ਵਿੱਚ ਪੜ੍ਹਿਆ ਸੀ ਕਿ ਏਆਈ ਹਵਾਈ ਅੱਡੇ ਉੱਤੇ ਕਿਸੇ ਵਿਅਕਤੀ ਨੂੰ ਉਸਦੀ ਤੋਰ ਤੋਂ ਪਛਾਣ ਸਕਦੀ ਹੈ। ਬਾਘਾਂ ਦੀ ਵੀ ਇੱਕ ਖ਼ਾਸ ਤੋਰ ਹੈ। ਇਸੇ ਤੋਂ ਖੋਜ ਸ਼ੁਰੂ ਹੋਈ ਅਤੇ ਪ੍ਰਣਾਲੀ ਵਿਕਸਿਤ ਕੀਤੀ ਗਈ।" ਉਹ ਅੱਗੇ ਦੱਸਦੇ ਹਨ, ਪਹਿਲਾ ਉਪਕਰਣ ਮਾਰਚ 2023 ਵਿੱਚ ਲਾਇਆ ਗਿਆ। ਬਿਨਾਂ ਸ਼ੱਕ ਬਿਜਲੀ ਨਾ ਹੋਣ ਵਰਗੀਆਂ ਕਈ ਚੁਣੌਤੀਆਂ ਸਨ। ਚੇਤਵਾਨੀ ਮਿਲਣ ਵਿੱਚ 10-15 ਸਕਿੰਟ ਦੀ ਦੇਰੀ ਹੋ ਜਾਂਦੀ ਸੀ। ਹੁਣ ਚੇਤਾਵਨੀ ਤਿੰਨ ਸਕਿੰਟਾਂ ਵਿੱਚ ਆ ਜਾਂਦੀ ਹੈ। ਹੁਣ ਇਹ ਪ੍ਰਣਾਲੀ ਤਬੋਦਾ ਦੇ ਆਲੇ-ਦੁਆਲੇ ਸੱਤ ਪਿੰਡਾਂ ਵਿੱਚ ਲਾ ਦਿੱਤੀ ਗਈ ਹੈ।"

### ਚੇਤਾਵਨੀ ਪ੍ਰਣਾਲੀ ਕੰਮ ਕਿਵੇਂ ਕਰਦੀ ਹੈ?

ਉਪਕਰਣ ਲਾਉਣ ਲਈ ਪਹਿਲਾਂ ਜੰਗਲਾਤ ਵਿਭਾਗ ਨੇ ਹੌਟ ਸਪੌਟ ਲੱਭੇ। ਹੌਟ ਸਪੌਟ ਉਹ ਥਾਂ ਹੁੰਦੀ ਹੈ ਜਿੱਥੇ ਬਾਕੀ ਥਾਵਾਂ ਨਾਲੋਂ ਜ਼ਿਆਦਾ ਵਾਰ ਕਿਸੇ ਵਿਸ਼ੇਸ਼ ਜਾਨਵਰ ਨੂੰ ਦੇਖਿਆ ਗਿਆ ਹੋਵੇ। ਫਿਰ ਇੱਥੇ ਖੰਭੇ ਉੱਤੇ ਬਿਜਲੀ ਜਾਂ ਸੋਲਰ ਊਰਜਾ ਵਾਲਾ ਸਮਾਰਟ ਕੈਮਰਾ ਲਾਇਆ ਗਿਆ। ਕੈਮਰਾ ਉੱਥੋਂ ਨਜ਼ਰ ਆਉਣ ਵਾਲੇ ਜਾਨਵਰਾਂ ਦੀ ਤਸਵੀਰ ਲੈਂਦਾ ਹੈ। ਇਹ ਤਸਵੀਰਾਂ ਇੰਟਰਨੈਟ ਰਾਹੀਂ ਕਲਾਊਡ ਉੱਤੇ ਭੇਜੀਆਂ ਜਾਂਦੀਆਂ ਹਨ। ਜਾਨਵਰਾਂ ਦਾ ਵਰਗੀਕਰਣ ਕਰਨ ਵਾਲੀ ਇੱਕ ਅਲੌਗਰਿਦਮ ਇਨ੍ਹਾਂ ਤਸਵੀਰਾਂ ਨੂੰ ਦੇਖਦੀ ਹੈ। ਜੇ ਮਨੁੱਖਾਂ ਨੂੰ ਨੁਕਸਾਨ ਪਹੁੰਚਾਉਣ ਵਾਲਾ ਕੋਈ ਜਾਨਵਰ ਲਗਦਾ ਹੈ ਤਾਂ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੂੰ ਵਾਈਲੀਡ ਲਾਈਫ ਆਈ ਨਾਮ ਦੀ ਐਪਲੀਕੇਸ਼ਨ ਜ਼ਰੀਏ ਚੇਤਾਵਨੀ ਭੇਜੀ ਜਾਂਦੀ ਹੈ। ਲੋਕਾਂ ਲਈ, ਪਿੰਡਾਂ ਵਿੱਚ ਹੂਟਰ ਲਾਏ ਗਏ ਹਨ। ਜਦੋਂ ਚੇਤਾਵਨੀ ਭੇਜੀ ਜਾਂਦੀ ਹੈ ਤਾਂ ਹੂਟਰ ਬੋਲਦੇ ਹਨ। ਉਸ ਤੋਂ ਬਾਅਦ ਉਮੀਦ ਕੀਤੀ ਜਾਂਦੀ ਹੈ ਕਿ ਲੋਕ ਸੁਰੱਖਿਅਤ ਥਾਵਾਂ ਉੱਤੇ ਚਲੇ ਜਾਣਗੇ। ਜੁਨਾਰ ਵਿੱਚ ਜੰਗਲਾਤ ਅਧਿਕਾਰੀਆਂ ਨੇ ਸੰਬੰਧਿਤ ਇਲਾਕਾ ਵਾਸੀਆਂ ਨੂੰ ਫੋਨ ਕਰਕੇ ਵੀ ਇਸਦੀ ਜਾਣਕਾਰੀ ਦਿੱਤੀ ਹੈ।

ਤਬੋਦਾ ਵਿੱਚ ਇਸ ਮਕਸਦ ਲਈ ਇੱਕ ਪੀਆਰਟੀ ਟੀਮ ਵੀ ਬਣਾਈ ਗਈ ਹੈ। ਟੀਮ ਵਿੱਚ ਸ਼ਾਮਲ ਨੌਜਵਾਨਾਂ ਕੋਲ ਵੀ ਇਹ ਐਪਲੀਕੇਸ਼ਨ ਹੈ ਅਤੇ ਉਹ ਆਪਣੇ ਚੌਗਿਰਦੇ ਪ੍ਰਤੀ ਸੁਚੇਤ ਰਹਿੰਦੇ ਹਨ। ਚੇਤਾਵਨੀ ਮਿਲਣ ਤੋਂ ਬਾਅਦ ਨੌਜਵਾਨ ਪਿੰਡ ਵਾਸੀਆਂ ਨੂੰ ਸਾਵਧਾਨ ਕਰਦੇ ਹਨ ਅਤੇ ਸੰਬੰਧਿਤ ਖੇਤਰ ਵਿੱਚ ਨਾ ਜਾਣ ਲਈ ਕਹਿੰਦੇ ਹਨ। ਇਸ ਤੋਂ ਇਲਾਵਾ ਜਿਸ ਇਲਾਕੇ ਵਿੱਚ ਜੰਗਲੀ ਜੀਵ ਕੈਮਰੇ ਨੇ ਦੇਖੇ ਸਨ। ਨੌਜਵਾਨ ਉਥੇ ਜਾਂਦੇ ਹਨ, ਪਟਾਕੇ ਚਲਾ ਕੇ ਜਾਨਵਰਾਂ ਨੂੰ ਜੰਗਲ ਵੱਲ ਭਜਾਉਂਦੇ ਹਨ। ਇਸ ਪ੍ਰਣਾਲੀ ਰਾਹੀਂ ਬਾਘ ਤੋਂ ਲੈ ਕੇ ਹਾਥੀ ਤੱਕ ਸਾਰੇ ਜਾਨਵਰਾਂ ਉੱਤੇ ਨਿਗਰਾਨੀ ਰੱਖੀ ਜਾ ਸਕਦੀ ਹੈ।

ਫਿਲਹਾਲ ਇਹ ਪ੍ਰਣਾਲੀ ਭਾਰਤ ਵਿੱਚ ਤਬੋਦਾ ਜੁਨਾਰ ਸਮੇਤ ਮੱਧ ਪ੍ਰਦੇਸ਼ ਦੀ ਪੇਂਚ ਸੈਂਚੁਰੀ ਵਿੱਚ ਵੀ ਕੰਮ ਕਰ ਰਹੀ ਹੈ। ਪਾਇਲਟ ਪ੍ਰੋਜੈਕਟ ਵਜੋਂ ਇਹ ਪ੍ਰਣਾਲੀ ਅਸਾਮ ਦੇ ਜਿੰਮ ਕੌਰਬਿਟ ਨੈਸ਼ਨਲ ਪਾਰਕ ਵਿੱਚ ਵੀ ਲਾਈ ਗਈ ਹੈ। ਏਆਈ ਪ੍ਰਣਾਲੀ ਸ਼ੁਰੂ ਹੋਣ ਤੋਂ ਲੈਕੇ ਹੁਣ ਤੱਕ 2, 3 17 ਚੇਤਾਵਨੀ ਪ੍ਰਾਪਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ 1,022 ਸਿਰਫ਼ ਬਾਘ ਬਾਰੇ ਸਨ, ਜਦਕਿ 561 ਚੀਤੇ ਦੀਆਂ ਅਤੇ 534 ਰਿੱਛਾਂ ਬਾਰੇ ਸਨ। ਪਿਊਸ਼ ਧੂਲੀਆ ਜੋ ਕਿ ਏਆਈ ਪ੍ਰਣਾਲੀ ਲਾਉਣ ਵਾਲੀ ਕੰਪਨੀ ਦੇ ਡਿਪਟੀ ਨਿਰਦੇਸ਼ਕ ਹਨ। ਉਹ ਕਹਿੰਦੇ ਹਨ ਕਿ ਪ੍ਰਣਾਲੀ ਲੋਕਾਂ ਨੂੰ ਜੰਗਲ ਵਿੱਚ ਜਾਣ ਸਮੇਂ ਸੁਚੇਤ ਕਰਦੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਅਜਿਹੇ ਤਜ਼ਰਬੇ ਪੂਰੀ ਦੁਨੀਆਂ ਵਿੱਚ ਕੀਤੇ ਜਾ ਰਹੇ ਹਨ। ਸਾਲ 2018 ਵਿੱਚ ਵਿਸ਼ਵ ਵਣ ਜੀਵਨ ਫਾਊਂਡੇਸ਼ਨ ਨੇ ਵਣ-ਜੀਵ ਅਤੇ ਮਨੁੱਖੀ ਟਕਰਾਅ ਨੂੰ ਰੋਕਣ ਲਈ ਪ੍ਰਣਾਲੀਆਂ ਵਿਕਸਤ ਕਰਨ ਬਾਰੇ ਇੱਕ ਮੁਕਾਬਲਾ ਕਰਵਾਇਆ। ਗੂਗਲ ਵਾਇਲਡ ਲਾਈਫ ਇਨਸਾਈਟਸ ਅਤੇ ਗੂਗਲ ਏਆਈ ਅਤੇ ਵਾਈਲਡ ਲਾਈਫ ਕਨਜ਼ਰਵੇਸ਼ਨ ਨੇ ਅਜਿਹੇ ਹਮਲੇ ਰੋਕਣ ਲਈ ਏਆਈ ਦੀ ਵਰਤੋਂ ਕੀਤੀ ਹੈ। ਪ੍ਰੋਜੈਕਟ ਤਬੋਦਾ ਦੇ ਹੀ ਬਰਹਮਪੁਰੀ ਵਿੱਚ ਲਾਇਆ ਗਿਆ ਸੀ। ਓਡੀਸ਼ਾ ਦੇ ਚੰਦੱਕਾ ਵਾਈਲਡਲਾਈਫ ਡਿਵੀਜ਼ਨ ਅਤੇ ਸਿੰਮੀਲਿਪਲ ਰੱਖ ਵਿੱਚ ਏਆਈ ਦੀ ਵਰਤੋਂ ਹਾਥੀਆਂ ਦੇ ਹਮਲਿਆਂ ਨੂੰ ਰੋਕਣ ਲਈ ਵੀ ਕੀਤੀ ਜਾਂਦੀ ਹੈ। ਕੋਇੰਬਟੋਰ ਵਿੱਚ ਵੀ ਇਸਦੀ ਵਰਤੋਂ ਹਾਥੀਆਂ ਦੁਆਰਾ ਕੀਤੇ ਜਾ ਸਕਣ ਵਾਲੇ ਨੁਕਸਾਨ ਨੂੰ ਰੋਕਣ ਲਈ ਕੀਤੀ ਜਾ ਰਹੀ ਹੈ।

### ਸਮੱਸਿਆਵਾਂ ਹੀ ਹਨ?

ਆਂਕੜਿਆਂ ਮੁਤਾਬਕ ਪ੍ਰਣਾਲੀ ਲੱਗਣ ਤੋਂ ਬਾਅਦ ਹਮਲਿਆਂ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਕਮੀ ਆਈ ਹੈ। ਇਸ ਵਿੱਚ ਸਭ ਤੋਂ ਵੱਡੀ ਚੁਣੌਤੀ ਤਾਂ ਲੋਕਾਂ ਦਾ ਵਿਹਾਰ ਹੈ। ਲੋਕਾਂ ਦੀ ਰੋਜ਼ੀ-ਰੋਟੀ ਦਾ ਮੁੱਖ ਸਾਧਨ ਜੰਗਲ ਵਿੱਚ ਜਾ ਕੇ ਤੇਂਦੂ ਦੇ ਪੱਤੇ ਤੋੜਨਾ ਹੈ।

ਤਬੋਦਾ ਅੰਧੇਰੀ ਬਾਘ ਰੱਖ ਤੋਂ ਮਿਲੇ ਆਂਕੜਿਆਂ ਮੁਤਾਬਕ, ਇਲਾਕੇ ਵਿੱਚ ਏਆਈ ਪ੍ਰਣਾਲੀ ਲੱਗਣ ਤੋਂ ਪਹਿਲਾਂ ਆਸ ਪਾਸ ਦੇ ਸੱਤ ਪਿੰਡਾਂ ਵਿੱਚ ਚਾਰ ਮੌਤਾਂ ਹੋਈਆਂ ਸਨ। ਹਾਲਾਂਕਿ ਪ੍ਰਣਾਲੀ ਲਾਉਣ ਤੋਂ ਬਾਅਦ ਰਤਨਾਪੁਰ ਦੇ ਤੁਲਸੀਦਾਸ ਸੋਨੂਲੇ ਦੀ ਮੌਤ ਇੱਕ ਬਾਘ ਦੇ ਹਮਲੇ ਕਾਰਨ ਹੋਈ ਸੀ। ਉਹ ਜੰਗਲ ਵਿੱਚ ਤੇਂਦੂ ਦੇ ਪੱਤੇ ਤੋੜਨ ਗਏ ਸਨ। ਅਜਿਹੀਆਂ ਰਿਪੋਰਟਾਂ ਹਨ ਕਿ ਲੋਕ ਚੇਤਾਵਨੀ ਦੇ ਬਾਵਜੂਦ ਜੰਗਲ ਵਿੱਚ ਜਾਂਦੇ ਹਨ। ਇਸ ਕਾਰਨ ਮੌਤਾਂ ਵੀ ਹੋਈਆਂ ਹਨ। ਇਸ ਦੀ ਇੱਕ ਵਜ੍ਹਾ ਰੋਜ਼ੀ ਰੋਟੀ ਲਈ ਸਥਾਨਕ ਲੋਕਾਂ ਦੀ ਤੇਂਦੂ ਦੇ ਪੱਤਿਆਂ ਉੱਤੇ ਨਿਰਭਰਤਾ ਵੀ ਹੈ। ਤਬੋਦਾ ਅੰਧੇਰੀ ਬਾਘ ਰੱਖ ਦੇ ਸੱਤ ਪਿੰਡਾਂ ਵਿੱਚ ਏਆਈ ਪ੍ਰਣਾਲੀ ਲੱਗਣ ਤੋਂ ਪਹਿਲਾਂ ਚਾਰ ਜਣੇ ਮਾਰੇ ਗਏ ਸਨ ਅਤੇ ਦੋ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਸਨ। ਹਾਲਾਂਕਿ ਪ੍ਰਣਾਲੀ ਲਾਏ ਜਾਣ ਤੋਂ ਬਾਅਦ ਵੀ ਤੁਲਸੀਦਾਸ ਸੋਨੂਲੇ ਦੀ ਮੌਤ ਤੇਂਦੂ ਦੇ ਪੱਤੇ ਤੋੜਨ ਦੌਰਾਨ ਬਾਘ ਦੇ ਹਮਲੇ ਕਾਰਨ ਹੋ ਗਈ।

ਜਦੋਂ ਉਨ੍ਹਾਂ ਨੇ ਘਰ ਛੱਡਿਆ ਤੋਂ ਉਹ ਪਿੰਡ ਦੇ ਨਜ਼ਦੀਕ ਇੱਕ ਕੈਮਰੇ ਵਿੱਚ ਦੇਖੇ ਗਏ। ਉਨ੍ਹਾਂ ਨੂੰ ਵਣ ਪਹਿਰੇਦਾਰ ਨੇ ਰੋਕਿਆ। ਇੱਕ ਘੰਟੇ ਤੱਕ ਉਡੀਕ ਕਰਨ ਤੋਂ ਬਾਅਦ ਉਨ੍ਹਾਂ ਨੇ ਆਖਰ ਕਾਗਜ਼ਾਂ ਉੱਤੇ ਦਸਤਖ਼ਤ ਕੀਤੇ ਅਤੇ ਆਪਣੀ ਪਤਨੀ ਸਮੇਤ ਜੰਗਲ ਵਿੱਚ ਚਲੇ ਗਏ। ਤੁਲਸੀਦਾਸ ਦੀ ਪਤਨੀ ਨੇ ਆਪਣੇ ਪਤੀ ਨੂੰ ਬਾਘ ਤੋਂ ਮਰਦਿਆਂ ਦੇਖਿਆ ਹੈ। ਉਰਮਿਲਾ ਜਦੋਂ ਆਪਣੇ ਪਤੀ ਉੱਤੇ ਹੋਏ ਹਮਲੇ ਬਾਰੇ ਦੱਸਦਿਆਂ ਰੋ ਪੈਂਦੇ ਹਨ। ਉਹ ਦੱਸਦੇ ਹਨ,"ਜਦੋਂ ਅਸੀਂ ਸ਼ਾਮ ਸਾਢੇ ਪੰਜ ਵਜੇ ਘਰੋਂ ਨਿਕਲੇ ਤਾਂ ਸਾਨੂੰ ਗਾਰਡਨ ਹੱਟ ਦੇ ਕੋਲ ਰੋਕਿਆ ਗਿਆ ਅਤੇ ਜੰਗਲ ਵਿੱਚ ਨਾ ਜਾਣ ਲਈ ਕਿਹਾ ਗਿਆ। ਦਸਤਖ਼ਤ ਲੈਣ ਤੋਂ ਬਾਅਦ ਉਨ੍ਹਾਂ ਨੂੰ ਜੰਗਲ ਵਿੱਚ ਛੱਡ ਦਿੱਤਾ ਗਿਆ। ਜਦੋਂ ਸਾਢੇ ਛੇ ਵਜੇ ਅਸੀਂ ਜੰਗਲ ਵਿੱਚ ਪਹੁੰਚੇ ਅਤੇ ਪੌੜੀ ਦੀ ਮਦਦ ਨਾਲ ਤੇਂਦੂ ਦੇ ਪੱਤੇ ਤੋੜਨੇ ਸ਼ੁਰ ਕਰ ਦਿੱਤੇ। ਇੱਕ ਬਾਘ ਨੇ ਮੇਰੇ ਉੱਤੇ ਹਮਲਾ ਕਰ ਦਿੱਤਾ। ਬਾਘ ਨੇ ਉਨ੍ਹਾਂ ਦਾ ਸਿਰ ਫੜ ਲਿਆ। ਮੈਂ ਦੇਖਿਆ ਕਿ ਬਾਘ ਨੇ ਉਨ੍ਹਾਂ ਦੀ ਗਰਦਨ ਤੋੜ ਦਿੱਤੀ ਸੀ ਅਤੇ ਘੜੀਸ ਕੇ ਪਰ੍ਹੇ ਲੈ ਗਿਆ। ਮੈਂ ਚੀਕਾਂ ਮਾਰੀਆਂ ਪਰ ਅੱਗੇ ਜਾਣ ਦੀ ਹਿੰਮਤ ਨਹੀਂ ਕਰ ਸਕੀ।"

ਤੁਲਸੀਦਾਸ ਦੀਆਂ ਦੋ ਛੋਟੀਆਂ ਬੱਚੀਆਂ ਆਪਣੇ ਤਿੰਨ ਸਾਲ ਦੇ ਭਰਾ ਨਾਲ ਆਪਣੇ ਬੁੱਢੇ ਦਾਦਾ-ਦਾਦੀ ਕੋਲ ਰਹਿ ਰਹਿ ਰਹੀਆਂ ਹਨ। ਹੁਣ ਪਰਿਵਾਰ ਦੇ ਸਾਹਮਣੇ ਸਵਾਲ ਹੈ ਕਿ ਜੀਵਨ ਕਿਵੇਂ ਚਲਾਇਆ ਜਾਵੇ। ਜੁਨਾਰ ਵਿੱਚ ਪ੍ਰਣਾਲੀ ਲੱਗਣ ਤੋਂ ਬਾਅਦ 17 ਚੇਤਾਵਨੀਆਂ ਜਾਰੀ ਹੋਈਆਂ ਪਰ ਕੋਈ ਹਮਲਾ ਨਹੀਂ ਹੋਇਆ।

ਚੇਤਵਨੀ ਤੋਂ ਵਣ ਵਿਭਾਗ ਦੇ ਅਧਿਕਾਰੀਆਂ ਨੂੰ ਤਾਂ ਚੀਤੇ ਦੀ ਸਥਿਤੀ ਬਾਰੇ ਪਤਾ ਲੱਗ ਜਾਂਦਾ ਹੈ ਪਰ ਪਿੰਡ ਵਾਸੀਆਂ ਨੂੰ ਇਸ ਬਾਰੇ ਉਦੋਂ ਤੱਕ ਪਤਾ ਨਹੀਂ ਚੱਲਦਾ, ਜਦੋਂ ਤੱਕ ਕਿ ਅਸੀਂ ਉਨ੍ਹਾਂ ਨੂੰ ਦੱਸੀਏ। ਬੋਰੀ ਦੇ ਇੱਕ ਪਿੰਡ ਵਾਸੀ ਨੇ ਕਿਹਾ, "ਹੂਟਰਾਂ ਦੀ ਅਵਾਜ਼ ਥੋੜ੍ਹੀ ਹੈ। ਹੋ ਸਕਦਾ ਹੈ ਇਹ ਤਾਂ ਘੱਟ ਰੱਖੀ ਗਈ ਹੋਵੇ ਕਿ ਬਾਘ ਡਰ ਨਾ ਜਾਵੇ ਪਰ ਜਦੋਂ ਤੱਕ ਸਾਨੂੰ ਦੱਸਿਆ ਨਹੀਂ ਜਾਂਦਾ, ਉਦੋਂ ਤੱਕ ਸਾਨੂੰ ਪਤਾ ਨਹੀਂ ਲਗਦਾ।"

ਇੱਕ ਹੋਰ ਪਿੰਡ ਵਾਸੀ ਅਸ਼ੋਕ ਕੋਰਡੇ ਨੇ ਦੱਸਿਆ ਕਿ ਕਿਉਂਕਿ ਕੈਮਰਾ ਇੱਕ ਹੀ ਦਿਸ਼ਾ ਵਿੱਚ ਹੈ ਅਤੇ ਜੇ ਬਾਘ ਦੂਜੇ ਪਾਸੇ ਤੋਂ ਆ ਜਾਵੇ ਤਾਂ ਪਤਾ ਨਹੀਂ ਲਗਦਾ। ਬੀ ਐੱਚ ਐੱਨ ਐੱਸ ਦੇ ਨਿਰਦੇਸ਼ਕ ਨੇ ਹਮਲਿਆਂ ਦੇ ਕਾਰਨ ਬਾਰੇ ਦੱਸਦਿਆਂ ਕਿਹਾ, ਜੁਨਾਰ ਵਿੱਚ, ਗੰਨੇ ਦੇ ਖੇਤ ਚੀਤੇ ਦੀ ਛੁਪਣਗਾਹ ਬਣ ਗਏ ਹਨ। ਬਾਘ ਸਥਿਤੀ ਪ੍ਰਤੀ ਢਲ ਵੀ ਗਿਆ ਹੈ। ਇੱਥੇ ਹੀ ਬੱਚੇ ਜਨਮਦੇ ਹਨ।" ਉਹ ਦੱਸਦੇ ਹਨ,"ਵਿਧਰਭ ਵਿੱਚ 15-20 ਸਾਲ ਬਾਘ ਦੀ ਵਸੋਂ ਸੀਮਤ ਸੀ। ਹੁਣ ਇਹ ਵਧ ਗਈ ਹੈ।

ਉਨ੍ਹਾਂ ਨੂੰ ਪ੍ਰਜਨਣ ਲਈ ਢੁਕਵੀਆਂ ਸਥਿਤੀਆਂ ਅਤੇ ਥਾਂ ਮੁਹਈਆ ਕਰਵਾਈ ਗਈ ਹੈ। ਜਾਨਵਰ ਤਾਂ ਵਧ ਰਹੇ ਹਨ ਪਰ ਮਨੁੱਖਾਂ ਦਾ ਵਤੀਰਾ ਉਸੇ ਤਰ੍ਹਾਂ ਹੈ। ਇਹ ਜਾਨਵਰ ਉਦੋਂ ਹੀ ਹਮਲਾ ਕਰਦੇ ਹਨ ਜਦੋਂ ਮਨੁੱਖ ਬਾਘ ਜਾਂ ਚੀਤੇ ਦੇ ਇਲਾਕੇ ਵਿੱਚ ਜਾਂਦੇ ਹਨ।"

ਏਆਈ ਦੀ ਉਪਯੋਗਤਾ ਬਾਰੇ ਉਹ ਕਹਿੰਦੇ ਹਨ, "ਏਆਈ ਡੇਟਾ ਇਕੱਠਾ ਕਰ ਰਹੀ ਹੈ। ਉਸੇ ਮੁਤਾਬਕ ਜਿੱਥੇ ਹਮਲੇ ਜ਼ਿਆਦਾ ਹੋ ਰਹੇ ਹਨ, ਉੱਥੇ ਲਾਲ ਖੇਤਰ ਬਣਾਏ ਜਾ ਰਹੇ ਹਨ। ਇਹ ਸਪਸ਼ਟ ਹੈ ਕਿ ਜੇ ਤੁਸੀਂ ਇਨ੍ਹਾਂ ਇਲਾਕਿਆਂ ਵਿੱਚ ਜਾਓਗੇ ਤਾਂ ਹਮਲਾ ਹੋਣ ਦੀ ਸੰਭਾਵਨਾ ਜ਼ਿਆਦਾ ਹੈ। ਲੇਕਿਨ ਉਸਤੋਂ ਵੀ ਅਹਿਮ ਹੈ ਲੋਕਾਂ ਦੇ ਵਿਹਾਰ ਵਿੱਚ ਤਬਦੀਲੀ ਲੈ ਕੇ ਆਉਣੀ ਕਿ ਜਦੋਂ ਕੋਈ ਖੇਤਰ ਨੋਟੀਫਾਈ ਹੋ ਜਾਂਦਾ ਹੈ ਤਾਂ ਉਹ ਉਧਰ ਨਾ ਜਾਣ।"

# ਬਾਲੀਵੁੱਡ 'ਚ ਲੋਕਾਂ ਨੂੰ 'ਡਰਾਉਣ' ਵਾਲੇ ਪੰਜਾਬੀ 'ਖ਼ਲਨਾਇਕ'

ਅੱਜ ਭਾਵੇਂ ਪਠਾਣ ਵਿੱਚ ਸ਼ਾਹਰੁਖ ਖਾਨ ਦੇ ਸਾਹਮਣੇ ਜੌਹਨ ਅਬਰਾਹਮ ਵਰਗੇ ਹੀਰੋ ਦਾ ਵਿਲੇਨ ਹੋਣਾ ਆਮ ਗੱਲ ਹੋਵੇ। ਪਰ ਇੱਕ ਸਮਾਂ ਸੀ ਜਦੋਂ ਵਿਲੇਨ ਦਾ ਰੋਲ ਕਰਨਾ ਕੋਈ ਚੰਗੀ ਜਾਂ ਸਵੀਕਾਰਨਯੋਗ ਗੱਲ ਨਹੀਂ ਸੀ ਸਮਝੀ ਜਾਂਦੀ। ਗੱਲ 1971 ਦੀ ਹੈ ਜਦੋਂ ਫਿਲਮ ਸ਼ਰਮੀਲੀ ਰਿਲੀਜ਼ ਹੋਈ ਸੀ। ਸ਼ਸ਼ੀ ਕਪੂਰ ਤਾਂ ਪਹਿਲਾਂ ਹੀ ਹਿੱਟ ਸਨ ਲੇਕਿਨ ਵਿਲੇਨ ਦੀ ਭੂਮਿਕਾ ਵਿੱਚ ਰੰਜੀਤ ਲਈ ਵੀ ਇਹ ਇੱਕ ਵੱਡਾ ਬਰੇਕ ਸੀ। ਉਹੀ ਰੰਜੀਤ ਜਿਨ੍ਹਾਂ ਨੂੰ ਅਜੋਕੀ ਪੀੜ੍ਹੀ ਹਾਉਸਫੁੱਲ-4 ਤੋਂ ਜਾਣਦੀ ਹੈ। ਰੰਜੀਤ ਦਾ ਪਰਿਵਾਰ ਵੀ ਇਹ ਫਿਲਮ ਦੇਖਣ ਗਿਆ ਸੀ। ਜਦੋਂ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦਾ ਬੇਟਾ ਨਾਇਕਾ ਰਾਖੀ ਦੇ ਨਾਲ ਬਦਸਲੂਕੀ ਕਰ ਰਿਹਾ ਹੈ, ਉਨ੍ਹਾਂ ਦੇ ਕੱਪੜੇ ਪਾੜ ਰਿਹਾ ਹੈ ਤਾਂ ਉਹ ਫਿਲਮ ਅੱਧ ਵਿਚਕਾਰ ਹੀ ਛੱਡ ਕੇ ਚਲੇ ਗਏ ਸਨ।

ਘਰੇ ਜਾ ਕੇ ਉਨ੍ਹਾਂ ਦੀ ਮਾਂ ਬਹੁਤ ਰੋਈ ਕਿ ਪੁੱਤਰ ਨੇ ਪਰਿਵਾਰ ਦਾ ਨਾਮ ਖ਼ਰਾਬ ਕਰ ਦਿੱਤਾ ਅਤੇ ਪਿਤਾ ਅੰਮ੍ਰਿਤਸਰ ਜਾ ਕੇ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹੇ। ਅਖੀਰ ਹੋਇਆ ਇਹ ਕਿ ਰੰਜੀਤ, ਰਾਖੀ ਨੂੰ ਆਪਣੇ ਘਰੇ ਲੈ ਕੇ ਆਏ ਅਤੇ ਉਨ੍ਹਾਂ ਨੂੰ ਪਰਿਵਾਰ ਦੇ ਸਾਹਮਣੇ ਯਕੀਨ ਦਵਾਉਣਾ ਪਿਆ ਕਿ ਰਾਖੀ ਨੂੰ ਕੋਈ ਸ਼ਿਕਾਇਤ ਨਹੀਂ ਹੈ ਅਤੇ ਉਹ ਸਿਰਫ਼ ਅਦਾਕਾਰੀ ਸੀ। ਫਿਰ ਵੀ ਉਨ੍ਹਾਂ ਦੀ ਮਾਂ ਰਾਖੀ ਤੋਂ ਰੰਜੀਤ ਦੇ ਕੀਤੇ ਲਈ ਮਾਫ਼ੀ ਮੰਗਦੀ ਰਹੀ। ਇਹ ਕਿੱਸਾ ਖ਼ੁਦ ਰੰਜੀਤ ਨੇ ਕਿਤਾਬ 'ਬੈਡ ਮੈਨ- ਬਾਲੀਵੁੱਡਜ਼ ਆਈਕਾਨਿਕ ਵਿਲੇਨਜ਼' ਵਿੱਚ ਸਾਂਝਾ ਕੀਤਾ ਹੈ। ਇਹ ਕਿਤਾਬ ਫਿਲਮ ਪੱਤਰਕਾਰ ਰੋਸ਼ਮਿਲਾ ਭੱਟਾਚਾਰੀਆ ਨੇ ਹਿੰਦੀ ਸਿਨੇਮਾ ਦੇ 13 ਵੱਡੇ ਖਲਨਾਇਕਾਂ ਉੱਪਰ ਲਿਖੀ ਹੈ।

**ਗੁਆਂਢੀ ਕਹਿੰਦੇ ਸੰਸਕਾਰੀ ਪੁੱਤਰ ਵਿਗੜ ਗਿਆ- ਗੁਲਸ਼ਨ ਗਰੋਵਰ**

ਪ੍ਰਾਣ, ਜੀਵਨ, ਪ੍ਰੇਮ ਚੋਪੜਾ, ਕੇਐੱਨ ਸਿੰਘ, ਰੰਜੀਤ, ਅਰਮੀਸ਼ ਪੁਰੀ, ਡੈਨੀ, ਅਨੁਪਮ ਖੇਰ, ਅਮਜਦ ਖ਼ਾਨ, ਸ਼ਕਤੀ ਕਪੂਰ ਤੋਂ ਲੈ ਕੇ ਗੁਲਸ਼ਨ ਗਰੋਵਰ ਤੱਕ ਢੇਰ ਸਾਰੇ ਨਾਮ ਇਨ੍ਹਾਂ ਦਿੱਗਜ ਖਲਨਾਇਕਾਂ ਦੀ ਫੇਹਰਿਸਤ ਵਿੱਚ ਸ਼ਾਮਲ ਹਨ। ਅੱਜ ਗੱਲ ਕਰਦੇ ਹਾਂ ਹਿੰਦੀ ਫਿਲਮਾਂ ਦੇ ਖਲਨਾਇਕਾਂ ਦੀ, ਖਾਸ ਕਰਕੇ ਜਦੋਂ 12 ਜੁਲਾਈ ਨੂੰ ਪ੍ਰਾਣ ਦੀ ਬਰਸੀ ਹੈ ਅਤੇ 27 ਜੁਲਾਈ ਨੂੰ ਅਮਜ਼ਦ ਖ਼ਾਨ ਦੀ।

ਪਰਦੇ ਉੱਤੇ ਦਿਖਾਇਆ ਗਿਆ ਇਨ੍ਹਾਂ ਖਲਨਾਇਕਾਂ ਦਾ ਡਰਾਉਣਾ ਅਵਤਾਰ ਇੰਨਾ ਅਸਰਦਾਰ ਹੋਇਆ ਕਰਦਾ ਸੀ ਕਿ ਅਸਲੀ ਜ਼ਿੰਦਗੀ ਵਿੱਚ ਵੀ ਲੋਕਾਂ ਨੂੰ ਖਲਨਾਇਕਾਂ ਤੋਂ ਭੈਅ ਆਇਆ ਕਰਦਾ ਸੀ ਅਤੇ ਪਰਿਵਾਰ ਵਾਲਿਆਂ ਵਿੱਚ ਨਰਾਜ਼ਗੀ ਸੀ। ਰੋਸ਼ਮਿਲਾ ਭੱਟਾਚਾਰੀਆ ਦੀ ਕਿਤਾਬ ਬੈਡ ਮੈਨ ਵਿੱਚ ਅਜਿਹੇ ਕਈ ਕਿੱਸੇ ਹਨ। ਗੁਲਸ਼ਨ ਗਰੋਵਰ ਕਿਤਾਬ ਵਿੱਚ ਦੱਸਦੇ ਹਨ, "1983 ਵਿੱਚ ਆਈ ਫਿਲਮ ਅਵਤਾਰ ਵਿੱਚ ਮੈਂ ਆਪਣੇ ਮਾਂ-ਬਾਪ ਨੂੰ ਪੈਸਿਆਂ ਲਈ ਕੱਢ ਦਿੰਦਾ ਹਾਂ। ਮੇਰੇ ਗੁਆਂਢੀ ਜਦੋਂ ਫਿਲਮ ਦੇਖ ਕੇ ਆਏ ਤਾਂ ਰੋਜ਼ ਮੇਰੇ ਘਰ ਵਿੱਚ ਕਹਿੰਦੇ ਕਿ ਤੁਹਾਡਾ ਸੰਸਕਾਰੀ ਬੇਟਾ ਬਿਗੜਿਆ ਹੋਇਆ ਨਾਸ਼ੁਕਰਾ ਪੁੱਤ ਬਣ ਗਿਆ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਉਹ ਪੈਸੇ ਲਈ ਅਸਲੀ ਮਾਪਿਆਂ ਨੂੰ ਘਰੋਂ ਕੱਢ ਦੇਵੇਗਾ। ਮੇਰੀ ਮਾਂ ਨੂੰ ਸ਼ੁਰੂ ਵਿੱਚ ਫਿਲਮਾਂ ਦੀ ਸਮਝ ਨਹੀਂ ਸੀ ਅਤੇ ਉਹ ਬਹੁਤ ਰੋਂਦੇ ਸਨ।"

**ਸ਼ਾਇਰ ਪ੍ਰੇਮ ਚੋਪੜਾ**


ਪਰਦੇ ਉੱਤੇ ਭਾਵੇਂ ਵਿਲੇਨ ਬੇਰਹਿਮ ਅਤੇ ਸ਼ਾਤਿਰ ਮਿਜ਼ਾਜ ਹੋਣ ਪਰ ਅਸਲੀ ਜ਼ਿੰਦਗੀ ਵਿੱਚ ਇਨ੍ਹਾਂ ਦੀ ਸ਼ਖ਼ਸੀਅਤ ਦੇ ਕਈ ਦਿਲਚਸਪ ਪਹਿਲੂ ਹਨ ਅਤੇ ਸਾਰੇ ਆਪੋ-ਆਪਣੇ ਹਿੱਸੇ ਦਾ ਸੰਘਰਸ਼ ਕਰਕੇ ਇੱਥੇ ਤੱਕ ਪਹੁੰਚੇ ਸਨ। ਸਾਲ 2023 ਵਿੱਚ ਫਿਲਮ ਐਨੀਮਲ ਵਿੱਚ ਦਿਖੇ ਪ੍ਰੇਮ ਚੋਪੜਾ ਚੰਗੇ ਸ਼ਾਇਰ ਹਨ ਅਤੇ ਪ੍ਰੇਮ ਅਵਾਰਾ ਦੇ ਨਾਮ ਤੋਂ ਜਾਣੇ ਜਾਂਦੇ ਹਨ। ਫਿਲਮਾਂ ਵਿੱਚ ਸੰਘਰਸ਼ ਕਰਦੇ ਹੋਏ ਉਹ ਨਾਲੋ-ਨਾਲ ਕਈ ਸਾਲਾਂ ਤਾਂ ਚੋਰੀ-ਛਿਪੇ ਟਾਈਮਜ਼ ਆਫ਼ ਇੰਡੀਆ ਦੇ ਸਰਕੂਲੇਸ਼ਨ ਵਿਭਾਗ ਵਿੱਚ ਕੰਮ ਕਰਦੇ ਰਹੇ ਤਾਂ ਕਿ ਰੋਜ਼ੀ ਰੋਟੀ ਚਲਦੀ ਰਹੇ, ਜਦੋਂ ਤੱਕ ਕਿ ਉਹ ਵੋਹ ਕੌਨ ਥੀ (1964) ਫਿਲਮ ਤੋਂ ਬਤੌਰ ਵਿਲੇਨ ਹਿੱਟ ਨਹੀਂ ਹੋ ਗਏ। ਰੰਜੀਤ ਕਾਫ਼ੀ ਚੰਗੇ ਚਿੱਤਰਕਾਰ ਹਨ ਅਤੇ ਕਾਲਜ ਦੀ ਫੁੱਟਬਾਲ ਟੀਮ ਦੇ ਵਧੀਆ ਗੋਲਚੀ ਸਨ। ਐੱਨਡੀਏ ਦਾ ਇਮਤਿਹਾਨ ਪਾਸ ਕਰਨ ਤੋਂ ਬਾਅਦ ਉੱਥੋਂ ਕੱਢੇ ਗਏ ਰੰਜੀਤ ਹਿੰਦੀ ਫਿਲਮਾਂ ਵਿੱਚ ਵਿਲੇਨ ਬਣ ਗਏ।

**ਗਾਇਕ ਡੈਨੀ, ਰੋਜ਼ਗਾਰ ਮੰਤਰਾਲੇ ਦੇ ਅਮਰੀਸ਼ ਪੁਰੀ**

ਡੈਨੀ ਵਧੀਆ ਗਾਇਕ ਹਨ ਅਤੇ ਗਾਇਕ ਬਣਨ ਦੇ ਇਰਾਦੇ ਨਾਲ ਹੀ ਨਿਕਲੇ ਸਨ। ਡੈਨੀ ਨੇ ਕਿਸ਼ੋਰ ਕੁਮਾਰ, ਆਸ਼ਾ ਭੋਂਸਲੇ ਤੋਂ ਲੈ ਕੇ ਲਤਾ ਮੰਗੇਸ਼ਕਰ ਵਰਗੇ ਨਾਮੀ ਗਾਇਕਾਂ ਨਾਲ ਕਈ ਹਿੰਦੀ ਫਿਲਮਾਂ ਵਿੱਚ ਗਾਇਆ ਹੈ। ਫਿਲਮਾਂ ਵਿੱਚ ਨਾਮ ਕਮਾਉਣ ਤੋਂ ਪਹਿਲਾਂ ਕਰੀਬ 20 ਸਾਲ ਤੱਕ ਅਮਰੀਸ਼ ਪੁਰੀ ਅਤੇ ਕਿਰਤ ਅਤੇ ਰੋਜ਼ਗਾਰ ਮੰਤਰਾਲੇ ਵਿੱਚ ਕੰਮ ਅਤੇ ਉਸਦੇ ਨਾਲ ਥਿਏਟਰ ਕਰਦੇ ਸਨ। ਸਾਲ 1979 ਵਿੱਚ ਉਨ੍ਹਾਂ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਵੀ ਮਿਲ ਚੁੱਕਿਆ ਸੀ ਜਦਕਿ ਉਨ੍ਹਾਂ ਦਾ ਫਿਲਮੀ ਕਰੀਅਰ ਬਾਅਦ ਵਿੱਚ ਹੀ ਬੁਲੰਦੀਆਂ ਉੱਤੇ ਪਹੁੰਚਿਆ। ਉੱਥੇ ਹੀ ਫੋਟੋਗ੍ਰਾਫ਼ੀ ਦੇ ਸ਼ੌਕੀਨ ਪ੍ਰਾਣ ਇੱਕ ਫ਼ੋਟੋਗ੍ਰਾਫਰ ਦੇ ਸਹਾਇਕ ਵਜੋਂ ਕੰਮ ਕਰਦੇ ਸਨ। ਫਿਰ ਪੰਜਾਬੀ ਫਿਲਮਾਂ ਦੇ ਹਿੱਟ ਹੀਰੋ ਬਣੇ ਅਤੇ ਬਾਅਦ ਵਿੱਚ ਵਿਲੇਨ। ਲੇਕਿਨ ਵਿਲੇਨ ਤੋਂ ਪਰ੍ਹੇ ਉਨ੍ਹਾਂ ਦੀ ਵੱਖਰੀ ਹੀ ਸ਼ਖ਼ਸੀਅਤ ਸਾਹਮਣੇ ਆਉਂਦੀ ਹੈ।

**ਰਾਜ ਕਪੂਰ ਨਾਲ ਲੜਾਈ ਅਤੇ ਪ੍ਰਾਣ ਨੇ ਖਵਾਈ ਚਾਕਲੇਟ**

ਕਈ ਸਾਲ ਪਹਿਲਾਂ ਸੀਨੀਅਰ ਫਿਲਮ



ਸਮੀਖਿਅਕ ਜੈਪ੍ਰਕਾਸ਼ ਚੌਕਸੇ ਨੇ ਮੈਨੂੰ ਦੱਸਿਆ ਸੀ, "ਇੱਕ ਦਿਨ ਅਚਾਨਕ ਪ੍ਰਾਣ ਸਾਹਬ ਨੇ ਮੈਨੂੰ ਬੁਲਾਇਆ ਅਤੇ ਪੁੱਛਿਆ ਕਿ ਤੁਸੀਂ ਰਾਜ ਕਪੂਰ ਦੇ ਤਿੰਨਾਂ ਪੁੱਤਰਾਂ- ਰਿਸ਼ੀ, ਰਣਧੀਰ ਅਤੇ ਰਾਜੀਵ ਨੂੰ ਮੇਰੇ ਘਰ ਲੈ ਕੇ ਆ ਸਕਦੇ ਹੋ ਕਿਉਂਕਿ ਮੈਂ ਉਨ੍ਹਾਂ ਨਾਲ ਇੱਕ ਸ਼ਾਮ ਬਿਤਾਉਣਾ ਚਾਹੁੰਦਾ ਹਾਂ। ਮੈਂ ਅਜਿਹਾ ਹੀ ਕੀਤਾ। ਬਾਅਦ ਵਿੱਚ ਪ੍ਰਾਣ ਜੀ ਨੇ ਮੈਨੂੰ ਦੱਸਿਆ ਕਿ ਦਰਅਸਲ ਫਿਲਮ ਬਾਬੀ ਦੀ ਸ਼ੂਟਿੰਗ ਦੇ ਦੌਰਾਨ ਉਨ੍ਹਾਂ ਦੀ ਰਾਜ ਕਪੂਰ ਨਾਲ ਕੁਝ ਲੜਾਈ ਹੋ ਗਈ ਸੀ, ਜਿਸ ਲਈ ਉਨ੍ਹਾਂ ਨੂੰ ਮਲਾਲ ਸੀ। ਉਸੇ ਦੀ ਭਰਪਾਈ ਲਈ ਪ੍ਰਾਣ ਜੀ ਨੇ ਰਾਜ ਕਪੂਰ ਦੇ ਬੱਚਿਆਂ ਨੂੰ ਬੁਲਾਇਆ ਅਤੇ ਉਨ੍ਹਾਂ ਦੇ ਨਾਲ ਸਮਾਂ ਬਿਤਾਇਆ। ਇਹ ਵੀ ਉਨ੍ਹਾਂ ਦਾ ਇੱਕ ਪਹਿਲੂ ਸੀ।"

**ਅਸ਼ੋਕ ਕੁਮਾਰ ਤੋਂ ਸ਼ਾਹਰੁਖ਼ ਖ਼ਾਨ, ਨੈਤਿਕਤਾ ਦੇ ਬਦਲੇ ਮਿਆਰ**

ਪਹਿਲੇ ਦੌਰ ਵਿੱਚ ਵਿਲੇਨ ਜਾਂ ਹੀਰੋ ਦੇ ਵਿਰੋਧੀ ਨੂੰ ਨੈਤਿਕਤਾ ਦੇ ਸਖ਼ਤ ਪੈਮਾਨੇ ਉੱਤੇ ਪਰਖਿਆ ਜਾਂਦਾ ਸੀ। ਲੇਖਿਕਾ ਰੋਸ਼ਮਿਲਾ ਭੱਟਾਚਾਰੀਆ ਦੱਸਦੇ ਹਨ, 1950 ਵਿੱਚ ਸੁਪਰ ਸਟਾਰ ਅਸ਼ੋਕ ਕੁਮਾਰ ਨੇ ਫਿਲਮ ਸੰਗਰਾਮ ਵਿੱਚ ਨੈਗਿਟਿਵ ਰੋਲ ਕੀਤਾ ਸੀ, ਜਿਸ ਵਿੱਚ ਉਹ ਗੈਰ-ਕਨੂੰਨੀ ਕਾਰੋਬਾਰ ਕਰਦੇ ਹਨ, ਕਤਲ ਕਰਦੇ ਹਨ ਅਤੇ ਅੰਤ ਵਿੱਚ ਆਪਣੇ ਹੀ ਪੁਲਿਸ ਅਫ਼ਸਰ ਪਿਤਾ ਦੇ ਹੱਥੋਂ ਮਾਰੇ ਜਾਂਦੇ ਹਨ। "16 ਹਫ਼ਤੇ ਸ਼ਾਨਦਾਰ ਚੱਲਣ ਤੋਂ ਬਾਅਦ ਇਹ ਫਿਲਮ ਲੁਹਾ ਦਿੱਤੀ ਗਈ ਸੀ। ਉਸ ਸਮੇਂ ਦੇ ਮੁੱਖ ਮੰਤਰੀ ਮੋਰਾਰਜੀ ਦੇਸਾਈ ਨੇ ਬੰਬੇ ਦੇ ਪੁਲਿਸ ਕਮਿਸ਼ਨਰ ਨੂੰ ਅਸ਼ੋਕ ਕੁਮਾਰ ਦੇ ਘਰ ਉਨ੍ਹਾਂ ਨੂੰ ਸਮਝਾਉਣ ਭੇਜਿਆ ਕਿ ਨੌਜਵਾਨਾਂ ਦੇ ਆਈਕਨ ਹੋਣ ਦੇ ਨਾਤੇ ਉਨ੍ਹਾਂ ਨੂੰ ਅਜਿਹੇ ਰੋਲ ਨਹੀਂ ਕਰਨੇ ਚਾਹੀਦੇ।" ਖ਼ੈਰ ਹੁਣ ਤਾਂ ਫਿਲਮ ਦਾ ਹੀਰੋ ਹੀ ਕਈ ਵਾਰ ਵਿਲੇਨ ਹੁੰਦਾ ਹੈ, ਮਿਸਾਲ ਵਜੋਂ 1993 ਵਿੱਚ ਬਾਜ਼ੀਗਰ ਵਿੱਚ ਸ਼ਾਹਰੁਖ਼ ਹੀ ਹੀਰੋ ਸਨ ਅਤੇ ਸ਼ਾਹਰੁਖ਼ ਹੀ ਵਿਲੇਨ ਜੋ ਅੱਖ ਦੇ ਫੋਰ ਵਿੱਚ ਆਪਣੇ ਪ੍ਰੇਮਿਕਾ ਦਾ ਕਤਲ ਕਰ ਦਿੰਦਾ ਹੈ।

**ਡਾਕੂ ਤੋਂ ਸਟਾਇਲਿਸ਼ ਕਾਰੋਬਾਰੀ- ਬਦਲਦੇ ਵਿਲੇਨ**

ਕਹਿੰਦੇ ਹਨ ਕਿ ਫਿਲਮ ਵਿੱਚ ਵਿਲੇਨ ਜਿੰਨਾ ਤਕੜਾ ਅਤੇ ਅਸਰਦਾਰ ਹੁੰਦਾ ਹੈ, ਹੀਰੋ ਆਖਰ ਵਿੱਚ ਉਨਾਂ ਹੀ ਹਿੱਟ ਹੋ ਕੇ ਨਿਕਲਦਾ ਹੈ। ਸਾਲ ਦਰ ਸਾਲ ਵਿਲੇਨ ਦਾ ਸਰੂਪ, ਲੁਕ, ਤੇਵਰ ਬਦਲਦੇ ਰਹੇ ਹਨ। 1950 ਦੇ ਦਹਾਕੇ ਵਿੱਚ ਸ਼ਾਹੂਕਾਰ ਵਿਲੇਨ ਹੁੰਦਾ ਸੀ। ਸਾਲ 1957 ਵਿੱਚ ਆਈ ਮਦਰ ਇੰਡੀਆ ਦਾ ਸੁੱਖੀ ਲਾਲਾ ਇਸਦੀ ਮਿਸਾਲ ਹੈ, ਜਿਸ ਦਾ ਰੋਲ ਅਦਾਕਾਰ ਕਨ੍ਹੀਆ ਲਾਲ ਨੇ ਕੀਤਾ ਸੀ। ਬਾਅਦ ਵਿੱਚ ਸਿਗਰੇਟ ਦੇ ਧੂਏਂ ਦੇ ਛੱਲੇ ਬਣਾਉਂਦੇ ਪ੍ਰਾਣ ਵਰਗੇ ਸਟਾਇਲਿਸ਼ ਵਿਲੇਨ ਆ ਗਏ। ਆਪਣੇ ਜ਼ਮਾਨੇ ਦੇ ਮਸ਼ਹੂਰ ਵਿਲੇਨ ਅਜੀਤ ਬਾਰੇ ਕਿਤਾਬ 'ਅਜੀਤ ਦਿ ਲਾਇਨ' ਦੇ ਲੇਖਕ ਇਕਬਾਲ ਰਿਜ਼ਵੀ ਨੇ ਕੁਝ ਸਮਾਂ ਪਹਿਲਾਂ ਮੀਡੀਆ ਨਾਲ ਗੱਲ ਕੀਤੀ ਸੀ।

ਉਨ੍ਹਾਂ ਦਾ ਕਹਿਣਾ ਸੀ, "ਇੱਕ ਜ਼ਮਾਨੇ ਵਿੱਚ ਵਿਲੇਨ ਡਾਕੂ ਹੁੰਦੇ ਸਨ ਜਾਂ ਉਸ ਤੋਂ ਵੀ ਪਹਿਲਾਂ ਜ਼ਿਮੀਦਾਰ ਜਾਂ ਪਿੰਡ ਦਾ ਮਹਾਜਨ। ਲੇਕਿਨ 1970 ਦੇ ਦਹਾਕੇ ਵਿੱਚ ਜਦੋਂ ਅਜੀਤ ਵਰਗੇ ਅਦਾਕਾਰ ਵਿਲੇਨ ਬਣੇ ਤਾਂ ਭਾਰਤੀ ਸਮਾਜ ਬਦਲਣ ਲੱਗਿਆ ਸੀ। ਉਸ ਸਮੇਂ ਤੱਕ ਇੱਕ ਅਜਿਹੇ ਵਿਲੇਨ ਨਾਲ ਸਾਡੀ ਪਛਾਣ ਹੁੰਦੀ ਹੈ ਜੋ, ਸ਼ਾਲੀਨ ਹੈ, ਗੱਲ-ਗੱਲ ਉੱਤੇ ਗੋਲੀ ਨਹੀਂ ਚਲਾਉਂਦਾ, ਸੂਟ ਪਾਉਂਦਾ ਹੈ, ਬੋਅ ਲਾਉਂਦਾ ਹੈ। ਉਹ ਬਹੁਤ ਅਰਾਮ ਅਤੇ ਸਕੂਨ ਨਾਲ ਗੱਲ ਕਰਦਾ ਹੈ। ਉਸ ਨੂੰ ਦੇਖ ਕੇ ਯਕੀਨ ਹੀ ਨਹੀਂ ਹੁੰਦਾ ਸੀ ਕਿ ਇਹ ਆਦਮੀ ਇੰਨਾ ਸ਼ੈਤਾਨ ਹੋ ਸਕਦਾ ਹੈ।"

**ਜਦੋਂ ਪੁਨੀਤ ਈਸਰ ਬਣੇ ਲੋਕਾਂ ਦੇ ਅਸਲੀ ਵਿਲੇਨ**

ਲੇਖਿਕਾ ਰੋਸ਼ਮਿਲਾ ਭੱਟਾਚਾਰੀਆ ਕਹਿੰਦੇ ਹਨ ਕਿ ਆਪਣੀ ਪ੍ਰਸਿੱਧੀ ਦਾ ਦੂਜਾ ਰੂਪ ਵਿੱਚ ਖਲਨਾਇਕਾਂ ਨੂੰ ਕਦੇ-ਕਦੇ ਦੇਖਣਾ ਪੈਂਦਾ ਹੈ। ਸਾਲ 1983 ਵਿੱਚ ਫਿਲਮ ਕੁਲੀ ਦੀ ਸ਼ੂਟਿੰਗ ਵਿੱਚ ਵਿਲੇਨ ਪੁਨੀਤ ਈਸ਼ਰ ਅਤੇ ਅਮਿਤਾਭ ਬੱਚਨ ਦੇ ਦਰਮਿਆਨ ਇੱਕ ਐਕਸ਼ਨ ਦ੍ਰਿਸ਼ ਦੇ ਦੌਰਾਨ ਅਮਿਤਾਭ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਸਨ। ਉਹ ਮੌਤ ਅਤੇ ਜ਼ਿੰਦਗੀ ਦੇ ਦਰਮਿਆਨ ਝੂਲ ਰਹੇ ਸਨ। ਪੁਨੀਤ ਨੇ ਸਾਲ 2013 ਵਿੱਚ ਬੀਬੀਸੀ ਨਾਲ ਗੱਲਬਾਤ ਵਿੱਚ ਦੱਸਿਆ ਸੀ ਕਿ ਕੁਲੀ ਤੋਂ ਬਾਅਦ ਕਈ ਸਾਲਾਂ ਤੱਕ ਉਨ੍ਹਾਂ ਨੂੰ ਠੀਕ ਤਰ੍ਹਾਂ ਕੰਮ ਨਹੀਂ ਮਿਲਿਆ ਅਤੇ ਦਰਸ਼ਕਾਂ ਨੇ ਵੀ ਉਨ੍ਹਾਂ ਨੂੰ ਨਕਾਰ ਦਿੱਤਾ।

**ਪ੍ਰੇਮ ਨਾਮ ਹੈ ਮੇਰਾ, ਪ੍ਰੇਮ ਚੋਪੜਾ**

ਖਲਨਾਇਕਾਂ ਦੀ ਗੱਲ ਅੱਗੇ ਤੋਰੀਏ ਤਾਂ ਪ੍ਰੇਮ ਚੋਪੜਾ ਜਿੱਥੇ ਰਾਜੇਸ਼ ਖੰਨਾ ਦੀ ਕਾਟ ਬਣੇ ਤਾਂ 1980 ਦੇ ਦਹਾਕੇ ਵਿੱਚ ਰੰਜੀਤ ਅਮਿਤਾਭ ਬੱਚਨ ਦੀ। ਰੰਗੀਨ ਕਮੀਜ਼, ਸ਼ਰਟ ਦੇ ਬਟਨ ਖੁੱਲ੍ਹੇ, ਗਲੇ ਵਿੱਚ ਸੋਨੇ ਦੀ ਚੈਨ। ਇਹ ਵਿਲੇਨ ਲੁੱਟ-ਖਸੁੱਟ ਕਰਨ ਤੋਂ ਹੀ ਨਹੀਂ ਸਗੋਂ ਹਿਰੋਇਨ ਨਾਲ ਬਦਸਲੂਕੀ ਕਰਨ ਤੋਂ ਵੀ ਨਹੀਂ ਖੁੰਝਦੇ ਸਨ। ਇਸੇ ਦੌਰਾਨ ਡੈਂਗ (ਕਰਮਾ) ਅਤੇ ਸ਼ਾਕਾਲ (ਸ਼ਾਨ) ਵਰਗੇ ਡਾਨ ਅਤੇ ਅਪਰਾਧੀ ਵੀ ਸਨ ਜਿਨ੍ਹਾਂ ਦੇ ਕੋਲ ਆਲੇ-ਦੁਆਲੇ ਨਵੇਂ-ਨਵੇਂ ਉਪਕਰਣ ਹੁੰਦੇ ਸਨ। ਸਕਰੀਨ ਉੱਤੇ ਇਨ੍ਹਾਂ ਦਾ ਦਾਖਲਾ ਹੀ ਦੱਸ ਦਿੰਦਾ ਸੀ ਹੁਣ ਸਭ ਗ਼ਲਤ ਹੋਣ ਜਾ ਰਿਹਾ ਹੈ।

ਇੱਥੇ ਬਾਬੀ ਦਾ ਉਹ ਸੀਨ ਯਾਦ ਆਉਂਦਾ ਹੈ ਕਿ ਜਿੱਥੇ ਪ੍ਰੇਮ ਚੋਪੜਾ ਫਿਲਮ ਦੇ ਅਖੀਰ ਵਿੱਚ ਐਂਟਰੀ ਲੈਂਦੇ ਹਨ। ਡਿੰਪਲ ਨੂੰ ਦੇਖ ਕੇ ਜਦੋਂ ਉਹ ਕਹਿੰਦੇ ਹਨ, ਪ੍ਰੇਮ ਨਾਮ ਹੈ, ਪ੍ਰੇਮ ਚੋਪੜਾ ਤਾਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਉੱਥੇ ਗੱਬਰ ਸਿੰਘ ਦੇ ਬੋਲੇ ਬਿਨਾਂ ਫਿਲਮ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਲੇਕਿਨ 1992 ਵਿੱਚ ਸਿਰਫ਼ 52 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਇਸ ਸਾਰੇ ਦੌਰਾਨ ਸਿੱਕਮ ਤੋਂ ਆਏ ਅਤੇ ਇੱਕਦਮ ਵੱਖਰੇ ਦਿਸਣ ਵਾਲੇ ਡੈਨੀ ਨੇ ਵੀ ਧਰਮਾਤਮਾ, ਹਮ ਵਰਗੀਆਂ ਫਿਲਮਾਂ ਵਿੱਚ ਥਾਂ ਬਣਾਈ। ਇੱਕ ਹਾਦਸੇ ਨੇ ਉਨ੍ਹਾਂ ਨੂੰ ਅਸਲ ਵਿਲੇਨ ਬਣਾ ਦਿੱਤਾ ਸੀ।

**ਪ੍ਰਾਣ ਬਣੇ ਮਲੰਗ ਚਾਚਾ, ਸ਼ਕਤੀ ਕਪੂਰ ਕ੍ਰਾਈਮ ਮਾਸਟਰ ਗੋਗੋ**

ਵੈਸੇ ਸਮੇਂ ਦੇ ਨਾਲ ਕਈ ਖਲਨਾਇਕਾਂ ਨੇ ਹਾਂਮੁਖੀ ਕਿਰਦਾਰ ਵੀ ਨਿਭਾਉਣੇ ਸ਼ੁਰੂ ਕਰ ਦਿੱਤੇ ਸਨ। ਕਾਦਰ ਖ਼ਾਨ ਅਤੇ ਸ਼ਕਤੀ ਕਪੂਰ (ਕ੍ਰਾਈਮ ਮਾਸਟਰ ਗੋਗੋ) ਦੇ ਆਣ ਤੋਂ ਕਾਮਿਕ ਵਿਲੇਨ ਪਰਦੇ ਉੱਤੇ ਆਏ। ਹਾਲਾਂਕਿ ਰੋਸ਼ਮਿਲਾ ਭੱਟਾਚਾਰੀਆ ਮੰਨਦੇ ਹਨ ਕਿ ਵਿਲੇਨ ਚੰਗਾ ਅਦਾਕਾਰ ਤਾਂ ਹੋਣਾ ਹੀ ਚਾਹੀਦਾ ਹੈ ਲੇਕਿਨ ਅਸਲ ਵਿਲੇਨ ਉਹੀ ਹੈ ਜੋ ਮਨ ਵਿੱਚ ਭੈਅ ਅਤੇ ਦਿਮਾਗ ਵਿੱਚ ਘਿੰਨ ਪੈਦਾ ਕਰੇ। ਕਦੇ ਲੋਕਾਂ ਵਿੱਚ ਭੈਅ ਪੈਦਾ ਕਰਨ ਵਾਲੇ ਪ੍ਰਾਣ ਬਾਅਦ ਵਿੱਚ ਫਿਲਮ ਉਪਕਾਰ (1965) ਦੇ ਕਸਮੇ ਵਾਅਦੇ ਪਿਆਰ ਵਫ਼ਾ ਵਾਲੇ ਗਾਣੇ ਵਿੱਚ ਮਲੰਗ ਚਾਚਾ ਬਣਕੇ ਸਾਰਿਆਂ ਨੂੰ ਰੁਆ ਗਏ।

ਵੈਸੇ ਜਿੰਨੇ ਇਹ ਖਲਨਾਇਕ ਮਸ਼ਹੂਰ ਸਨ, ਉਨੇ ਹੀ ਉਨ੍ਹਾਂ ਦੇ ਸੰਵਾਦ ਵੀ ਮਸ਼ਹੂਰ ਹੁੰਦੇ ਸਨ। ਹੀਰੋ ਦੇ ਹੋਣ ਨਾ ਹੋਣ, ਵਿਲੇਨ ਦੀ ਕੋਈ ਨਾ ਕੋਈ ਪੰਚ ਲਾਈਨ ਫਿਲਮ ਵਿੱਚ ਜ਼ਰੂਰ ਹੁੰਦੀ ਸੀ। ਫਿਰ ਉਹ ਅਜੀਤ ਦਾ ਇਹ ਡਾਇਲਾਗ 'ਲੇਕਿਨ ਏਕ ਬਾਤ ਮਤ ਭੂਲੀਏ ਡੀਐਸਪੀ ਸਾਹਬ ਕਿ ਸਾਰਾ ਸ਼ਹਿਰ ਮੁਝੇ ਲਾਇਨ ਕੇ ਨਾਮ ਸੇ ਜਾਨਤਾ ਹੈ। ਔਰ ਇਸ ਸ਼ਹਿਰ ਮੇਂ ਮੇਰੀ ਹੈਸੀਅਤ ਵਹੀ ਹੈ ਜੋ ਜੰਗਲ ਮੇਂ ਸ਼ੇਰ ਕੀ' ਹੋਵੇ ਜਾਂ ਪ੍ਰੇਮ ਚੋਪੜਾ ਦਾ ਸੰਵਾਦ 'ਮੈਂ ਵੋਹ ਬਲਾ ਹੂੰ ਜੋ ਸ਼ੀਸ਼ੇ ਸੇ ਪੱਥਰ ਕੋ ਤੋੜਤਾ ਹੂੰ'।

**ਅਮਜ਼ਦ ਖ਼ਾਨ ਨੂੰ ਮਿਲਿਆ ਬੈਸਟ ਕਾਮਿਕ ਰੋਲ ਅਵਾਰਡ**

ਲੇਕਿਨ ਖਲਨਾਇਕੀ ਤੋਂ ਪਰ੍ਹੇ, ਇਨ੍ਹਾਂ ਖਲਨਾਇਕਾਂ ਦੀ ਜ਼ਿੰਦਗੀ ਦੇ ਕਈ ਪਹਿਲੂ ਹਨ। ਸ਼ੁਰੂ ਵਿੱਚ ਗੱਲ ਅਮਜ਼ਦ ਖ਼ਾਨ ਤੋਂ ਹੋਈ ਸੀ, ਹੁਣ ਉਨ੍ਹਾਂ ਉੱਤੇ ਹੀ ਲਿਆ ਕੇ ਖ਼ਤਮ ਕਰਦੇ ਹਾਂ। ਵਿਲੇਨ ਬਣਨ ਤੋਂ ਪਹਿਲਾਂ ਅਮਜ਼ਦ ਖ਼ਾਨ ਬਾਲ ਕਲਾਕਾਰ ਸਨ। ਕੇ ਆਸਿਫ਼ ਦੇ ਸਹਾਇਕ ਨਿਰਦੇਸ਼ਕ ਸਨ। ਉਹ ਐਕਟਰਜ਼ ਗਿਲਡ ਦੇ ਮੁਖੀ ਵੀ ਰਹੇ, ਜਿਨ੍ਹਾਂ ਨੇ ਫਿਲਮ ਇੰਡਸਟਰੀ ਦੇ ਕਈ ਵਿਵਾਦ ਸੁਲਝਾਏ ਅਤੇ ਕਈ ਫਿਲਮਾਂ ਦੇ ਨਿਰਦੇਸ਼ਕ ਵੀ ਰਹੇ।

ਨੇਗੇਟਿਵ ਰੋਲ ਲਈ ਤਾਂ ਨਹੀਂ ਲੇਕਿਨ ਬੈਸਟ ਸਹਾਇਕ ਐਕਟਰ (ਦਾਦਾ ਅਤੇ ਯਾਰਾਨਾ) ਅਤੇ ਬੈਸਟ ਕਾਮਿਕ ਰੋਲ (ਮਾਂ ਕਸਮ) ਦੇ ਲਈ ਉਨ੍ਹਾਂ ਨੂੰ ਤਿੰਨ ਵਾਰ ਫਿਲਮਫੇਅਰ ਅਵਾਰਡ ਮਿਲਿਆ।

# ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਲਾਲੀ ਧਨੌਲਾ ਦਾ ਕੀਤਾ ਸਨਮਾਨ

ਧਨੌਲਾ ਮੰਡੀ, ਸੰਜੀਵ ਗਰਗ ਕਾਲੀ- ਸ਼ਹੀਦ ਭਗਤ ਸਿੰਘ ਯੂਥ ਸਪੋਰਟਸ ਕਲੱਬ ਧਨੌਲਾ ਵੱਲੋਂ ਪਿਛਲੇ ਦਿਨੀ ਸਪੁੱਤਰ ਲਾਲੀ ਦਾ ਵਿਦੇਸ਼ ਖੇਡ ਕੇ ਆਉਣ ਤੇ ਸਨਮਾਨ ਕੀਤਾ ਗਿਆ ਹੈ।ਇਸ ਮੌਕੇ ਖਿਡਾਰੀਆਂ ਤੋਂ ਇਲਾਵਾ



ਮਲੇਸੀਆ ਦੇ ਮੈਦਾਨਾਂ ਵਿੱਚ ਖੇਡ ਕੇ ਆਏ ਅੰਤਰਰਾਸ਼ਟਰੀ ਖਿਡਾਰੀ ਗੁਰਲਾਲ ਸਿੰਘ ਲਾਲੀ ਦਾ ਸਨਮਾਨ ਕੀਤਾ ਗਿਆ। ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਕਲੱਬ ਦੇ ਪ੍ਰਧਾਨ ਭਗਵੰਤ ਸਿੰਘ ਪੰਧੇਰ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਯੂਥ ਸਪੋਰਟਸ ਕਲੱਬ ਸਮੇਂ ਸਮੇਂ ਤੇ ਧਨੌਲਾ ਦਾ ਨਾਮ ਨੈਸ਼ਨਲ/ਇੰਟਰਨੈਸ਼ਨਲ ਪੱਧਰ ਤੇ ਰੌਸ਼ਨ ਕਰਕੇ ਆਏ ਖਿਡਾਰੀਆਂ ਨੂੰ ਸਨਮਾਨਿਤ ਕਰਦਾ ਰਹਿੰਦਾ ਹੈ ਉਸੇ ਲੜੀ ਤਹਿਤ ਆਪਣੇ ਸਮੇ ਦੇ ਤਕੜੇ ਖਿਡਾਰੀ ਬੱਬੂ ਧਨੌਲਾ ਦੇ ਸੁਖਰਾਜ ਸਿੰਘ ਪੰਧੇਰ ,ਜਾਗਰ ਸਿੰਘ ਢਿੱਲੋਂ,ਮਾਸਟਰ ਕੈਲਾਸ ਚੰਦ ,ਦਰਸ਼ਨ ਸਿੰਘ ਢਿੱਲੋਂ , ਗੁਰਪ੍ਰੀਤ ਸਿੰਘ ਜਟਾਣਾ, ਗੁਰਮੇਲ ਸਿੰਘ ਕਾਕਾ, ਚੰਦ ਸਿੰਘ, ਗੁਰਮੇਲ ਸਿੰਘ ਡੀਪੀਈ, ਕਿਰਪਾਲ ਸਿੰਘ ਅਤੇ ਡਾ ਭੂਸ਼ਨ ਕੁਮਾਰ ਗਰਗ ਨੇ ਖਿਡਾਰੀਆਂ ਦੀ ਹੌਸਲਾ ਵਧਾਈ ਕਰਦੇ ਹੋਏ ਵੱਧ ਤੋਂ ਵੱਧ ਖੇਡਣ ਲਈ ਪ੍ਰੇਰਿਤ ਕੀਤਾ। ਕਲੱਬ ਦੇ ਅਹੁਦੇਦਾਰਾਂ ਨੇ ਸਾਰੇ ਹੀ ਖਿਡਾਰੀਆਂ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ।

# ਮਿੱਟੀ ਦੇ ਮੋਹ 'ਚੋਂ ਉੱਠਦੇ ਸਵਾਲ

**ਰਮਨਦੀਪ ਕੌਰ**

ਮਨ ਦਾ ਉਲਝਣਾ ਤੇ ਟਿਕਾਅ 'ਚ ਨਾ ਹੋਣਾ ਜਿੰਨਾ ਖ਼ਤਰਨਾਕ ਹੁੰਦਾ ਹੈ, ਓਨਾ ਹੀ ਫ਼ਾਇਦੇਮੰਦ ਹੁੰਦੈ। ਉਲਝਣਾਂ ਨੂੰ ਸੁਲਝਾਉਣ ਲੱਗਿਆਂ ਆਤਮ-ਮੰਥਨ ਹੁੰਦਾ ਹੈ। ਉਲਝੀ ਤਾਣੀ ਖ਼ੁਦ-ਬ-ਖ਼ੁਦ ਸੁਲਝਣ ਲੱਗਦੀ ਹੈ। ਸੋਚਾਂ ਸੱਚ ਹੋ ਤੁਰਦੀਆਂ ਨੇ। ਸੋਚਣਾ ਆਪਣੇ ਹੱਥ ਹੈ। ਜਿੱਦਾਂ ਕਿ ਅਕਸਰ ਇਹ ਸੁਣਦੇ ਰਹਿੰਦੇ ਆਂ ਪੁਰਾਣੇ ਬੰਦਿਆਂ ਤੋਂ ਕਿ ਕੈਨੇਡਾ ਵਿਚ ਇਹ ਆਪਣੇ ਹੱਥ ਹੈ ਕਿ ਜਾਂ ਤਾਂ ਬੰਦਾ ਬਰਬਾਦ ਹੋ ਜਾਂਦਾ ਹੈ ਜਾਂ ਆਬਾਦ। ਕੀ ਸ਼ੌਕਾਂ ਨੂੰ ਮਾਣ ਲੈਣਾ ਜਾਂ ਜ਼ਿੰਦਗੀ ਬਣਾ ਲੈਣੀ ਸਿੱਕੇ ਦੇ ਦੋ ਪਾਸੇ ਹਨ ਜਾਂ ਇੱਕੋ? ਬੇਸ਼ੱਕ ਕਾਮਯਾਬ ਇਨਸਾਨਾਂ ਲਈ ਇੱਕੋ ਹੁੰਦੇ ਹਨ। ਸਫਲ ਇਨਸਾਨ ਬਾਰੇ ਅਕਸਰ ਕਿਹਾ ਜਾਂਦਾ ਹੈ, 'ਜੋ ਜੀਤਾ ਵੋਹ ਸਿਕੰਦਰ'।

ਹਾਰਿਆਂ ਦੇ ਗਲਾਂ ਵਿਚ ਹਾਰ ਕਦੇ ਨਹੀਂ ਪੈਂਦੇ। ਜਦੋ ਆਪਾਂ ਕਾਮਯਾਬੀ ਦੇ ਸ਼ੁਰੂਆਤੀ ਦੌਰ ਵਿਚ ਹੁੰਦੇ ਹਾਂ ਤਾਂ ਬੱਚਤ ਤੇ ਖ਼ਰਚਾ ਸਿੱਕੇ ਦੇ ਦੋ ਪਾਸੇ ਹੀ ਹੁੰਦੇ ਹਨ। ਮੈਂ ਕੈਨੇਡਾ ਵਿਚ ਪਿਛਲੇ ਦੋ ਕੁ ਸਾਲਾਂ ਤੋਂ ਰਹਿ ਰਹੀ ਹਾਂ। ਇਕ ਉਲਝਣ ਤਾਂ ਮੇਰੇ ਮਨ ਵਿਚ ਉਦੋਂ ਪੈਦਾ ਹੋਈ ਜਦੋਂ ਚੱਲਦੀ ਬਹਿਸ ਵਿਚ ਕੋਈ ਬੋਲਿਆ ਕਿ ਭਾਈ ਸਾਹਿਬ, ਪੈਸਾ ਬਚਾ ਕੇ ਨਹੀਂ ਵਧਾਇਆ ਜਾ ਸਕਦਾ ਜਾਂ ਖ਼ਰਚੇ ਨਾਲ ਨਹੀਂ ਫ਼ਰਕ ਪੈਂਦਾ, ਕਮਾਉਣਾ ਪੈਂਦਾ ਹੈ ਜਾਂ ਕਹਿ ਲਓ ਕਮਾਈ ਵਧਾਉਣੀ ਪੈਂਦੀ ਹੈ।

ਚੱਲੋ ਛੱਡੋ! ਅਜਿਹੀਆਂ ਹਲਚਲਾਂ ਤਾਂ ਮਨ ਵਿਚ ਚੱਲਦੀਆਂ ਹੀ ਰਹਿੰਦੀਆਂ ਹਨ। ਕਈਆਂ ਦਾ ਸਿਰਾ ਨਾ ਸਮਝ ਆਉਣ 'ਤੇ ਉਨ੍ਹਾਂ ਦਾ ਪਿੱਛਾ ਛੱਡ ਦੇਣਾ ਹੀ ਬਿਹਤਰ ਹੁੰਦਾ ਹੈ। ਅਕਸਰ ਇੱਥੇ ਹਰੇਕ ਪੰਜਾਬੀ ਦੇ ਮੂੰਹੋ ਸੁਣਨ ਨੂੰ ਮਿਲ ਜਾਂਦਾ ਹੈ ਕਿ ''ਜਵਾਕਾਂ ਨੂੰ ਇੱਥੇ ਰੱਖਣ ਦਾ ਕੋਈ ਫ਼ਾਇਦਾ ਨਹੀਂ। ਉਹ ਆਪਣੇ ਅਮੀਰ ਵਿਰਸੇ ਨੂੰ ਜਲਦੀ ਭੁੱਲ ਜਾਂਦੇ ਹਨ। ਆਪਣੀ ਬੋਲੀ, ਆਪਣਾ ਦੇਸ਼ ਅਤੀਤ ਬਣ ਜਾਂਦਾ ਹੈ। ਧਰਤੀ ਮਾਂ ਦੀ ਵੀ ਤਾਂ ਆਪਣੀ ਬੋਲੀ ਹੁੰਦੀ ਹੈ। ਜੈਸਾ ਦੇਸ ਵੈਸਾ ਭੇਸ। ਉਹ ਅਕਸਰ ਕਹਿੰਦੇ ਹਨ ਕਿ ਜਵਾਕ ਆਪਣੀ ਜ਼ੁਬਾਨ ਪੰਜਾਬੀ ਭੁੱਲ ਜਾਂਦੇ ਹਨ ਤੇ ਉਹ ਗੋਰਿਆਂ ਤੇ ਕਾਲਿਆਂ ਦੇ ਜਵਾਕਾਂ ਦੇ ਨਾਲ ਰਲਦੇ ਹਨ, ਆਪਣੇ ਸੱਭਿਆਚਾਰ ਦਾ ਕੁਝ ਪਤਾ ਨਹੀਂ ਲੱਗਦਾ।'' ਮਾਫ਼ ਕਰਨਾ, ਮੈਂ ਰੰਗ ਦੇ ਆਧਾਰ 'ਤੇ ਗੱਲ ਨਹੀਂ ਕਰ ਰਹੀ, ਹਰ ਜ਼ੁਬਾਨ ਦੀ ਗੱਲ ਦੱਸ ਰਹੀ ਹਾਂ। ਸੱਭਿਆਚਾਰ ਤੇ ਬੋਲੀ ਦੇ ਮੁੱਕ ਜਾਣ ਨਾਲ ਕੌਮ ਮੁੱਕ ਜਾਂਦੀ ਹੈ ਤੇ ਜਵਾਕ ਜਿਹੋ ਜਿਹੇ ਮਾਹੌਲ ਵਿਚ ਪਲਦੇ ਹਨ, ਓਹੋ ਜਿਹਾ ਸਿੱਖਦੇ ਹਨ। ਪੰਜਾਬ ਵਿਚ ਬਾਪੂ ਦੀ ਝਿੜਕ ਜ਼ਰੂਰੀ ਹੁੰਦੀ ਹੈ ਕਈ ਗੱਲਾਂ ਤੇ ਸਮਾਜ ਨੂੰ ਸਮਝਣ ਲਈ। ਚੱਲੋ, ਫਿਰ ਜੇ ਭਟਕ ਹੀ ਗਈ ਹਾਂ ਤਾਂ ਇਕ ਗੱਲ ਸਣਾਉਂਦੀ ਹਾਂ।

ਬਚਪਨ 'ਚ ਸਕੂਲ ਵਿੱਚੋਂ ਇਕ ਪੈਨਸਿਲ ਲੈਣ 'ਤੇ ਵੀ ਮੇਰੇ ਦਾਦਾ ਜੀ ਨੇ ਪਰਚੀ 'ਤੇ ਲਿਖਵਾ ਕੇ ਲਿਆਉਣ ਲਈ ਕਹਿਣਾ ਕਿ ਬੱਚੇ ਨੇ ਪੈਸਿਆਂ ਬਦਲੇ ਪੈਨਸਿਲ ਖ਼ਰੀਦ ਲਈ ਹੈ। ਇੱਥੇ ਸਬੂਤ ਸ਼ਬਦ ਦੀ ਵਰਤੋਂ ਕਰਨਾ ਮੇਰੀ ਮੱਤ ਨੂੰ ਛੋਟਾ ਕਰ ਦਿੰਦਾ ਹੈ ਪਰ ਕਹਿ ਸਕਦੇ ਹਾਂ ਕਿ ਇਹ ਸਭ ਪਾਪਾ ਜੀ ਆਪਣੀ ਸੰਤੁਸ਼ਟੀ ਤੇ ਮਨ ਦੇ ਟਿਕਾਅ ਲਈ ਹੀ ਕਰਦੇ ਸਨ ਕਿ ਜਵਾਕ ਸਹੀ ਰਾਹ 'ਤੇ ਹੀ ਹਨ ਤੇ ਇਨ੍ਹਾਂ ਨੇ ਉਹ ਇਕ ਰੁਪਏ ਦੀ ਵਰਤੋਂ ਪੈਨਸਿਲ ਦੀ ਥਾਂ ਚੀਜੀ ਖਾਣ ਲਈ ਨਹੀਂ ਕੀਤੀ। ਅਜਿਹੀ ਗ਼ਲਤ ਆਦਤ ਵੱਡੇ ਹੋਣ 'ਤੇ ਕੱਪੜੇ ਜਾਂ ਫੀਸਾਂ ਦੀ ਥਾਂ ਨਸ਼ਿਆਂ ਜਾਂ ਬਾਕੀ ਕੁਰੀਤੀਆਂ ਵਿਚ ਬਦਲ ਸਕਦੀ ਹੈ। ਵਾਪਸ ਮੁੱਦੇ 'ਤੇ ਪਰਤਦੇ ਹੋਏ ਦੱਸਦੀ ਹਾਂ ਕਿ ਇਕ ਨਵੀਂ ਉਲਝਣ ਇਹ ਪੈਦਾ ਹੋਈ ਮੇਰੇ ਮਨ ਵਿਚ ਕਿ ਗੁਰੂ ਨਾਨਕ ਦੇਵ ਜੀ ਦੀ ਸੋਚ ਜਾਤ-ਪਾਤ, ਰੰਗ ਦੇ ਆਧਾਰ 'ਤੇ ਭੇਦਭਾਵ ਖ਼ਤਮ ਕਰਨ ਦੀ ਸੀ। ਸਾਡੇ ਗੁਰੂ ਸਾਹਿਬਾਨ ਚਾਹੁੰਦੇ ਸਨ ਕਿ ਸਮਾਜ ਇਕ ਹੋਵੇ। ਉਹ ''ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'' ਦੇ ਹਰਕਾਰੇ ਸਨ।

ਕਿੰਨੀਆਂ ਹੀ ਭਾਸ਼ਾਵਾਂ ਮਰੀਆਂ ਪਰ ਇਨਸਾਨੀਅਤ ਜਿਊਂਦੀ ਰਹੀ, ਏਹੀ ਤਾਂ ਅਸਲੀ ਧਰਮ ਹੈ। ਜ਼ਰਾ ਕੁ ਇਤਿਹਾਸ 'ਤੇ ਨਜ਼ਰ ਮਾਰ ਲਈਏ ਤਾਂ ਕਾਲੇ, ਭੂਰੇ ਜਾਂ ਗੋਰੇ ਦਾ ਇਕ ਥਾਂ ਖੇਡ ਲੈਣਾ, ਚਾਹੇ ਕਿਸੇ ਵੀ ਭਾਸ਼ਾ ਜ਼ਰੀਏ ਮਨ ਦੀਆਂ ਭਾਵਨਾਵਾਂ ਜਾਂ ਖ਼ਿਆਲਾਂ ਨੂੰ ਸਾਂਝਾ ਕਰ ਲੈਣਾ, ਕੀ ਉਹੋ ਜਿਹੇ ਸਮਾਜ ਦਾ ਆਰੰਭ ਨਹੀਂ ਜਾਂ ਨਸਲਪ੍ਰਸਤੀ ਦਾ ਖ਼ਾਤਮਾ ਹੈ? ਇਸ ਨੂੰ ਮੈਂ ਮੰਨਣ ਤੋਂ ਨਾਂਹ ਨਹੀਂ ਕਰ ਸਕਦੀ। ਅਗਲੀ ਪੀੜ੍ਹੀ ਨੂੰ ਸੱਭਿਆਚਾਰ ਭੁੱਲ ਜਾਣਾ ਹੈ। ਭਾਸ਼ਾ ਬਦਲ ਜਾਣੀ ਹੈ। ਰਹਿਣ-ਸਹਿਣ ਬਦਲ ਜਾਣਾ ਹੈ। ਸਾਡੇ ਤੋਂ ਅਗਲੀ ਇਕ ਪੀੜ੍ਹੀ ਮਸਾਂ ਟੱਪਣੀ ਹੈ ਕਿ ਸਾਡੇ ਜਵਾਕ ਗੋਰਿਆਂ ਵਰਗੇ ਲੱਗਣ ਲੱਗ ਜਾਣਗੇ। ਕੱਚੇ ਘੜੇ ਜਿਹੇ ਜਵਾਕਾਂ ਨੇ ਪੱਕ ਜਾਣਾ ਏ ਇੱਧਰ ਦੇ ਮਾਹੌਲ ਵਿਚ ਜੋ ਕਿ ਗੰਭੀਰ ਮੁੱਦਾ ਹੈ।

ਕਹਿੰਦੇ ਹਨ ਕਿ ਉਮਰ ਦੇ ਢਲਣ ਨਾਲ ਆਪਣੇ ਦੇਸ਼ ਨੂੰ ਮੁੜਨ ਦੀ ਤਾਂਘ ਵਧ ਜਾਂਦੀ ਹੈ। ਢਲਦੀ ਉਮਰੇ ਮਿੱਟੀ ਦਾ ਮੋਹ ਜਾਗਦਾ ਹੈ। ਜਨਮ ਭੋਇੰ ਆਵਾਜ਼ਾਂ ਮਾਰਦੀ ਹੈ। ਇਹ ਵੀ ਇਕ ਕਾਰਨ ਹੈ ਕਿ ਏਥੇ ਦੇ ਮਾਂ-ਬਾਪ ਡਰ ਜਾਂਦੇ ਹਨ ਕਿ ਜਵਾਕਾਂ ਦੇ ਏਥੇ ਪਲਣ ਨਾਲ ਕਿਤੇ ਨਾ ਕਿਤੇ ਉਨ੍ਹਾਂ ਦਾ ਵੀ ਆਪਣੇ ਦੇਸ਼ ਦੀ ਧਰਤੀ 'ਤੇ ਵਾਪਸ ਜਾ ਕੇ ਵਸਣ ਦਾ ਖ਼ਿਆਲ ਖ਼ਤਮ ਹੋ ਜਾਵੇਗਾ। ਇਨ੍ਹਾਂ ਦੋਹਾਂ ਵਿਚਾਰਧਾਰਾਵਾਂ ਵਿੱਚੋਂ ਪੈਦਾ ਹੋਇਆ ਇਹ ਸਵਾਲ ਕਿੰਨੇ ਹੀ ਸਵਾਲਾਂ ਦੀ ਜੜ੍ਹ ਲਾ ਦਿੰਦਾ ਹੈ।

# ਵਧਦੀ ਆਬਾਦੀ ਕਾਰਨ ਧਰਤੀ ਦੇ ਸਾਧਨਾਂ 'ਤੇ ਵਧਦਾ ਬੋਝ



ਕੰਵਲਜੀਤ ਕੌਰ ਗਿੱਲ

ਸੰਯੁਕਤ ਰਾਸ਼ਟਰ ਨੇ 'ਵਿਸ਼ਵ ਆਬਾਦੀ ਦੀਆਂ ਸੰਭਾਵਨਾਵਾਂ-2024' ਤਹਿਤ ਜਾਰੀ ਤਾਜ਼ਾ ਰਿਪੋਰਟ ਵਿੱਚ ਭਾਰਤ ਨੂੰ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਕਰਾਰ ਦਿੱਤਾ ਹੈ। ਰਿਪੋਰਟ ਅਨੁਸਾਰ ਭਾਰਤ ਦੀ ਕੁੱਲ ਆਬਾਦੀ 144.11 ਕਰੋੜ ਦਾ ਅੰਕੜਾ ਪਾਰ ਕਰ ਚੁੱਕੀ ਹੈ। ਜੂਨ 2023 ਤੱਕ ਚੀਨ ਨੂੰ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਮੰਨਿਆ ਜਾਂਦਾ ਰਿਹਾ ਹੈ। ਹੁਣ ਵਿਸ਼ਵ ਦੀ ਕੁੱਲ ਆਬਾਦੀ ਦਾ 17.76% ਭਾਰਤ ਵਿੱਚ ਹੈ।

ਉਦਯੋਗਿਕ ਤੇ ਤਕਨੀਕੀ ਵਿਕਾਸ ਅਤੇ ਨਵੀਆਂ ਮੈਡੀਕਲ ਪ੍ਰਾਪਤੀਆਂ ਕਾਰਨ ਆਮ ਜਨ ਜੀਵਨ ਅਤੇ ਲੋਕਾਂ ਦੇ ਜੀਵਨ ਪੱਧਰ ਵਿੱਚ ਤਬਦੀਲੀ ਆਈ ਹੈ। 50 -60 ਸਾਲ ਪਹਿਲਾਂ ਦੇ ਮੁਕਾਬਲੇ ਜਿਊਂਦੇ ਰਹਿਣ ਦੀ ਸੰਭਾਵਨਾ (ਉਮਰ) ਵਿੱਚ ਵੀ ਵਾਧਾ ਹੋਇਆ ਹੈ। ਆਬਾਦੀ ਬਾਰੇ ਵਿਗਿਆਨੀ ਭਾਵੇਂ ਵਸੋਂ ਵਾਲੇ ਅੰਕੜਿਆਂ ਜਿਵੇਂ ਮੌਤ ਦਰ, ਜਨਮ ਦਰ, ਬਾਲ ਮੌਤ ਦਰ, ਜਨਣ ਸਮਰੱਥਾ ਆਦਿ ਵਿੱਚ ਸੁਧਾਰ ਦੇਖਦੇ ਹਨ ਪਰ ਜਿਸ ਉੱਚ ਪੱਧਰ 'ਤੇ ਆਬਾਦੀ ਦੇ ਪੱਖ ਤੋਂ ਭਾਰਤ ਪਹੁੰਚ ਗਿਆ ਹੈ, ਇਹ ਸਮਾਜ ਵਿਗਿਆਨੀਆਂ ਤੇ ਅਰਥ ਸ਼ਾਸਤਰੀਆਂ ਲਈ ਚਿੰਤਾ ਦਾ ਵਿਸ਼ਾ ਹੈ। ਵਧ ਰਹੀ ਆਬਾਦੀ ਆਰਥਿਕ ਵਸੀਲਿਆਂ ਉੱਪਰ ਬੋਝ ਬਣਦੀ ਜਾਪਦੀ ਹੈ। ਬੇਰੁਜ਼ਗਾਰੀ, ਭੁੱਖਮਰੀ ਤੇ ਕੁਪੋਸ਼ਣ, ਅਨਪੜ੍ਹਤਾ ਅਤੇ ਗਰੀਬੀ ਤੋਂ ਇਲਾਵਾ ਕਈ ਪ੍ਰਕਾਰ ਦੀਆਂ ਸਮਾਜਿਕ ਕੁਰੀਤੀਆਂ ਉਭਰ ਰਹੀਆਂ ਹਨ। ਬੇਰੁਜ਼ਗਾਰ ਜਵਾਨੀ ਨਸ਼ਿਆਂ ਵੱਲ ਜਾ ਰਹੀ ਹੈ। ਨੌਜਵਾਨ ਰੁਜ਼ਗਾਰ ਖਾਤਰ ਆਪਣਾ ਮੁਲਕ ਛੱਡਣ ਲਈ ਮਜਬੂਰ ਹਨ। ਵਿਦਿਅਕ ਸੰਸਥਾਵਾਂ, ਹਸਪਤਾਲਾਂ, ਪਾਰਕਾਂ ਆਦਿ ਵਿੱਚ ਸਮਰੱਥਾ ਤੋਂ ਵੱਧ ਭੀੜ ਹੋ ਰਹੀ ਹੈ।



ਦੂਜੇ ਪਾਸੇ ਕੁਦਰਤੀ ਤੇ ਨਾ-ਨਵਿਆਉਣ ਯੋਗ ਸਾਧਨ ਪਾਣੀ, ਹਵਾ, ਵਾਤਾਵਰਨ, ਜੰਗਲਾਤ ਆਦਿ ਪਲੀਤ ਹੋ ਰਹੇ ਹਨ ਜਾਂ ਘਟ ਰਹੇ ਹਨ। ਪਸ਼ੂ ਪੰਛੀ ਤੇ ਜਾਨਵਰਾਂ ਦੀਆਂ ਅਨੇਕ ਜਾਤੀਆਂ ਪਰਜਾਤੀਆਂ ਖਤਮ ਹੋ ਰਹੀਆਂ ਹਨ। ਇਸ ਸਾਰੇ ਕੁਝ ਨੂੰ ਕੰਟਰੋਲ ਕਰਨ ਵਾਸਤੇ ਸੁਚੇਤ ਹੋਣ ਦੀ ਜ਼ਰੂਰਤ ਹੈ। ਸਮਾਜ ਵਿਗਿਆਨੀ ਫ਼ਿਕਰਮੰਦ ਹਨ ਕਿ ਜੇ ਆਬਾਦੀ ਦਾ ਵਾਧਾ ਵਿਕਾਸ ਦੇ ਰਾਹ ਵਿੱਚ ਅੜਿੱਕਾ ਹੈ ਤਾਂ ਇਸ ਨੂੰ ਕਿਵੇਂ ਹੱਲ ਕਰਨਾ ਹੈ? ਇਸ ਦਾ ਸਾਰਥਕ ਢੰਗ ਇਹ ਹੋ ਸਕਦਾ ਹੈ ਕਿ ਚੀਨ ਦੀ ਤਰਜ਼ 'ਤੇ ਨੌਜਵਾਨ ਵਰਗ ਲਈ ਯੋਜਨਾਬੱਧ ਤਰੀਕੇ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਪਰ ਬਦਕਿਸਮਤੀ ਇਹ ਹੈ ਕਿ ਦੇਸ਼ ਦੇ ਵਿਕਾਸ ਪ੍ਰਬੰਧ ਵਿਚ ਰੁਜ਼ਗਾਰ ਨੀਤੀ ਨੂੰ ਕੋਈ ਸਥਾਨ ਨਹੀਂ ਦਿੱਤਾ ਗਿਆ। ਇਕ ਪੱਖ ਇਹ ਵੀ ਹੈ ਕਿ ਆਬਾਦੀ ਦੇ ਵਾਧੇ ਨਾਲ ਦੇਸ਼ ਨੂੰ ਮਨੁੱਖੀ ਸਰੋਤ ਜਾਂ ਪੂੰਜੀ ਵੀ ਮਿਲ ਰਹੀ ਹੈ, ਇਸ ਪੂੰਜੀ ਦਾ ਸਾਕਾਰਾਤਮਕ ਪ੍ਰਯੋਗ ਹੀ ਇਸ ਸਮੱਸਿਆ ਦਾ ਹੱਲ ਹੈ।

ਅਸਲ ਵਿੱਚ, ਜਦੋਂ ਆਬਾਦੀ ਸੀਮਾ ਤੋਂ ਵਧ ਜਾਂਦੀ ਹੈ ਤਾਂ ਉਸ ਦਾ ਚਿਰ ਸਥਾਈ ਆਰਥਿਕ ਵਿਕਾਸ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ ਅਤੇ ਹੋਰ ਸੰਸਥਾਈ ਸੰਸਥਾਵਾਂ ਤੇ ਮੁੱਢਲੇ ਬੁਨਿਆਦੀ ਢਾਂਚੇ ਉੱਪਰ ਭਾਰ ਵਧਣ ਲੱਗਦਾ ਹੈ। ਸਵਾਲ ਹੈ: ਵਧ ਰਹੀ ਆਬਾਦੀ ਨੂੰ ਕੇਵਲ ਵਿਸ਼ਵ ਆਬਾਦੀ ਦਿਵਸ ਮਨਾ ਕੇ ਗੱਲੀਂ-ਬਾਤੀਂ ਹੀ ਸਾਰ ਲਿਆ ਜਾਵੇ ਜਾਂ ਇਸ ਬਾਰੇ ਠੋਸ ਸਾਰਥਕ ਨੀਤੀ ਜਾਂ ਪ੍ਰੋਗਰਾਮ ਉਲੀਕੇ ਜਾਣ?

ਕਿਸੇ ਮੁੱਦੇ ਬਾਰੇ ਨੀਤੀ ਬਣਾਉਣ ਤੋਂ ਪਹਿਲਾਂ ਉਸ ਦੇ ਸਾਰੇ ਪੱਖਾਂ ਉੱਪਰ ਵਿਚਾਰ ਜ਼ਰੂਰੀ ਹੈ। ਆਬਾਦੀ ਦਾ ਵਾਧਾ ਕੇਵਲ ਗਿਣਤੀ ਨਾਲ ਸਬੰਧਿਤ ਨਹੀਂ; ਇਸ ਦੇ ਹੋਰ ਪਹਿਲੂ ਵੀ ਹਨ- ਆਬਾਦੀ ਕਿਸ ਰਫ਼ਤਾਰ ਨਾਲ ਵਧ ਰਹੀ ਹੈ; ਦੂਜਾ, ਆਬਾਦੀ ਦੀ ਉਮਰ ਸੰਰਚਨਾ (ਵਰਗ) ਕੀ ਹੈ; ਤੀਜਾ, ਆਬਾਦੀ ਦੀ ਗੁਣਵੱਤਾ ਜਾਂ ਮਿਆਰ ਕੀ ਹੈ ਅਰਥਾਤ ਸਿੱਖਿਆ, ਸਿਹਤ ਤੇ ਹੁਨਰ ਦੇ ਪੱਖ ਤੋਂ ਇਸ ਦਾ ਪੱਧਰ ਕੀ ਹੈ।

ਆਜ਼ਾਦੀ ਤੋਂ ਬਾਅਦ 1951 ਤੋਂ ਆਬਾਦੀ ਅੰਕੜੇ ਇਕੱਠੇ ਕਰਨ ਦਾ ਕੰਮ ਵਧੇਰੇ ਗੰਭੀਰਤਾ ਨਾਲ ਸ਼ੁਰੂ ਹੋ ਗਿਆ। ਉਸ ਵੇਲੇ ਸਾਡੀ ਆਬਾਦੀ 36 ਕਰੋੜ ਦੇ ਲਗਭਗ ਸੀ। 1961 ਤੋਂ 1981 ਤੱਕ ਆਬਾਦੀ ਦਾ ਵਾਧਾ ਕਾਫੀ ਤੇਜ਼ੀ ਨਾਲ ਹੋਇਆ। ਇਸੇ ਕਰ ਕੇ 1971 ਤੋਂ 1981 ਦੇ ਦਹਾਕੇ ਨੂੰ 'ਆਬਾਦੀ ਵਿਸਫੋਟ' ਦਾ ਨਾਮ ਦਿੱਤਾ ਗਿਆ ਸੀ। 1975 ਵਿੱਚ ਪਰਿਵਾਰ ਨਿਯੋਜਨ ਦੇ 20 ਨੁਕਾਤੀ ਪ੍ਰੋਗਰਾਮ ਤਹਿਤ 'ਹਮ ਦੋ ਹਮਾਰੇ ਦੋ' ਦਾ ਨਾਅਰਾ ਦਿੱਤਾ। ਪ੍ਰੋਗਰਾਮ ਦੀ ਸਫਲਤਾ ਅਤੇ ਸਰਕਾਰੀ ਅੰਕੜੇ ਪੂਰੇ ਕਰਨ ਹਿੱਤ ਨਸਬੰਦੀ ਤੇ ਨਲਬੰਦੀ ਦੇ ਜ਼ਬਰਦਸਤੀ ਅਪਰੇਸ਼ਨ ਕੀਤੇ ਗਏ ਜਿਸ ਦਾ ਲੋਕਾਂ ਨੇ ਵਿਰੋਧ ਵੀ ਕੀਤਾ। ਮਗਰੋਂ ਵਸੋਂ ਗਿਣਤੀ ਵਿੱਚ ਤਾਂ ਵਾਧਾ ਹੋ ਰਿਹਾ ਸੀ ਪਰ ਦਰ ਨੂੰ ਮੋੜਾ ਪੈ ਗਿਆ। 2011 ਤੱਕ ਵਸੋਂ ਦੇ ਵਾਧੇ ਦੀ ਦਰ 2.3 ਤੋਂ ਘਟ ਕੇ 1.3% ਆ ਗਈ। ਸੰਯੁਕਤ ਰਾਸ਼ਟਰ ਵਸੋਂ ਫੰਡ ਦੇ ਅੰਦਾਜ਼ਿਆਂ ਅਨੁਸਾਰ, 2021 ਵਿੱਚ ਵਸੋਂ ਦੇ ਵਾਧੇ ਦੀ ਦਰ 0.18 ਦਰਜ ਹੋਈ। ਇਸੇ ਸਮੇਂ ਦੌਰਾਨ ਭਾਰਤ ਨੇ ਕੌਮੀ ਵਸੋਂ ਨੀਤੀ-1976 ਅਤੇ ਫਿਰ 2002 ਵਾਲੀ ਨੀਤੀ ਤਹਿਤ ਵਸੋਂ ਵਾਧਾ ਦਰ ਕਾਫੀ ਹੱਦ ਤੱਕ ਕੰਟਰੋਲ ਕਰ ਲਈ।

ਦੂਜਾ ਪਹਿਲੂ ਉਮਰ ਵਰਗ ਨਾਲ ਸਬੰਧਿਤ ਹੈ ਜਿਸ ਅਨੁਸਾਰ 14 ਸਾਲ ਤੱਕ ਬੱਚੇ, 15 ਤੋਂ 60 ਸਾਲ ਦੀ ਕੰਮਕਾਜੀ ਵਸੋਂ (ਇਸ ਵਿੱਚ 18 ਤੋਂ 44 ਸਾਲ ਤੱਕ ਦੇ ਨੌਜਵਾਨ ਵੀ ਸ਼ਾਮਿਲ ਹਨ) ਅਤੇ 60 ਸਾਲ ਤੋਂ ਉੱਪਰ ਦੀ ਬਜ਼ੁਰਗ ਵਸੋਂ ਹੁੰਦੀ ਹੈ। ਇਸ ਵੇਲੇ ਭਾਰਤ ਨੂੰ ਸਭ ਤੋਂ ਵਧੇਰੇ ਨੌਜਵਾਨ ਵਸੋਂ ਵਾਲਾ ਦੇਸ਼ ਹੋਣ ਦਾ ਮਾਣ ਵੀ ਪ੍ਰਾਪਤ ਹੈ ਜਿਹੜਾ ਕੁੱਲ ਆਬਾਦੀ ਦਾ ਲਗਭਗ 68% ਹੈ। ਵਸੋਂ ਦਾ ਤੀਜਾ ਪੱਖ ਵਸੋਂ ਦੀ ਗੁਣਵੱਤਾ ਜਾਂ ਮਿਆਰ ਹੈ। ਕੁੱਲ ਆਬਾਦੀ ਵਿੱਚ ਨੌਜਵਾਨਾਂ ਦੀ ਵਧੇਰੇ ਦਰ ਅਤੇ ਨਿਤ ਦਿਨ ਇਸ ਉਮਰ ਵਰਗ ਦੀ ਵਧ ਰਹੀ ਗਿਣਤੀ ਹੁਣ ਚਰਚਾ ਦਾ ਵਿਸ਼ਾ ਹੈ। ਕਿਹਾ ਜਾਂਦਾ ਹੈ ਕਿ ਪੈਦਾ ਹੋਣ ਵਾਲੇ ਹਰ ਬੱਚੇ ਦਾ ਮੂੰਹ ਹੁੰਦਾ ਹੈ। ਉਂਝ, ਇਸ ਦਾ ਦੂਜਾ ਪਹਿਲੂ ਵੀ ਹੈ ਕਿ ਹਰ ਬੱਚੇ ਦੇ ਦੋ ਹੱਥ ਵੀ ਹੁੰਦੇ ਹਨ ਜਿਹੜੇ ਇੱਕ ਸਮੇਂ ਬਾਅਦ ਕੰਮ ਕਰਨ ਯੋਗ ਹੋ ਜਾਂਦੇ ਹਨ। ਉਹ ਜਿੰਨੇ ਸਾਧਨ ਵਰਤਦਾ ਹੈ, ਉਸ ਤੋਂ ਕਈ ਗੁਣਾ ਵਧੇਰੇ ਉਤਪਾਦਨ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਬਸ ਸਮੱਸਿਆ ਅਤੇ ਬਹਿਸ ਇੱਥੇ ਆ ਕੇ ਦਿਸ਼ਾ ਬਦਲ ਲੈਂਦੀ ਹੈ ਕਿਉਂਕਿ ਉਹ ਉਤਪਾਦਨ ਉਸ ਹਾਲਤ ਵਿੱਚ ਹੀ ਕਰੇਗਾ ਜਦੋਂ ਉਸ ਨੂੰ ਮਿਆਰੀ ਸਿੱਖਿਆ, ਸਿਖਲਾਈ ਤੇ ਸਿਹਤ ਪ੍ਰਾਪਤ ਹੋਵੇਗੀ ਅਤੇ ਨੌਜਵਾਨ ਕੰਮਕਾਜ ਕਰਨ ਦੇ ਸਮਰੱਥ ਹੋਣਗੇ। ਕੀ ਸਾਡੇ ਕੋਲ ਲੋੜੀਂਦੀ ਮਾਤਰਾ ਵਿੱਚ ਰੁਜ਼ਗਾਰ ਹਨ? ਆਰਥਿਕਤਾ ਵਿੱਚ ਕਿਹੜੇ ਰੁਜ਼ਗਾਰ ਅਤੇ ਵਿਕਾਸ ਮਾਡਲ ਅਪਣਾਏ ਜਾਣ ਜਿਸ ਨਾਲ ਰੁਜ਼ਗਾਰ ਦੀ ਮੰਗ ਤੇ ਪੈਦਾਵਾਰ ਵਿੱਚ ਸੰਤੁਲਨ ਬਣਾਇਆ ਜਾ ਸਕੇ?

1990 ਦੇ ਮੱਧ ਤੱਕ ਆਰਥਿਕ ਮਾਹਿਰਾਂ ਸੁਝਾਅ ਦਿੰਦੇ ਸਨ ਕਿ ਜਦੋਂ ਖੇਤੀ ਖੇਤਰ ਵਿੱਚ ਰੁਜ਼ਗਾਰ ਦੀ ਸੀਮਾਂਤ ਉਤਪਾਦਕਤਾ ਜ਼ੀਰੋ ਹੋ ਜਾਵੇ ਤਾਂ ਵਾਧੂ ਨੌਜਵਾਨ ਕੱਢ ਕੇ ਗੈਰ-ਖੇਤੀ ਖੇਤਰ ਜਾਂ ਉਦਯੋਗਿਕ/ਮੈਨੂਫੈਕਚਰਿੰਗ ਤੇ ਭਵਨ ਨਿਰਮਾਣ ਖੇਤਰ ਵਿੱਚ ਲਗਾਉਣੇ ਚਾਹੀਦੇ ਹਨ ਪਰ ਤਕਨੀਕੀ ਸਿੱਖਿਆ, ਸਿਖਲਾਈ ਤੇ ਮੁਹਾਰਤ ਦੀ ਅਣਹੋਂਦ ਕਾਰਨ ਉਸ ਵੇਲੇ ਉਹ ਨੌਜਵਾਨ ਉੱਥੇ ਸਮਾਏ ਨਾ ਜਾ ਸਕੇ। ਉਨ੍ਹਾਂ ਨੂੰ ਗੈਰ-ਖੇਤੀ ਖੇਤਰ ਵਿੱਚ ਸ਼ਾਮਿਲ ਕਰਨ ਲਈ ਪਹਿਲਾਂ ਤਾਂ ਉਥੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ, ਦੂਜਾ ਉਨ੍ਹਾਂ ਨੂੰ ਆਧੁਨਿਕ ਤਕਨੀਕ ਤੇ ਹੁਨਰ ਦੀ ਸਿਖਲਾਈ ਦਿੱਤੀ ਜਾਵੇ। ਸਕੂਲਾਂ ਵਿੱਚ ਬੱਚਿਆਂ ਨੂੰ ਕਿੱਤਾ ਮੁਖੀ ਸਿਖਲਾਈ ਦਿੱਤੀ ਜਾਵੇ ਤਾਂ ਕਿ ਜਿਉਂ ਹੀ ਉਹ ਰੁਜ਼ਗਾਰ ਦੀ ਮੰਡੀ ਵਿੱਚ ਸ਼ਾਮਿਲ ਹੋਣ, ਰੋਜ਼ੀ ਰੋਟੀ ਕਮਾਉਣ ਦੇ ਕਾਬਲ ਹੋ ਜਾਣ। ਅੱਜ ਵਾਲੀ ਅਰਥ ਵਿਵਸਥਾ ਦਾ ਵਿਕਾਸ ਮਾਡਲ ਅਜਿਹਾ ਹੈ ਜਿਥੇ ਆਮਦਨ ਵਿਕਾਸ ਦਰ ਤਾਂ ਵਧ ਰਹੀ ਹੈ ਪਰ ਰੁਜ਼ਗਾਰ ਘਟ ਰਹੇ ਹਨ। ਪ੍ਰਾਈਵੇਟ ਖੇਤਰ ਅਤੇ ਕਾਰ-ਪੋਰੇਟ ਘਰਾਣੇ ਆਪਣੇ ਮੁਫਾਦਾਂ ਲਈ ਰੁਜ਼ਗਾਰ ਘਟਾ ਰਹੇ ਹਨ। ਘਰੋਂ ਹੀ ਕੰਮ ਲੈਣਾ, ਕਾਮਿ-ਆਂ ਦੀ ਛਾਂਟੀ, ਠੇਕੇ 'ਤੇ ਕੰਮ ਦੇਣਾ, ਰੁਜ਼ਗਾਰ ਦੀ ਅਨਿਸ਼ਚਿਤਤਾ ਆਦਿ ਨੌਜਵਾਨਾਂ ਨੂੰ ਪਰਵਾਸ ਲਈ ਮਜਬੂਰ ਕਰ ਰਿਹਾ ਹੈ।

ਸੇਵਾਵਾਂ ਦੇ ਖੇਤਰ ਵਿੱਚ ਨਵੇਂ ਰੁਜ਼ਗਾਰ ਪੈਦਾ ਕਰਨ ਦੇ ਵਧੇਰੇ ਮੌਕੇ ਹਨ। ਜਿੱਥੇ ਨੌਜਵਾਨਾਂ ਨੂੰ ਆਧੁਨਿਕ ਤਕਨੀਕ ਵਾਲੀ ਸਿਖਲਾਈ ਮੁਹੱਈਆ ਕਰਵਾਉਣੀ ਚਾਹੀਦੀ ਹੈ। ਸਾਰੇ ਕੁਝ ਵਾਸਤੇ ਪ੍ਰਾਈਵੇਟ ਖੇਤਰ 'ਤੇ ਨਿਰਭਰ ਨਹੀਂ ਕਰ ਸਕਦੇ। ਸਰਕਾਰੀ ਸੰ-ਸਥਾਵਾਂ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਵਾਸਤੇ ਸਰਕਾਰੀ ਨਿਵੇਸ਼ ਜ਼ਰੂਰੀ ਹੈ। ਸਰਕਾਰੀ ਵਿਦਿਅਕ ਅਦਾਰਿਆਂ, ਤਕਨੀਕੀ ਸੰਸਥਾਵਾਂ ਦੇ ਨਾਲ-ਨਾਲ ਸਰਕਾਰੀ ਹਸਪਤਾਲਾਂ ਤੇ ਡਿਸਪੈਂਸਰੀਆਂ ਨੂੰ ਪ੍ਰਫੁੱਲਤ ਕਰਨਾ ਪਵੇਗਾ। ਇਸ ਵੇਲੇ 92।93% ਰੁਜ਼ਗਾਰ ਪ੍ਰਾਈਵੇਟ ਅਤੇ ਗ਼ੈਰ-ਜਥੇਬੰਦ ਖੇਤਰ ਵਿੱਚ ਹੈ ਜਿੱਥੇ ਅਨਿਸ਼ਚਿਤਤਾ ਤੇ ਛਾਂਟੀ ਦੀ ਤਲਵਾਰ ਲਟਕਦੀ ਰਹਿੰਦੀ ਹੈ। ਕੰਮ, ਮਾਣ ਭੱਤੇ, ਪੈਨਸ਼ਨ, ਛੁੱਟੀਆਂ, ਮੈਡੀਕਲ ਭੱਤਾ ਆਦਿ ਕੁਝ ਵੀ ਮਿਆਰ ਅਨੁਸਾਰ ਨਹੀਂ। ਇਸ ਲਈ ਨੌਜਵਾਨੀ ਨੂੰ ਦੋਸ਼ ਦੇਣਾ ਕਿ ਉਹ ਮਾਨਸਿਕ ਬਿਮਾਰੀਆਂ ਜਾਂ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ ਜਾਂ ਨਸ਼ਿਆਂ ਵੱਲ ਵਧ ਰਹੇ ਹਨ ਜਾਂ ਮਾਪਿਆਂ ਦੀ ਸਾਰੀ ਉਮਰ ਦੀ ਕਮਾਈ ਦਾਅ 'ਤੇ ਲਾ ਕੇ ਪਰਵਾਸ ਦੇ ਰਾਹ ਪੈ ਰਹੇ ਹਨ, ਠੀਕ ਨਹੀਂ।

ਅਜੇ ਵੀ ਮੌਕਾ ਸੰਭਾਲਣ ਦਾ ਵੇਲਾ ਹੈ। ਜੇ ਭਾਰਤ ਨੂੰ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਮੰਨ ਲਿਆ ਗਿਆ ਹੈ ਤਾਂ ਇਸ ਦੇ ਹਾਂ ਪੱਖੀ ਪਹਿਲੂ ਉਜਾਗਰ ਕਰਨੇ ਲਾਹੇਵੰਦ ਹੋਏਗਾ। ਇਸ ਨੂੰ ਮਨੁੱਖੀ ਸਰੋਤ ਵਜੋਂ ਲੈਣਾ ਚਾਹੀਦਾ ਹੈ। ਇਸ ਮਨੁੱਖੀ ਸਰੋਤ ਦਾ ਪੱਧਰ ਸੁਧਾਰਨ ਵੱਲ ਤਵੱਜੋ ਦੇਣੀ ਬਣਦੀ ਹੈ।

ਆਬਾਦੀ ਉੱਪਰ ਰਾਜਨੀਤੀ ਕਰਨ ਦੀ ਥਾਂ ਆਬਾਦੀ ਅਤੇ ਰੁਜ਼ਗਾਰ ਨਾਲ ਸਬੰਧਿਤ ਠੋਸ ਨੀਤੀ ਬਣਾ ਕੇ ਸ਼ਾਸਨ/ਰਾਜ ਜਾਂ ਸੇਵਾ ਕਰਨਾ ਲਾਹੇਵੰਦ ਹੋਏਗਾ। 2002 ਵਿੱਚ ਜਿਹੜੀ ਆਬਾਦੀ ਨੀਤੀ ਐਲਾਨੀ ਸੀ, ਉਸ ਦੇ ਨਤੀਜੇ ਵਜੋਂ ਵਸੋਂ ਵਾਧਾ ਦਰ ਵਿੱਚ ਕਮੀ ਦਰਜ ਹੋਈ ਸੀ। ਔਰਤਾਂ ਦੀ ਜਨਣ ਸ਼ਕਤੀ ਘਟ ਕੇ .ਹੋ ਚੁੱਕੀ ਹੈ। ਇਸ ਲਈ ਵਧਦੀ ਆਬਾਦੀ ਦੀ ਸਮੱਸਿਆ ਨੂੰ ਦੇਖ ਕੇ ਚੁਫੇਰੇ ਘਬਰਾਹਟ ਪੈਦਾ ਕਰਨ ਨਾਲੋਂ ਆਬਾਦੀ ਦੇ ਵਾਧੇ, ਖਾਸ ਕਰ ਕੇ ਨੌਜਵਾਨਾਂ ਦੀ ਵਧ ਰਹੀ ਵਸੋਂ ਦਰ ਨੂੰ ਲਾਭ ਅੰਸ਼ ਵਜੋਂ ਲੈਣਾ ਜ਼ਿਆਦਾ ਸਹੀ ਹੋਵੇਗਾ।

ਜੇ ਭਾਰਤ ਦਾ ਵਿਸ਼ਵ ਦੀ ਘਰੇਲੂ ਪੈਦਾਵਾਰ ਵਿੱਚ ਹਿੱਸਾ 1 ਤੋਂ ਵਧ ਕੇ 3।5% ਹੋ ਸਕਦਾ ਹੈ ਤੇ ਅਸੀਂ ਤੀਜੀ ਵੱਡੀ ਅਰਥ ਵਿਵਸਥਾ ਬਣਨ ਦਾ ਸੁਫ਼ਨਾ ਜਲਦੀ ਸਾਕਾਰ ਹੋਣ ਦੇ ਦਾਅਵੇ ਕਰ ਰਹੇ ਹਾਂ ਤਾਂ ਨਿਸ਼ਚੇ ਹੀ ਸਾਡੇ ਕੋਲ ਇਹ ਸਭ ਕੁਝ ਕਰਨ ਦੀ ਸਮਰੱਥਾ ਹੈ। ਜ਼ਰੂਰਤ ਕੇਵਲ ਦ੍ਰਿੜ ਇਰਾਦੇ ਨਾਲ ਰਾਜਨੀਤੀ ਤੋਂ ਉੱਪਰ ਉੱਠ ਕੇ ਆਬਾਦੀ ਨਾਲ ਸਬੰਧਿਤ ਮੌਕਾ ਸਾਂਭਣ ਦੀ ਹੈ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਧਨੌਲਾ 'ਚ ਸਟੇਟ ਬੈਂਕ ਆਫ ਇੰਡੀਆ ਦੇ ਅਧਿਕਾਰੀਆਂ ਵੱਲੋਂ ਲਾਏ ਗਏ 500 ਬੂਟੇ

ਧਨੌਲਾ ਮੰਡੀ, ਸੰਜੀਵ ਗਰਗ ਕਾਲੀ- ਸਟੇਟ ਬੈਂਕ ਆਫ ਇੰਡੀਆ ਦੇ ਡੀਜੀਐਮ ਏ। ਓ ਬਠਿੰਡਾ ਸ੍ਰੀ ਅਭਿਸ਼ੇਕ ਸ਼ਰਮਾ, ਆਰ। ਐਮ ਬਰਨਾਲਾ ਸ੍ਰੀ ਕ੍ਰਿਸ਼ਨ ਕੁਮਾਰ ਢੋਲੀਆ ਦੇ ਦਿਸ਼ਾ ਨਿਰਦੇਸ਼ਾਂ ਤੇ ਬਰਾਂਚ ਮੈਨੇਜਰ ਧਨੌਲਾ ਮੁਹੰਮਦ ਸਲਮਾਨ ਵੱਲੋਂ ਇੱਕ ਬੂਟਾ ਮਾਂ ਦੇ ਨਾਮ" ਯੋਜਨਾ ਅਧੀਨ "ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਲੜਕੇ ਧਨੌਲਾ ਵਿਖੇ ਬਾਬਾ ਨਾਨਕ ਦੀ ਬਗੀਚੀ ਵਿੱਚ 500 ਬੂਟੇ ਲਗਵਾਏ ਗਏ। ਇਸ ਮੌਕੇ ਮਾਨਵ ਸੰਸਥਾ ਦੇ ਮੈਨੇਜਰ ਵਿਪਨ ਕੁਮਾਰ ਖੁੱਲਰ, ਸੀਨੀਅਰ ਸਹਾਇਕ ਐਸਬੀਆਈ ਵਰਿੰਦਰਜੀਤ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਨੇ ਦੱਸਿਆ ਕਿ ਇਹ ਬੂਟੇ ਜੰਗਲਾਤ ਵਿਭਾਗ ਦੇ ਅਧਿਕਾਰੀ ਅਜੀਤ ਸਿੰਘ, ਰੁਪਿੰਦਰ ਕੌਰ ,ਜਗਰਾਜ ਸਿੰਘ ਦੇ ਸਹਿਯੋਗ ਨਾਲ ਲਿਆ ਕੇ ਇੱਥੇ ਲਾਏ ਗਏ ਹਨ ਉਹਨਾਂ ਦੱਸਿਆ ਕਿ ਇਸ ਤਰ੍ਹਾਂ ਦੀਆਂ ਹੋਰ ਵੀ ਬਾਬੇ ਨਾਨਕ ਦੀਆਂ ਬਗੀਚੀਆਂ ਪਿੰਡ ਸੇਖਾ, ਖੁੱਡੀ ਕਲਾਂ, ਬਾਬਾ ਗਾਂਧਾ ਸਿੰਘ ਸਕੂਲ ਬਰਨਾਲਾ ਅਤੇ ਬੂਟੇ ਟੀ ਪੁਆਇੰਟ ਧਨੌਲਾ ਤੋਂ ਲੈ ਕੇ ਸ਼ਹਿਰ ਤੱਕ ਲਾਏ ਜਾਣਗੇ। ਇਸ ਮੌਕੇ ਤੇ ਕੈਂਪਸ ਮੈਨੇਜਰ ਜਰਨੈਲ ਸਿੰਘ, ਸਿਮਰਦੀਪ ਸਿੰਘ ਦੀਪੀ, ਸਕੂਲ ਇੰਚਾਰਜ ਰੇਨੂ ਬਾਲਾ ,ਨਰਪਿੰਦਰ ਸਿੰਘ ਮਾਨ ਸਮਾਜ ਸੇਵਕ ,ਜਗਤਾਰ ਸਿੰਘ ਜਖਮੀ ਆਦਿ ਮੌਜੂਦ ਸਨ।



# ਪੰਜਾਬ ਦਾ ਭਵਿੱਖ ਅਤੇ ਅੱਜ ਦੀ ਸਿਆਸੀ ਲੀਡਰਸ਼ਿਪ ਦੀ ਜਿੰਮੇਵਾਰੀ

ਸੁੱਚਾ ਸਿੰਘ ਖੱਟੜਾ

ਖ਼ਾਲਿਸਤਾਨ ਦੀ ਧਾਰਨਾ ਉੱਤੇ ਪ੍ਰਿੰਟ ਅਤੇ ਬਿਜਲਈ ਪ੍ਰਚਾਰ ਸਾਧਨ ਭਰਪੂਰ ਚਰਚਾਵਾਂ ਕਰਵਾ ਰਹੇ ਹਨ। ਧਾਰਨਾ ਦੀ ਸਮੁੰਦਰ ਰਿੜਕਨ ਪ੍ਰਕਿਰਿਆ ਵਿੱਚ ਵਿਸ਼ਾ ਸਮੱਗਰੀ ਦੇ ਵਾਧੇ ਵਜੋਂ ਨਿਤ ਕੁਝ ਨਾ ਕੁਝ ਪੈਂਦਾ ਰਹਿਣਾ ਚਾਹੀਦਾ ਹੈ ਤਾਂ ਕਿ ਲੋਕ ਮਨਾਂ ਵਿੱਚੋਂ ਕੁਝ ਵੀ ਅਜਿਹਾ ਅਣ-ਵਿਆਖਿਅਤ ਨਾ ਰਹੇ ਜੋ ਸਮਾਜ ਦਾ ਨਾਸੂਰ ਬਣ ਕੇ ਮੁੜ ਰਿਸਣ ਲੱਗ ਜਾਵੇ।

1699 ਵਿੱਚ ਜਿਸ ਮਾਨਵ ਨੂੰ ਖ਼ਾਲਸਾ ਬਣਾਇਆ, ਉਸ ਦੀ ਰੂਹ ਦੀ ਘਾੜਤ ਤਾਂ ਬਾਬੇ ਨਾਨਕ ਤੋਂ ਸ਼ੁਰੂ ਸੀ। ਇਸ ਦੇ ਆਧਾਰ ਸਨ ਇੱਕ ਈਸ਼ਵਰ, ਅਸੀਂ ਸਭ ਉਸ ਦੇ ਬਾਲਕ। ਇੱਥੇ ਜਾਤ-ਪਾਤ, ਊਚ-ਨੀਚ ਸਮਾਪਤ ਹੈ। ਔਰਤ ਲਈ ਬਰਾਬਰੀ ਤੈਅ ਹੋ ਗਈ। ਕਿਰਤ ਅਤੇ ਕਿਰਤੀ ਸਤਿਕਾਰਤ ਹੋ ਗਏ। ਜ਼ੁਲਮ ਤੇ ਜ਼ਾਲਮ ਵਿਰੁੱਧ ਡਟਾ ਕਿਰਦਾਰ ਦਾ ਹਿੱਸਾ ਬਣ ਗਿਆ। ਪਰਾਇਆ ਹੱਕ ਪਾਪ ਹੋ ਗਿਆ। ਇਉਂ ਖ਼ਾਲਸਾ ਬਣਨਾ ਸ਼ੁਰੂ ਸੀ।

1699 ਵਿੱਚ ਖ਼ਾਲਸਾ ਪੰਥ ਨੂੰ ਸਾਕਾਰ ਕਰਨ ਲਈ ਖ਼ਾਲਸਾ ਫ਼ੌਜ ਦਾ ਨੀਂਹ ਪੱਥਰ ਰੱਖਿਆ ਗਿਆ। ਭਾਵ ਵਾਚਕ ਹੁਣ ਵਿਸ਼ੇਸ਼ਣ ਬਣ ਸ਼ਖ਼ਸੀਅਤ ਅਤੇ ਸਮੂਹ ਨਾਲ ਜੁੜ ਗਿਆ। ਇਤਿਹਾਸ ਦੇ ਕਾਲ ਖੰਡ ਵਿੱਚ ਚੁਣੌਤੀਆਂ ਆਈਆਂ, ਮੌਕੇ ਆਏ ਅਤੇ ਮਿਲੀ ਭੂਮਿਕਾ ਨਿਭਾਈ। ਸਰਹੰਦ ਦੀ ਇੱਟ ਨਾਲ ਇੱਟ ਖੜਕਾਈ, ਜ਼ਿਮੀਂਦਾਰੀ ਸਮਾਪਤ ਕਰ ਜ਼ਮੀਨਾਂ ਹਲ ਵਾਹਕਾਂ ਵਿੱਚ ਵੰਡ ਦਿੱਤੀਆਂ। ਮੌਤ ਸਾਹਮਣੇ ਆਈ, ਈਨ ਮੰਨਣ ਦੀ ਥਾਂ ਹੱਸਦਿਆਂ ਸ਼ਹੀਦੀਆਂ ਪਾ ਲਈਆਂ। ਅਬਦਾਲੀ ਅਤੇ ਦੁੱਰਾਨੀ ਨੇ ਦਿੱਲੀ ਉੱਤੇ ਹਮਲੇ ਕੀਤੇ। ਲੁੱਟੇ ਮਾਲ ਵਜੋਂ ਹਿੰਦੂ ਧੀਆਂ ਵੀ ਨਾਲ ਲਿਜਾਣ ਲੱਗੇ। ਪੰਜਾਬ ਦੀ ਧਰਤੀ ਉੱਤੇ ਖ਼ਾਲਸੇ ਨੇ ਧੀਆਂ ਛੁਡਵਾਈਆਂ ਅਤੇ ਪਰਿਵਾਰਾਂ ਪਾਸ ਵਾਪਸ ਪਹੁੰਚਾਈਆਂ। ਸਮਾਜ ਵਿੱਚ ਨਵਾਂ ਸੂਰਮਾ ਪੈਦਾ ਹੋ ਚੁੱਕਾ ਸੀ। ਖ਼ਾਲਸਾ ਇਉਂ ਸਮਾਜ ਦੀ ਸ਼ਰਧਾ ਤੇ ਸਤਿਕਾਰ ਦਾ ਪਾਤਰ ਬਣ ਗਿਆ। ਹਰ ਘਰ ਦੀ ਕਾੜ੍ਹਨੀ ਦਾ ਦੁੱਧ ਅਤੇ ਚਾਟੀ ਦਾ ਦਹੀਂ ਖ਼ਾਲਸੇ ਦਾ ਸੀ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੰਗਰੇਜ਼ ਹਕੂਮਤ ਵਿਰੁੱਧ ਇਕੱਲਾ ਪੰਜਾਬ ਲੜ ਹੀ ਨਹੀਂ ਸੀ ਸਕਦਾ। ਇਹੀ ਕਾਰਨ ਸੀ ਕਿ ਗ਼ਦਰ ਪਾਰਟੀ ਨੇ ਆਪਣਾ ਦੇਸ ਪੰਜਾਬ ਨਹੀਂ, ਹਿੰਦੋਸਤਾਨ ਅਪਣਾਇਆ। ਮਗਰੋਂ ਜਿੰਨੀਆਂ ਕੁਰਬਾਨੀਆਂ ਹੋਈਆਂ, ਉਹ ਪੰਜਾਬ ਜਾਂ ਸਿੱਖ ਰਾਜ ਦੀ ਆਜ਼ਾਦੀ ਲਈ ਨਹੀਂ, ਹਿੰਦ ਦੀ ਆਜ਼ਾਦੀ ਲਈ ਦਿੱਤੀਆਂ। ਆਜ਼ਾਦੀ ਨਾਲ ਹੀ ਦੇਸ ਵੰਡਿਆ ਗਿਆ। ਪੰਜਾਬ ਉਸ ਪ੍ਰਭੁਤਾ ਵਾਲੇ ਦੇਸ ਦਾ ਸੂਬਾ ਬਣਿਆ ਜਿਹੜਾ ਲੋਕ ਰਾਜੀ ਸੰਸਦੀ ਸਿਸਟਮ ਦੀ ਸੰਵਿਧਾਨਕ ਗਰੰਟੀ ਵਾਲਾ ਹੈ। ਅੰਗਰੇਜ਼ ਵੱਖਰਾ ਦੇਸ ਸਿੱਖਾਂ ਨੂੰ ਦੇ ਸਕਦੇ ਸਨ, ਆਗੂਆਂ ਦੀ ਨਾਲਾਇਕੀ ਕਾਰਨ ਨਹੀਂ ਮਿਲਿਆ, ਇਹ ਝੂਠ ਹੈ। ਇੱਥੋਂ ਹੀ ਖ਼ਾਲਸਾ ਰਾਜ ਲਈ ਮ੍ਰਿਗ ਤ੍ਰਿਸ਼ਨਾ ਜਨਮ ਲੈਂਦੀ ਹੈ।

ਅੰਮ੍ਰਿਤਸਰ ਦੇ ਨਿਰੰਕਾਰੀ ਕਾਂਡ ਪਿੱਛੋਂ ਸੰਤ ਜਰਨੈਲ ਸਿੰਘ ਦੇ ਹਥਿਆਰਬੰਦ ਅੰਗ ਰੱਖਿਅਕਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਠਿਕਾਣਾ ਬਣਾਉਣ ਤੋਂ ਬਾਅਦ ਸਾਕਾ ਨੀਲਾ ਤਾਰਾ ਤੱਕ ਅਨੇਕ ਹਿੰਦੂ ਸਿੱਖ ਮਾਰੇ ਜਾ ਚੁੱਕੇ ਸਨ। ਇਨ੍ਹਾਂ ਵਿੱਚ ਸਿੱਖਾਂ ਨੂੰ ਪੰਜਾਬ ਪੁਲੀਸ ਨੇ ਮਾਰਿਆ ਦੱਸਿਆ ਜਾਂਦਾ ਹੈ। 21 ਅਪਰੈਲ 1986 ਨੂੰ ਪੰਥਕ ਕਮੇਟੀ ਦੇ ਖ਼ਾਲਿਸਤਾਨ ਦੇ ਐਲਾਨ ਤੋਂ ਬਾਅਦ ਬੱਸਾਂ ਵਿੱਚੋਂ ਇੱਕ ਫ਼ਿਰਕੇ ਦੇ ਲੋਕਾਂ ਨੂੰ ਕੱਢ-ਕੱਢ ਕੇ ਮਾਰਨਾ ਆਮ ਹੋ ਗਿਆ ਸੀ। ਮਾਨਵ ਦਾ ਬਾਬੇ ਨਾਨਕ ਤੋਂ ਦਸਵੇਂ ਪਾਤਸ਼ਾਹ ਤੱਕ ਪਹੁੰਚ ਕੇ ਖ਼ਾਲਸਾ ਬਣਨਾ ਅਤੇ ਆਪਣੇ ਕਿਰਦਾਰ ਨਾਲ ਦੂਰ-ਦੂਰ ਤੱਕ ਸਤਿਕਾਰ ਹਾਸਿਲ ਕਰਨਾ ਅਤੇ ਵੀਹਵੀਂ ਸਦੀ ਦੇ ਅੱਸੀਵਿਆਂ ਵਿੱਚ ਤਥਾਕਥਿਤ ਖ਼ਾਲਸੇ ਦਾ 180 ਡਿਗਰੀ ਦਾ ਮੋੜਾ ਕੱਟਣਾ ਅਤੇ ਦਹਿਸ਼ਤੀ ਹੋ ਜਾਣਾ ਸਮਝਣਾ ਬਣਦਾ ਹੈ। ਉਹ ਵੀ ਖ਼ਾਲਸਾ ਸੀ ਜੋ ਹਿੰਦੂ ਧੀਆਂ ਛੁਡਵਾ ਕੇ ਉਨ੍ਹਾਂ ਦੇ ਮਾਪਿਆਂ ਹਵਾਲੇ ਕਰਦਾ ਸੀ; ਇਹ ਵੀ ਖ਼ਾਲਸਾ ਸੀ ਜੋ ਬੱਸਾਂ ਵਿੱਚੋਂ ਕੱਢ-ਕੱਢ ਹਿੰਦੂਆਂ ਨੂੰ ਮਾਰਨ ਲੱਗ ਪਿਆ। ਕਾਹਦਾ ਬਦਲਾ? ਕਾਹਦੀ ਸਜ਼ਾ? ਮੁਗ਼ਲ ਹਕੂਮਤ ਨੇ ਗੁਰੂ ਤੇਗ਼ ਬਹਾਦਰ, ਚਾਰ ਸਾਹਿਬਜ਼ਾਦੇ ਸ਼ਹੀਦ ਕੀਤੇ, ਖ਼ਾਲਸੇ ਨੇ ਕਿਸੇ ਨਿਹੱਥੇ ਮੁਸਲਮਾਨ ਨੂੰ ਨਿਸ਼ਾਨਾ ਨਹੀਂ ਬਣਾਇਆ। ਅੱਸੀਵਿਆਂ ਵਿੱਚ ਖ਼ਾਲਸਾ ਸਨਮਾਨ ਖੋਅ ਗਿਆ।



ਖ਼ਾਲਿਸਤਾਨ ਬਣਨ ਵਿੱਚ ਕੁਝ ਮੁੱਖ ਅੜਿੱਕੇ ਹਨ। ਸਿੱਖ ਗੁਰੂਆਂ ਅਤੇ ਆਜ਼ਾਦੀ ਘੁਲਾਟੀਆਂ, ਸਭ ਦੇ ਹਿੰਦੋਸਤਾਨ ਨਾਲ ਜੁੜਾਓ ਨੇ ਪੰਜਾਬੀਆਂ ਦੀ ਮਾਨਸਿਕਤਾ ਸਿਰਜੀ ਹੈ। ਇਹ ਅ-ਬਦਲ ਹੈ। ਖ਼ਾਲਿਸਤਾਨ ਇਸ ਮਾਨਸਿਕਤਾ ਨੂੰ ਬਦਲ ਕੇ ਹੀ ਬਣੇਗਾ। ਖ਼ਾਲਿਸਤਾਨ ਲਈ ਅੱਸੀਵਿਆਂ ਦੇ ਯਤਨਾਂ ਨੇ ਪੰਜਾਬ ਦੀ ਆਰਥਿਕਤਾ ਨੂੰ ਅਜਿਹੀ ਸੱਟ ਮਾਰੀ ਕਿ ਪੰਜਾਬ ਬਾਕੀ ਸੂਬਿਆਂ ਦੇ ਸਿਖਰ ਤੋਂ ਅੱਧੇ ਸੂਬਿਆਂ ਤੋਂ ਵੀ ਹੇਠਾਂ ਜਾ ਡਿੱਗਾ। ਉਦਯੋਗ ਬਾਹਰ ਚਲੇ ਗਏ। ਸਿੱਖਿਆ, ਸੁਰੱਖਿਆ, ਸਿਹਤ ਅਤੇ ਕੌਮੀ ਮੁਕਾਬਲਿਆਂ ਵਿੱਚ ਪੰਜਾਬੀ ਗੱਭਰੂਆਂ ਦੀਆਂ ਸਫਲਤਾਵਾਂ, ਸਭ ਚੌਪਟ ਹੋ ਗਿਆ। ਖ਼ਾਲਿਸਤਾਨ ਹੁਣ ਡਰਾਉਣਾ ਭੂਤ ਬਣ ਚੁੱਕਾ ਹੈ। ਪੰਜਾਬ ਤੋਂ ਬਾਹਰ ਦੇਸ ਦੇ ਕੋਨੇ-ਕੋਨੇ ਵਿੱਚ ਵੱਸਦੇ ਸਿੱਖ ਖ਼ਾਲਿਸਤਾਨ ਦੀ ਥਾਂ ਪੰਜਾਬ ਨੂੰ ਭਾਰਤ ਦੇ ਹਿੱਸੇ ਵਜੋਂ ਰੱਖਣ ਵਿੱਚ ਸੁਰੱਖਿਅਤ ਮਹਿਸੂਸ ਕਰਦੇ ਹਨ। ਅੱਜ ਧਰਮ ਦੇ ਆਧਾਰ ਉੱਤੇ ਦੇਸ ਖੜ੍ਹਾ ਕਰਨਾ ਪਿਛਾਖੜੀ ਸੋਚ ਹੈ। ਸੱਭਿਅਤਾ ਧਰਮ ਨਿਰਪੱਖ ਲੋਕਤੰਤਰੀ ਪ੍ਰਣਾਲੀਆਂ ਅਪਣਾ ਚੁੱਕੀ ਹੈ। ਇਸ ਤੋਂ ਇਲਾਵਾ ਭਾਰਤ ਦਾ ਜੋ ਵੀ ਮਹਾਨ ਹੈ, ਪੰਜਾਬੀ ਅਤੇ ਸਿੱਖ ਉਸ ਉੱਤੇ ਮਾਣ ਕਰਦਾ ਹੈ ਤੇ ਉਸ ਨੂੰ ਆਪਣਾ ਸਮਝਦਾ ਹੈ।

ਸਭ ਤੋਂ ਵੱਡਾ ਅੜਿੱਕਾ ਇਹ ਹੈ ਕਿ ਜਿਸ ਦੇਸ ਤੋਂ ਵੱਖ ਹੋ ਕੇ ਖ਼ਾਲਿਸਤਾਨ ਬਣਾਉਣਾ ਹੈ, ਉਸ ਨਾਲ ਟਕਰਾਅ ਖ਼ਾਲਿਸਤਾਨ ਦਾ ਨੀਂਹ ਪੱਥਰ ਹੈ। ਸਪਸ਼ਟ ਹੈ ਕਿ ਖ਼ਾਲਿਸਤਾਨ ਲਈ ਭਾਰਤੀ ਫ਼ੌਜ ਤੋਂ ਵੱਡੀ ਫ਼ੌਜ ਰੱਖਣੀ ਪਵੇਗੀ। ਪੰਜਾਬ ਦਾ ਰੇਲਵੇ ਸਿਸਟਮ ਸ਼ੰਭੂ ਤੱਕ ਰਹੇਗਾ। ਆਰਥਿਕਤਾ ਗਲੋਬਲ ਵਰਤਾਰਾ ਹੈ; ਦੇਸ-ਵਿਦੇਸ਼ ਦਾ ਕੋਈ ਖ਼ਾਲਿਸਤਾਨੀ ਆਪਣੇ ਆਰਥਿਕ ਮਾਡਲ ਦਾ ਚਾਰਟ ਬਣਾ ਕੇ ਦੇ ਦੇਵੇ ਪਰ ਭਾਰਤੀ ਫ਼ੌਜ ਤੋਂ ਵੱਡੀ ਫ਼ੌਜ, ਫ਼ੌਜੀ ਸਾਜ਼ੋ-ਸਮਾਨ, ਟੈਂਕ, ਲੜਾਕੂ ਹਵਾਈ ਜਹਾਜ਼ ਆਦਿ ਦੀ ਸਾਂਭ-ਸੰਭਾਲ ਦਾ ਖ਼ਰਚਾ ਪੂਰਾ ਕਰਨ ਵਾਲਾ ਆਰਥਿਕ ਮਾਡਲ ਹੋਣਾ ਚਾਹੀਦਾ ਹੈ। ਯਾਦ ਰਹੇ, ਇਸ ਫ਼ੌਜੀ ਅਤੇ ਆਰਥਿਕ ਪੱਖ ਨੂੰ ਡਾ। ਜਗਜੀਤ ਸਿੰਘ ਚੌਹਾਨ ਨੇ ਵੀ 16 ਜੂਨ 1980 ਦੇ ਆਪਣੇ ਐਲਾਨੇ ਖ਼ਾਲਿਸਤਾਨ ਦੇ ਖ਼ਾਕੇ ਵਿੱਚ ਕਿਤੇ ਦਰਜ ਨਾ ਕੀਤਾ। ਪੰਜਾਬ ਤੋਂ ਜਾ ਕੇ ਵਿਦੇਸ਼ ਬੈਠ ਕੇ ਖ਼ਾਲਿਸਤਾਨ ਪੰਜਾਬ ਵਿੱਚ ਬਣਾਉਣਾ ਖ਼ੁਫ਼ੀਆ ਏਜੰਸੀਆਂ ਦੀ ਖੇਡ ਹੈ। ਵਿਦੇਸ਼ ਬੈਠੇ ਖ਼ਾਲਿਸਤਾਨੀਆਂ ਨੂੰ ਅਪੀਲ ਹੈ ਕਿ ਉਨ੍ਹਾਂ ਨੂੰ ਸੱਜੇ ਖੱਬੇ ਵਾਰ-ਵਾਰ ਦੇਖਣ- ਕੀ ਉਨ੍ਹਾਂ ਦੇ ਫ਼ੈਸਲੇ ਸੁਤੰਤਰ ਹਨ?

ਪੰਜਾਬ ਵਿੱਚ ਕਿਸੇ ਅਜਿਹੀ ਸਿਆਸੀ ਲੀਡਰਸ਼ਿਪ ਦਾ ਉੱਠਣਾ ਜ਼ਰੂਰੀ ਹੈ ਜਿਹੜੀ ਪੰਜਾਬ ਨੂੰ ਸਿੱਖਿਆ ਅਤੇ ਸਕਿੱਲ (ਹੁਨਰ) ਦੀ ਹੱਬ ਬਣਾ ਸਕੇ। ਭਾਰਤ ਹੀ ਨਹੀਂ, ਵਿਦੇਸ਼ਾਂ ਤੋਂ ਵੀ ਵਿਦਿਆਰਥੀ ਪੰਜਾਬ ਵਿਚ ਸਿੱਖਿਆ ਪ੍ਰਾਪਤ ਕਰਨ ਆਉਣ ਅਤੇ ਪੰਜਾਬ ਤੋਂ ਸਿੱਖਿਅਤ ਹੋ ਕੇ ਦੁਨੀਆ ਦੇ ਹਰ ਕੋਨੇ ਵਿੱਚ ਜਾ ਕੇ ਆਪਣੀ ਬੌਧਿਕਤਾ ਦਾ ਕਮਾਲ ਦਿਖਾਉਣ। ਪੁਰਾਣੇ ਸਮਿਆਂ ਦਾ ਭਾਰਤ ਦਾ ਤਕਸ਼ਿਲਾ ਵਿਸ਼ਵਵਿਦਿਆਲਾ ਅਣਵੰਡੇ ਪੰਜਾਬ ਵਿੱਚ ਹੀ ਤਾਂ ਸੀ। ਇਸ ਅਮਲ ਨਾਲ ਪੰਜਾਬੀ ਵੀ ਸਿੱਖਿਅਤ ਹੋ ਕੇ ਬਾਹਰ ਜਾ ਕੇ ਪੰਜਾਬ ਨੂੰ ਵਿਦੇਸ਼ੀ ਕਰੰਸੀ ਨਾਲ ਮਾਲਾਮਾਲ ਕਰ ਸਕਣਗੇ। ਜਦੋਂ ਪੰਜਾਬ ਦੀ ਆਰਥਿਕਤਾ ਹੈ ਹੀ ਖੇਤੀਬਾੜੀ ਉੱਤੇ ਆਧਾਰਿਤ, ਫਿਰ ਖੇਤੀ ਜਿਨਸਾਂ ਵਿੱਚ ਵੰਨ-ਸਵੰਨਤਾ ਅਤੇ ਹਰ ਵੰਨਗੀ ਲਈ ਮੁੱਲ-ਵਾਧੇ ਦੇ ਛੋਟੇ ਵੱਡੇ ਉਦਯੋਗ ਖੜ੍ਹੇ ਕਰਨੇ ਪੈਣਗੇ। ਇਉਂ ਸਿੱਖਿਆ ਅਤੇ ਖੇਤੀ ਖੇਤਰ ਪੰਜਾਬ ਵਿੱਚ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਵਿੱਚ ਸਹਾਈ ਹੋਣਗੇ।

ਨਵੀਂ ਲੀਡਰਸ਼ਿਪ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹਾਸਲ ਕਰੇ, ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਹੱਕਦਾਰੀ ਅਤੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਕਰੇ। ਪੰਜਾਬ ਰੰਗਲਾ ਤਾਂ ਹੀ ਬਣੇਗਾ ਜੇ ਨਸ਼ਾ ਮੁਕਤ ਹੋਵੇਗਾ। ਪੰਜਾਬ ਵਿੱਚ ਹਿੰਦੂਆਂ ਸਿੱਖਾਂ ਦੀ ਸਾਂਝ ਬਾਦਲਾਂ ਦੇ ਫਾਰਮੂਲੇ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਵੇਲਿਆਂ ਦੀ ਭਾਵਨਾ ਉੱਤੇ ਆਧਾਰਿਤ ਹੋਵੇ। ਨਵੀਂ ਲੀਡਰਸ਼ਿਪ ਨੂੰ ਨਵੀਂ ਪਾਰਟੀ ਵੀ ਬਣਾਉਣੀ ਪੈ ਜਾਵੇ, ਬਣਾ ਲਈ ਜਾਵੇ ਪਰ ਇਸ ਨਵੀਂ ਬਣੀ ਪਾਰਟੀ ਵਿੱਚੋਂ ‘ਪੰਜਾਬ ਸਾਰਾ ਜਿਊਂਦਾ ਗੁਰਾਂ ਦੇ ਨਾਮ ’ਤੇ’ ਵਾਲੀ ਝਲਕ ਹੀ ਨਹੀਂ, ਇਸ ਵਿਚਾਰ ਨਾਲ ਓਤ-ਪੋਤ ਹੋਣੀ ਚਾਹੀਦੀ ਹੈ। ਇਤਿਹਾਸਕ ਗੁਰਦੁਆਰਿਆਂ ਨੂੰ ਅੰਦਰੂਨੀ ਬਹਿਰੂਨੀ ਏਜੰਸੀਆਂ ਦੀ ਘੁਸਪੈਠ ਤੋਂ ਬਚਾਉਣਾ ਪਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰੈਡੀਕਲਾਂ ਦੇ ਕਬਜ਼ੇ ਵਿੱਚ ਜਾਣ ਤੋਂ ਰੋਕਣਾ, ਨਾਲ ਹੀ ਸਿਆਸਤ ਤੋਂ ਮੁਕਤ ਕਰਵਾ ਕੇ ਨਿਰੋਲ ਸਿੱਖੀ ਪ੍ਰਚਾਰ ਲਈ ਵਚਨਬੱਧ ਸ਼ਖ਼ਸੀਅਤਾਂ ਦੇ ਹੱਥਾਂ ਵਿੱਚ ਦੇਣਾ ਸੰਭਵ ਬਣਾਉਣਾ ਪਵੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲੀ ਆਗੂਆਂ ਦੇ ਕਿਰਦਾਰਾਂ ਵਿੱਚ ਗਿਰਾਵਟ ਦਰ ਗਿਰਾਵਟ ਰੋਕਣ ਵਿੱਚ ਅਸਫਲ ਹੈ ਅਤੇ ਅਸਫਲ ਰਹੇਗਾ। ਵਾਰ-ਵਾਰ ਗ਼ਲਤੀਆਂ ਕਰਨਾ, ਮੁਆਫ਼ੀਆਂ ਦੇਣਾ ਅਤੇ ਤਨਖ਼ਾਹਾਂ ਲਾਉਣ ਦੀ ਕਵਾਇਦ ਤੋਂ ਸਿੱਖਾਂ ਦੀ ਇਸ ਸਰਵਉੱਚ ਸੰਸਥਾ ਨੂੰ ਹੁਣ ਬਾਹਰ ਹੋ ਜਾਣਾ ਚਾਹੀਦਾ ਹੈ। ਇਨ੍ਹਾਂ ਆਦਤਨ ਗੁਨਾਹਗਾਰਾਂ ਨੂੰ ਕਿਹਾ ਜਾਵੇ ਕਿ ਇਹ ਆਪ ਹੀ ਸੇਵਾ ਕਰ ਕੇ ਆਪਣੀ ਸ਼ੁੱਧੀ ਕਰ ਲਿਆ ਕਰਨ। ਪੰਜਾਬ ਦੀ ਨਵ-ਉਸਾਰੀ ਲਈ ਰਚਨਾਤਮਕ ਏਜੰਡਾ ਹੀ ਖ਼ਾਲਿਸਤਾਨ ਦੀ ਮ੍ਰਿਗ ਤ੍ਰਿਸ਼ਨਾ ਦੂਰ ਕਰ ਸਕਦਾ ਹੈ।

ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਨੂੰ ਬਚ ਕੇ ਰਹਿਣਾ ਪਏਗਾ। ਇਨ੍ਹਾਂ ਤੋਂ ਏਜੰਸੀਆਂ ਅਜਿਹਾ ਕੁਝ ਲਾਜ਼ਿਮ ਕਰਵਾਉਣਗੀਆਂ ਜਿਸ ਨਾਲ ਪੰਜਾਬ ਅੱਸੀਵਿਆਂ ਨੂੰ ਦੁਹਰਾਉਣ ਵੱਲ ਧੱਕਿਆ ਜਾਵੇਗਾ। ਆਰਐੱਸਐੱਸ ਦੇ ਅਨੇਕ ਵਿੰਗ ਪੰਜਾਬ ਅੰਦਰ ਸਿੱਖੀ ਅਤੇ ਸਿੱਖਾਂ ਵਿਰੁੱਧ ਨਿਤ ਊਲ-ਜਲੂਲ ਬੋਲਦੇ ਹਨ; ਦੂਜੇ ਪਾਸੇ, ਨਿਹੰਗ ਬਾਣੇ ਵਿੱਚ ਮੋੜਵਾਂ ਜਵਾਬ ਦੇਣ ਵਾਲੇ ਪਹਿਲਾਂ ਹੀ ਤਿਆਰ ਹਨ। ਅਕਸਰ ਕੋਈ ਤਾਂ ਇਨ੍ਹਾਂ ਪਿੱਛੇ ਜ਼ਰੂਰ ਹੈ। ਸਰਕਾਰਾਂ ਦੀ ਨਾਲਾਇਕੀ ਕਾਰਨ ਪੰਜਾਬ ਬਾਰੂਦ ਦੇ ਢੇਰ ਉੱਤੇ ਲਿਆ ਖੜ੍ਹਾ ਕਰ ਦਿੱਤਾ ਹੈ।

# ਭਾਰਤੀ ਜਨਤਾ ਪਾਰਟੀ ’ਚ ਆਤਮ-ਮੰਥਨ ਦੇ ਨਾਂ ’ਤੇ ਅੰਦਰੂਨੀ ਵਿਵਾਦ

ਲੋਕ ਸਭਾ ਚੋਣਾਂ ’ਚ ਉਮੀਦ ਨਾਲੋਂ ਕਮਜ਼ੋਰ ਕਾਰਗੁਜ਼ਾਰੀ ਦਿਖਾਉਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ’ਚ ਆਤਮ-ਮੰਥਨ ਦੇ ਨਾਂ ’ਤੇ ਜੋ ਕੁਝ ਹੋ ਰਿਹਾ ਹੈ, ਉਹ ਇਸ ਪਾਰਟੀ ਲਈ ਸ਼ੁਭ ਸੰਕੇਤ ਨਹੀਂ ਹੈ। ਉਂਜ ਤਾਂ ਲੋਕ ਸਭਾ ਚੋਣਾਂ ’ਚ ਭਾਜਪਾ ਨੂੰ ਕਈ ਸੂਬਿਆਂ ’ਚ ਨੁਕਸਾਨ ਸਹਿਣਾ ਪਿਆ ਪਰ ਉੱਤਰ ਪ੍ਰਦੇਸ਼ ਦੇ ਨਤੀਜੇ ਉਸ ਲਈ ਖ਼ਾਸੇ ਮਾਰੂ ਰਹੇ ਤੇ ਸ਼ਾਇਦ ਇਸ ਕਾਰਨ ਹੀ ਇਸ ਸੂਬੇ ਤੋਂ ਲਗਾਤਾਰ ਅਜਿਹੀਆਂ ਖ਼ਬਰਾਂ ਆ ਰਹੀਆਂ ਹਨ, ਜੋ ਇਹ ਦੱਸਦੀਆਂ ਹਨ ਕਿ ਸਰਕਾਰ ਅਤੇ ਸੰਗਠਨ ਦੇ ਪੱਧਰ ’ਤੇ ਸਭ ਕੁਝ ਠੀਕ ਨਹੀਂ ਹੈ। ਬੀਤੇ ਕੁਝ ਦਿਨਾਂ ਤੋਂ ਉੱਤਰ ਪ੍ਰਦੇਸ਼ ’ਚ ਲੀਡਰਸ਼ਿਪ ’ਚ ਤਬਦੀਲੀ ਨੂੰ ਲੈ ਕੇ ਵੀ ਅੰਦਾਜ਼ਿਆਂ ਦੇ ਘੋੜੇ ਦੌੜਾਏ ਜਾ ਰਹੇ ਹਨ। ਅਜਿਹਾ ਸਿਰਫ਼ ਇਸ ਲਈ ਨਹੀਂ ਹੋ ਰਿਹਾ ਹੈ ਕਿ ਉੱਤਰ ਪ੍ਰਦੇਸ਼ ਦੇ ਭਾਜਪਾ ਨੇਤਾ ਕੇਂਦਰੀ ਲੀਡਰਸ਼ਿਪ ਨੂੰ ਮਿਲ ਰਹੇ ਹਨ ਬਲਕਿ ਕੁਝ ਆਗੂਆਂ ਦੇ ਅਜਿਹੇ ਬਿਆਨਾਂ ਤੋਂ ਵੀ ਪ੍ਰਤੀਤ ਹੋ ਰਿਹਾ ਹੈ ਜੋ ਜਨਤਕ ਤੌਰ ’ਤੇ ਨਹੀਂ ਦਿੱਤੇ ਜਾਣੇ ਚਾਹੀਦੇ ਸਨ। ਕਾਬਿਲੇਗ਼ੌਰ ਹੈ ਕਿ ਬੀਤੇ ਦਿਨੀਂ ਦੋਵੇਂ ਉਪ ਮੁੱਖ ਮੰਤਰੀ ਤਾਂ ਮੁੱਖ ਮੰਤਰੀ ਯੋਗੀ ਦੀ ਮੀਟਿੰਗ ’ਚੋਂ ਵੀ ਗ਼ੈਰ-ਹਾਜ਼ਰ ਰਹੇ। ਜੇ ਉੱਤਰ ਪ੍ਰਦੇਸ਼ ’ਚ ਸਰਕਾਰ ਤੇ ਸੰਗਠਨ ’ਚ ਬਦਲਾਅ ਨੂੰ ਲੈ ਕੇ ਮੀਡੀਆ ’ਚ ਕਿਆਸਅਰਾਈਆਂ ਜਾਰੀ ਹਨ ਤਾਂ ਇਸ ਵਾਸਤੇ ਭਾਜਪਾ ਆਗੂਆਂ ਦੀਆਂ ਸਰਗਰਮੀਆਂ ਹੀ ਜ਼ਿੰਮੇਵਾਰ ਹਨ। ਕੇਂਦਰੀ ਲੀਡਰਸ਼ਿਪ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇ ਉੱਤਰ ਪ੍ਰਦੇਸ਼ ’ਚ ਲੀਡਰਸ਼ਿਪ ਬਦਲਾਅ ਨੂੰ ਲੈ ਕੇ ਚਰਚਾ ਦਾ ਬਾਜ਼ਾਰ ਗਰਮ ਰਹਿੰਦਾ ਹੈ ਤਾਂ ਇਸ ਨਾਲ ਪਾਰਟੀ ਨੂੰ ਵੱਡਾ ਨੁਕਸਾਨ ਵੀ ਸਹਿਣਾ ਪੈ ਸਕਦਾ ਹੈ। ਉਸ ਨੂੰ ਆਪਣੇ ਨੇਤਾਵਾਂ ਦੀਆਂ ਬੇਲੋੜੀਆਂ ਬਿਆਨਬਾਜ਼ੀਆਂ ’ਤੇ ਰੋਕ ਲਗਾਉਣੀ ਹੋਵੇਗੀ, ਨਹੀਂ ਤਾਂ ਜਨਤਾ ਨੂੰ ਇਹੀ ਸੰਦੇਸ਼ ਜਾਵੇਗਾ ਕਿ ਉਨ੍ਹਾਂ ਨੂੰ ਕਿਸੇ ਦੀ ਸ਼ਹਿ ਮਿਲ ਰਹੀ ਹੈ। ਕੀ ਇਹ ਅਜੀਬੋ-ਗ਼ਰੀਬ ਨਹੀਂ ਕਿ ਜੋ ਭਾਜਪਾ ਆਪਣੇ ਅਨੁਸ਼ਾਸਨ ਤੇ ਪਾਰਟੀ ਪ੍ਰਤੀ ਨੇਤਾਵਾਂ ਦੇ ਸਮਰਪਣ ਲਈ ਜਾਣੀ ਜਾਂਦੀ ਹੈ, ਉਸ ’ਚ ਅਨੁਸ਼ਾਸਨਹੀਣਤਾ ਘਰ ਕਰਦੀ ਦਿਖਾਈ ਦੇ ਰਹੀ ਹੈ। ਜੇ ਸਰਕਾਰ ਤੇ ਸੰਗਠਨ ਵਿਚ ਤਬਦੀਲੀਆਂ ਦੀ ਕੋਈ ਲੋੜ ਹੈ ਤਾਂ ਉਹ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਪਰ ਘਰ ਦੀ ਗੱਲ ਬਾਹਰ ਲਿਆਏ ਬਿਨਾਂ। ਸਰਕਾਰ ਤੇ ਸੰਗਠਨ ’ਚ ਸੰਭਾਵੀ ਬਦਲਾਅ ਨੂੰ ਲੈ ਕੇ ਕਿਆਸਾਂ ਦਾ ਦੌਰ ਪਾਰਟੀ ਵਰਕਰਾਂ ਦੇ ਮਨੋਬਲ ’ਤੇ ਬੁਰਾ ਅਸਰ ਪਾਉਣ ਵਾਲਾ ਤਾਂ ਹੈ ਹੀ, ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਟਿੱਚਰਾਂ ਕਰਨ ਦਾ ਮੌਕਾ ਦੇਣ ਵਾਲਾ ਵੀ ਹੈ। ਉੱਤਰ ਪ੍ਰਦੇਸ਼ ’ਚ ਜਲਦ ਹੀ 10 ਵਿਧਾਨ ਸਭਾ ਸੀਟਾਂ ’ਤੇ ਜ਼ਿਮਨੀ ਚੋਣਾਂ ਹੋਣੀਆਂ ਹਨ। ਇਸ ਨੂੰ ਦੇਖਦੇ ਹੋਏ ਹੋਣਾ ਤਾਂ ਇਹ ਚਾਹੀਦਾ ਹੈ ਕਿ ਪਾਰਟੀ ਆਗੂ ਆਪਣੇ ਮਤਭੇਦ ਭੁਲਾ ਕੇ ਇਕਮੁੱਠ ਹੋਣ। ਉਨ੍ਹਾਂ ’ਚ ਇਕਮੁੱਠਤਾ ਨਾ ਸਿਰਫ਼ ਹੋਣੀ ਚਾਹੀਦੀ ਸਗੋਂ ਲੋਕਾਂ ਨੂੰ ਦਿਸਣੀ ਵੀ ਚਾਹੀਦੀ ਹੈ। ਫ਼ਿਲਹਾਲ ਅਜਿਹਾ ਨਹੀਂ ਹੋ ਰਿਹਾ ਹੈ। ਘਰ ਦੀ ਲੜਾਈ ਬਾਹਰ ਆਈ ਹੋਈ ਹੈ।



ਜੇ ਉੱਤਰ ਪ੍ਰਦੇਸ਼ ’ਚ ਲੋਕ ਸਭਾ ਚੋਣਾਂ ’ਚ ਭਾਜਪਾ 33 ਸੀਟਾਂ ’ਤੇ ਹੀ ਸਿਮਟ ਗਈ ਤਾਂ ਇਸ ਵਾਸਤੇ ਸਿਰਫ਼ ਸੂਬਾ ਸਰਕਾਰ ਨੂੰ ਦੋਸ਼ ਦੇਣਾ ਸਹੀ ਨਹੀਂ ਹੋਵੇਗਾ। ਸੰਗਠਨ ਨੂੰ ਵੀ ਕਟਹਿਰੇ ਵਿਚ ਖੜ੍ਹਾ ਕਰਨ ਨਾਲ ਗੱਲ ਨਹੀਂ ਬਣਨ ਵਾਲੀ। ਨਿਰਾਸ਼ਾਜਨਕ ਚੋਣ ਨਤੀਜਿਆਂ ਲਈ ਸਾਰੀਆਂ ਧਿਰਾਂ ਜ਼ਿੰਮੇਵਾਰ ਹਨ ਤੇ ਸਾਰਿਆਂ ਨੂੰ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨਾ ਹੋਵੇਗਾ। ਇਹੀ ਕੰਮ ਕੇਂਦਰੀ ਲੀਡਰਸ਼ਿਪ ਨੂੰ ਵੀ ਕਰਨਾ ਹੋਵੇਗਾ ਕਿਉਂਕਿ ਜੋ ਨਤੀਜੇ ਆਏ, ਉਨ੍ਹਾਂ ਲਈ ਕਿਤੇ ਨਾ ਕਿਤੇ ਉਹ ਵੀ ਜ਼ਿੰਮੇਵਾਰ ਹੈ। ਅਜਿਹੇ ’ਚ ਇਸ ਖਿੱਚੋਤਾਣ ਨੂੰ ਬੰਦ ਕਰਦੇ ਹੋਏ ਪਾਰਟੀ ਆਪਣੇ ਅਨੁਸ਼ਾਸਨ ’ਚ ਪਰਤਦੇ ਹੋਏ ਲੋਕਾਂ ਨੂੰ ਸਹੀ ਸੰਦੇਸ਼ ਦੇਵੇ।




# ਸ਼ੂਗਰ ਦੇ ਮਰੀਜ਼ਾਂ ਲਈ ਮਿੱਠਾ ਜ਼ਹਿਰ ਨੇ ਕਈ ਫਲ

ਡਾਇਬਿਟੀਜ਼ ਇੱਕ ਅਜਿਹੀ ਬਿਮਾਰੀ ਹੈ ਜੋ ਪੂਰੀ ਦੁਨੀਆ ਵਿੱਚ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਿਤ ਕਰ ਰਹੀ ਹੈ। ਇਹ ਇੱਕ ਲਾਇਲਾਜ ਬਿਮਾਰੀ ਹੈ, ਜਿਸ ਦਾ ਕੋਈ ਇਲਾਜ ਨਹੀਂ ਹੈ ਅਤੇ ਇੱਕ ਵਾਰ ਹੋ ਜਾਵੇ ਤਾਂ ਇਹ ਉਮਰ ਭਰ ਵਿਅਕਤੀ ਦੇ ਨਾਲ ਰਹਿੰਦਾ ਹੈ। ਹਾਲਾਂਕਿ, ਕੁਝ ਦਵਾਈਆਂ, ਸਹੀ ਖਾਣ-ਪੀਣ ਦੀਆਂ ਆਦਤਾਂ ਅਤੇ ਜੀਵਨ ਸ਼ੈਲੀ ਵਿੱਚ ਕੁਝ ਬਦਲਾਅ ਦੀ ਮਦਦ ਨਾਲ ਇਸ ਨੂੰ ਕਾਫੀ ਹੱਦ ਤੱਕ ਕੰਟਰੋਲ ਕੀਤਾ ਜਾ ਸਕਦਾ ਹੈ। ਸ਼ੂਗਰ ਦੇ ਮਰੀਜ਼ਾਂ ਨੂੰ ਆਪਣੀ ਖੁਰਾਕ ਦਾ ਖਾਸ ਧਿਆਨ ਰੱਖਣਾ ਪੈਂਦਾ ਹੈ, ਕਿਉਂਕਿ ਖਾਣ-ਪੀਣ ਵਿਚ ਛੋਟੀ ਜਿਹੀ ਲਾਪਰਵਾਹੀ ਵੀ ਸਥਿਤੀ ਨੂੰ ਵਿਗੜ ਸਕਦੀ ਹੈ। ਅਜਿਹੇ 'ਚ ਸ਼ੂਗਰ ਤੋਂ ਪੀੜਤ ਵਿਅਕਤੀ ਨੂੰ ਫਲ ਖਾਂਦੇ ਸਮੇਂ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਉਸ ਲਈ ਕਿਹੜਾ ਫਲ ਫ਼ਾਇਦੇਮੰਦ ਹੈ ਅਤੇ ਕਿਹੜਾ ਨੁਕਸਾਨਦਾਇਕ।



**ਕੇਲੇ-** ਕੇਲਾ, ਜੋ ਕਿ ਪੌਸ਼ਟਿਕ ਫਲਾਂ ਵਿੱਚੋਂ ਇੱਕ ਹੈ, ਆਪਣੇ ਗੁਣਾਂ ਲਈ ਜਾਣਿਆ ਜਾਂਦਾ ਹੈ ਅਤੇ ਇਸ ਨੂੰ ਖਾਣ ਨਾਲ ਕਈ ਸਿਹਤ ਲਾਭ ਵੀ ਹੁੰਦੇ ਹਨ। ਹਾਲਾਂਕਿ ਇਸ ਦੇ ਨਿਯਮਤ ਸੇਵਨ ਨਾਲ ਸਮੱਸਿਆਵਾਂ ਤੋਂ ਛੁਟਕਾਰਾ ਮਿਲਦਾ ਹੈ, ਪਰ ਇਸ ਦਾ ਸੇਵਨ ਸ਼ੂਗਰ ਦੇ ਮਰੀਜ਼ਾਂ ਲਈ ਨੁਕਸਾਨਦੇਹ ਹੋ ਸਕਦਾ ਹੈ। ਕੇਲੇ 'ਚ ਹਾਈ ਗਲਾਈਸੈਮਿਕ ਇੰਡੈਕਸ ਹੁੰਦਾ ਹੈ, ਜਿਸ ਕਾਰਨ ਇਨ੍ਹਾਂ ਲੋਕਾਂ ਨੂੰ ਇਸ ਨੂੰ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

**ਚੈਰੀ-** ਛੋਟੀਆਂ ਲਾਲ ਚੈਰੀਆਂ ਬਹੁਤ ਸਾਰੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੀਆਂ ਹਨ। ਹਾਲਾਂਕਿ, ਇਹ ਸ਼ੂਗਰ ਦੇ ਮਰੀਜ਼ਾਂ ਲਈ ਸਿਹਤਮੰਦ ਨਹੀਂ ਮੰਨਿਆ ਜਾਂਦਾ ਹੈ। ਇਸ ਵਿਚ ਕੁਦਰਤੀ ਸ਼ੂਗਰ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ, ਜਿਸ ਕਾਰਨ ਇਸ ਨੂੰ ਜ਼ਿਆਦਾ ਮਾਤਰਾ ਵਿਚ ਖਾਣ ਨਾਲ ਬਲੱਡ ਸ਼ੂਗਰ ਦਾ ਪੱਧਰ ਤੇਜ਼ੀ ਨਾਲ ਵਧ ਸਕਦਾ ਹੈ। ਇਸ ਲਈ ਜੇਕਰ ਤੁਹਾਨੂੰ ਡਾਇਬਿਟੀਜ਼ ਹੈ ਤਾਂ ਚੈਰੀ ਨੂੰ ਘੱਟ ਮਾਤਰਾ 'ਚ ਹੀ ਖਾਓ।

**ਅੰਬ-** ਫਲਾਂ ਦਾ ਰਾਜਾ ਅੰਬ ਬਹੁਤ ਸਾਰੇ ਲੋਕਾਂ ਦਾ ਪਸੰਦੀਦਾ ਫਲ ਹੈ ਪਰ ਇਹ ਸ਼ੂਗਰ ਦੇ ਮਰੀਜ਼ਾਂ ਲਈ ਨੁਕਸਾਨਦੇਹ ਹੋ ਸਕਦਾ ਹੈ। ਸ਼ੂਗਰ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਇਸ ਨੂੰ ਖਾਣਾ ਸ਼ੂਗਰ ਤੋਂ ਪੀੜਤ ਲੋਕਾਂ ਲਈ ਨੁਕਸਾਨਦੇਹ ਹੋ ਸਕਦਾ ਹੈ। ਇਹ ਹਾਈ ਗਲਾਈਸੈਮਿਕ ਇੰਡੈਕਸ ਵਾਲਾ ਫਲ ਹੈ, ਜਿਸ ਨੂੰ ਖਾਣ ਨਾਲ ਬਲੱਡ ਸ਼ੂਗਰ ਦਾ ਪੱਧਰ ਤੇਜ਼ੀ ਨਾਲ ਵਧਦਾ ਹੈ।

**ਅਨਾਨਾਸ-** ਬ੍ਰੋਮੇਲੇਨ ਵਰਗੇ ਵਿਟਾਮਿਨ ਅਤੇ ਐਨਜ਼ਾਈਮ ਨਾਲ ਭਰਪੂਰ ਅਨਾਨਾਸ 'ਚ ਵੀ ਭਾਰੀ ਮਾਤਰਾ 'ਚ ਖੰਡ ਹੁੰਦੀ ਹੈ, ਜਿਸ ਕਾਰਨ ਸ਼ੂਗਰ ਦੇ ਮਰੀਜ਼ਾਂ ਨੂੰ ਇਸ ਨੂੰ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਮੀਡੀਅਮ ਗਲਾਈਸੈਮਿਕ ਇੰਡੈਕਸ ਦੇ ਨਾਲ ਉੱਚ ਸ਼ੂਗਰ ਦੀ ਸਮੱਗਰੀ ਬਲੱਡ ਸ਼ੂਗਰ ਦੇ ਪੱਧਰ ਨੂੰ ਵਧਣ ਦਾ ਕਾਰਨ ਬਣ ਸਕਦੀ ਹੈ। ਇਸ ਲਈ ਜੇਕਰ ਤੁਹਾਨੂੰ ਇਹ ਬਿਮਾਰੀ ਹੈ ਤਾਂ ਜਿੰਨਾ ਹੋ ਸਕੇ ਅਨਾਨਾਸ ਖਾਣ ਤੋਂ ਬਚੋ।

**ਅੰਗੂਰ-** ਅੰਗੂਰ ਇੱਕ ਅਜਿਹਾ ਫਲ ਹੈ ਜਿਸ ਨੂੰ ਲਗਭਗ ਹਰ ਕੋਈ ਬੜੇ ਚਾਅ ਨਾਲ ਖਾਂਦਾ ਹੈ। ਹਾਲਾਂਕਿ, ਜੇਕਰ ਤੁਹਾਨੂੰ ਸ਼ੂਗਰ ਹੈ, ਤਾਂ ਤੁਹਾਡੇ ਲਈ ਇਸ ਤੋਂ ਦੂਰੀ ਬਣਾਈ ਰੱਖਣਾ ਬਿਹਤਰ ਹੋਵੇਗਾ। ਇਨ੍ਹਾਂ 'ਚ ਸ਼ੂਗਰ ਦੀ ਵੀ ਚੰਗੀ ਮਾਤਰਾ ਹੁੰਦੀ ਹੈ ਅਤੇ ਇਨ੍ਹਾਂ ਦਾ ਆਕਾਰ ਛੋਟਾ ਹੋਣ ਕਾਰਨ ਇਨ੍ਹਾਂ ਨੂੰ ਅਕਸਰ ਜ਼ਿਆਦਾ ਮਾਤਰਾ 'ਚ ਖਾਧਾ ਜਾਂਦਾ ਹੈ, ਜਿਸ ਕਾਰਨ ਇਹ ਬਲੱਡ ਸ਼ੂਗਰ ਲੈਵਲ ਨੂੰ ਵਧਾ ਸਕਦੇ ਹਨ।

# ਮੂੰਹ ਤੋਂ ਹੋ ਜਾਂਦੀ ਹੈ 90% ਬਿਮਾਰੀਆਂ ਦੀ ਪਛਾਣ

ਸਾਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਬਾਰੇ ਉਦੋਂ ਪਤਾ ਲੱਗ ਜਾਂਦਾ ਹੈ ਜਦੋਂ ਉਹ ਗੰਭੀਰ ਪੜਾਅ 'ਤੇ ਪਹੁੰਚ ਜਾਂਦੀਆਂ ਹਨ, ਪਰ ਜੇਕਰ ਅਸੀਂ ਇਨ੍ਹਾਂ ਬਾਰੇ ਜਲਦੀ ਪਤਾ ਲਗਾ ਲਈਏ ਤਾਂ ਇਨ੍ਹਾਂ ਤੋਂ ਬਚਿਆ ਜਾ ਸਕਦਾ ਹੈ। ਸਾਡੇ ਸਰੀਰ ਦੀਆਂ 90 ਫੀਸਦੀ ਬਿਮਾਰੀਆਂ ਦੀ ਪਛਾਣ ਮੂੰਹ ਰਾਹੀਂ ਕੀਤੀ ਜਾ ਸਕਦੀ ਹੈ।



**ਪੇਟ ਦੇ ਕੈਂਸਰ ਦਾ ਪਤਾ ਚੱਲ ਸਕਦਾ ਹੈ**

ਡਾ. ਰਾਸ਼ੀ ਮਾਂਡਲਿਕ (ਦੰਦਾਂ ਤੇ ਮੂੰਹ ਰੋਗਾਂ ਦੇ ਮਾਹਿਰ) ਅਨੁਸਾਰ ਸ਼ੂਗਰ, ਦਿਲ, ਕੈਂਸਰ, ਅਨੀਮੀਆ, ਲਿਊਕੀਮੀਆ ਆਦਿ ਦੀ ਪਛਾਣ ਮੂੰਹ ਰੋਗਾਂ ਦੇ ਮਾਹਿਰਾਂ ਵੱਲੋਂ ਕੀਤੀ ਜਾ ਸਕਦੀ ਹੈ। ਅਸੀਂ ਮੂੰਹ ਦੇਖ ਕੇ ਵੀ ਪੇਟ ਦੇ ਕੈਂਸਰ ਦਾ ਪਤਾ ਲਗਾ ਸਕਦੇ ਹਾਂ। ਡਾ. ਰਾਸ਼ੀ ਨੇ ਕਿਹਾ, 'ਜੇਕਰ ਮਾਹਿਰ ਪੇਟ ਦੇ ਕੈਂਸਰ ਦੇ ਲੱਛਣ ਦੇਖ ਲੈਂਦੇ ਹਨ ਤਾਂ ਉਹ ਐਂਡੋਸਕੋਪਿਕ ਜਾਂਚ ਰਾਹੀਂ ਬਿਮਾਰੀ ਦਾ ਪਤਾ ਲਗਾਉਂਦੇ ਹਨ। ਉਦਾਹਰਨ ਲਈ ਮਸੂੜਿਆਂ ਦੀ ਬਿਮਾਰੀ ਤੇ ਪੀਰੀਅਡੋਨਟਾਈਟਸ ਨੂੰ ਦਿਲ ਦੀ ਬਿਮਾਰੀ ਤੇ ਸ਼ੂਗਰ ਨਾਲ ਜੋੜਿਆ ਗਿਆ ਹੈ।'

**ਲਾਗ ਵਧਣ ਦੀ ਸੰਭਾਵਨਾ**

ਇਕ ਖੋਜ ਵਿਚ ਸਾਹਮਣੇ ਆਇਆ ਹੈ ਕਿ ਸ਼ੂਗਰ ਦੇ 30 ਫੀਸਦੀ ਮਰੀਜ਼ਾਂ 'ਚ ਮੂੰਹ ਸੁੱਕਣਾ, ਜੀਭ 'ਚ ਜਲਨ ਵਰਗੇ ਲੱਛਣਾਂ ਕਾਰਨ ਇਨਫੈਕਸ਼ਨ ਦੀ ਸੰਭਾਵਨਾ ਵਧ ਜਾਂਦੀ ਹੈ। ਹੁਣ ਵੀ ਲੋਕ ਕਿਸੇ ਵੀ ਬਿਮਾਰੀ ਦਾ ਇਲਾਜ ਆਪਣੇ ਦਮ 'ਤੇ ਕਰਨ ਲੱਗ ਜਾਂਦੇ ਹਨ।ਜਿਸ ਕਾਰਨ ਇਹ ਬਿਮਾਰੀਆਂ ਗੰਭੀਰ ਹੋ ਜਾਂਦੀਆਂ ਹਨ। ਇਨ੍ਹਾਂ ਨੂੰ ਜੇਕਰ ਲੱਛਣ ਨਜ਼ਰ ਵੀ ਆਉਂਦੇ ਹਨ ਤਾਂ ਇਹ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ।

**ਸਾਵਧਾਨੀ ਨਾਲ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ**

ਡਾਕਟਰ ਰਾਸ਼ੀ ਅਨੁਸਾਰ ਮਾਹਿਰਾਂ ਦੀ ਸਲਾਹ ਨਾਲ ਇਨ੍ਹਾਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਕਈ ਮਾਮਲਿਆਂ 'ਚ ਤਾਂ ਮਾਹਿਰ ਇਹ ਵੀ ਕਹਿ ਦਿੰਦੇ ਹਨ ਕਿ ਕੈਂਸਰ ਹੋਣ ਵਾਲਾ ਹੈ। ਇਸ ਤੋਂ ਬਾਅਦ ਜੇਕਰ ਸਾਵਧਾਨੀ ਵਰਤੀ ਜਾਵੇ ਤਾਂ ਇਸ ਗੰਭੀਰ ਬਿਮਾਰੀ ਤੋਂ ਬਚਿਆ ਵੀ ਜਾ ਸਕਦਾ ਹੈ। ਉਨ੍ਹਾਂ ਅੱਗੇ ਕਿਹਾ, 'ਬਿਮਾਰੀਆਂ ਤੋਂ ਬਚਣ ਲਈ ਸਾਨੂੰ ਆਪਣੀ ਖੁਰਾਕ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਨਿਯਮਤ ਕਸਰਤ ਵੀ ਕਰਨੀ ਚਾਹੀਦੀ ਹੈ।'

# ਨਿੰਬੂ ਪਾਣੀ ਭਾਰ ਨੂੰ ਕੰਟਰੋਲ ਕਰਨ ਲਈ ਕਿੰਨਾ ਕਾਮਯਾਬ

ਅੱਜਕਲ੍ਹ ਬਦਲਦੀ ਜੀਵਨ ਸ਼ੈਲੀ ਕਾਰਨ ਲੋਕ ਕਈ ਸਮੱਸਿਆਵਾਂ ਦਾ ਸ਼ਿਕਾਰ ਹੋ ਰਹੇ ਹਨ। ਮੋਟਾਪਾ ਇਨ੍ਹਾਂ ਸਮੱਸਿਆਵਾਂ ਵਿੱਚੋਂ ਇੱਕ ਹੈ, ਜਿਸ ਕਾਰਨ ਅੱਜ-ਕੱਲ੍ਹ ਦੁਨੀਆ ਭਰ ਵਿੱਚ ਬਹੁਤ ਸਾਰੇ ਲੋਕ ਪ੍ਰੇਸ਼ਾਨ ਹਨ। ਜੇਕਰ ਸਮੇਂ ਸਿਰ ਇਸ 'ਤੇ ਕਾਬੂ ਨਾ ਪਾਇਆ ਜਾਵੇ ਤਾਂ ਇਹ ਕਈ ਗੰਭੀਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਅਜਿਹੇ 'ਚ ਲੋਕ ਭਾਰ ਘਟਾਉਣ ਲਈ ਨਿੰਬੂ ਪਾਣੀ ਨੂੰ ਆਪਣੀ ਰੁਟੀਨ ਦਾ ਹਿੱਸਾ ਬਣਾਉਂਦੇ ਹਨ। ਕਈ ਲੋਕ ਸਵੇਰੇ ਉੱਠਦੇ ਹੀ ਨਿੰਬੂ ਪਾਣੀ ਪੀ ਲੈਂਦੇ ਹਨ। ਇਸ ਨੂੰ ਸ਼ਹਿਦ ਵਿੱਚ ਮਿਲਾ ਕੇ ਪੀਣ ਨਾਲ ਦਿਨ ਦੀ ਸ਼ੁਰੂਆਤ ਵਧੀਆ ਹੁੰਦੀ ਹੈ।

ਕੁਝ ਲੋਕਾਂ ਦਾ ਮੰਨਣਾ ਹੈ ਕਿ ਸਵੇਰੇ ਨਿੰਬੂ ਪਾਣੀ ਪੀਣ ਨਾਲ ਉਨ੍ਹਾਂ ਨੂੰ ਤੁਰੰਤ ਊਰਜਾ ਮਿਲਦੀ ਹੈ ਅਤੇ ਪੂਰਾ ਦਿਨ ਰਿਚਾਰਜ ਰਹਿੰਦਾ ਹੈ। ਹਾਲਾਂਕਿ ਨਿੰਬੂ ਪਾਣੀ ਇੱਕ ਤਰੋਤਾਜ਼ਾ ਡਰਿੰਕ ਹੈ, ਜਿਸ ਨੂੰ ਪੀਣ ਨਾਲ ਮੂਡ ਤਰੋਤਾਜ਼ਾ ਹੁੰਦਾ ਹੈ ਅਤੇ ਸਰੀਰ ਨੂੰ ਠੰਡਕ ਮਿਲਦੀ ਹੈ, ਪਰ ਇਹ ਕਹਿਣ ਲਈ ਕਿ ਇਹ ਭਾਰ ਘਟਾਉਂਦਾ ਹੈ, ਇਸ ਗੱਲ ਦੀ ਪੁਸ਼ਟੀ ਕਰਨੀ ਜ਼ਰੂਰੀ ਹੈ। ਆਓ ਜਾਣਦੇ ਹਾਂ ਭਾਰ ਕੰਟਰੋਲ ਕਰਨ ਲਈ ਨਿੰਬੂ ਪਾਣੀ ਪੀਣਾ ਕਿੰਨਾ ਸਹੀ ਅਤੇ ਕਾਰਗਰ ਹੈ-

**ਭਾਰ ਘਟਾਉਣਾ ਤੇ ਨਿੰਬੂ ਪਾਣੀ**

ਕਈ ਖੋਜਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਮੁਤਾਬਕ ਨਿੰਬੂ ਪਾਣੀ ਪੀਣ ਨਾਲ ਭਾਰ 'ਤੇ ਅਸਰ ਪੈਂਦਾ ਹੈ। ਸਵੇਰੇ ਕੋਸੇ ਪਾਣੀ 'ਚ ਨਿੰਬੂ ਨਿਚੋੜ ਕੇ ਪੀਣ ਨਾਲ ਸਰੀਰ 'ਚ ਮੈਟਾਬੌਲਿਕ ਰੇਟ 30 ਫੀਸਦੀ ਵਧ ਜਾਂਦਾ ਹੈ, ਜਿਸ ਨਾਲ ਭਾਰ ਕੰਟਰੋਲ 'ਚ ਮਦਦ ਮਿਲਦੀ ਹੈ।

ਨਿੰਬੂ ਪਾਣੀ ਵਿੱਚ ਕੈਲੋਰੀ ਦੀ ਮਾਤਰਾ ਵੀ ਘੱਟ ਹੁੰਦੀ ਹੈ। ਅਜਿਹੇ 'ਚ ਕੋਈ ਵੀ ਹਾਈ ਕੈਲੋਰੀ ਵਾਲਾ ਡਰਿੰਕ ਪੀਣ ਦੀ ਬਜਾਏ ਨਿੰਬੂ ਪਾਣੀ ਪੀਣਾ ਬਿਹਤਰ ਹੈ, ਜਿਸ ਨਾਲ ਸਰੀਰ 'ਚ ਕੈਲੋਰੀ ਘੱਟ ਹੋਵੇਗੀ ਅਤੇ ਭਾਰ ਵੀ ਕੰਟਰੋਲ 'ਚ ਰਹੇਗਾ।



ਨਿੰਬੂ ਵਿੱਚ ਵਿਟਾਮਿਨ ਸੀ ਪਾਇਆ ਜਾਂਦਾ ਹੈ, ਜੋ ਇਸਨੂੰ ਇੱਕ ਚੰਗਾ ਐਂਟੀ-ਆਕਸੀਡੈਂਟ ਬਣਾਉਂਦਾ ਹੈ, ਜੋ ਸਰੀਰ ਨੂੰ ਵਿਟਾਮਿਨ ਦੀ ਲੋੜੀਂਦੀ ਮਾਤਰਾ ਪ੍ਰਦਾਨ ਕਰਦਾ ਹੈ ਅਤੇ ਇਹ ਕਸਰਤ ਦੌਰਾਨ ਚਰਬੀ ਨੂੰ ਬਰਨ ਕਰਨ ਵਿੱਚ ਵੀ ਮਦਦ ਕਰਦਾ ਹੈ ਅਤੇ ਇਮਿਊਨਿਟੀ ਨੂੰ ਵੀ ਵਧਾਉਂਦਾ ਹੈ।

ਨਿੰਬੂ ਵਿੱਚ ਮੌਜੂਦ ਪੈਕਟਿਨ ਫਾਈਬਰ ਪੇਟ ਨੂੰ ਲੰਬੇ ਸਮੇਂ ਤੱਕ ਭਰਿਆ ਮਹਿਸੂਸ ਕਰਵਾਉਂਦਾ ਹੈ, ਜੋ ਭੁੱਖ ਨੂੰ ਰੋਕਦਾ ਹੈ ਅਤੇ ਲਾਲਸਾ ਨੂੰ ਘੱਟ ਕਰਦਾ ਹੈ। ਇਸ ਤਰ੍ਹਾਂ ਇਹ ਭਾਰ ਨੂੰ ਕੰਟਰੋਲ ਕਰਨ 'ਚ ਵੀ ਮਦਦ ਕਰਦਾ ਹੈ।

ਨਿੰਬੂ ਪਾਣੀ ਸਰੀਰ ਨੂੰ ਹਾਈਡ੍ਰੇਟ ਰੱਖਦਾ ਹੈ, ਜਿਸ ਨਾਲ ਭਾਰ ਕੰਟਰੋਲ 'ਚ ਰਹਿੰਦਾ ਹੈ। ਇਕ ਰਿਸਰਚ ਦੇ ਮੁਤਾਬਕ, ਮੋਟਾਪੇ ਦੀ ਸਮੱਸਿਆ ਉਨ੍ਹਾਂ ਲੋਕਾਂ 'ਚ ਜ਼ਿਆਦਾ ਹੁੰਦੀ ਹੈ, ਜੋ ਡੀਹਾਈਡ੍ਰੇਟਿਡ ਹੁੰਦੇ ਹਨ।

ਡੀਹਾਈਡ੍ਰੇਸ਼ਨ ਪਾਚਨ ਕਿਰਿਆ ਨੂੰ ਵੀ ਪ੍ਰਭਾਵਿਤ ਕਰਦੀ ਹੈ, ਇਸ ਲਈ ਨਿੰਬੂ ਪਾਣੀ ਦਾ ਸੇਵਨ ਕਰਨ ਨਾਲ ਪਾਚਨ ਕਿਰਿਆ ਵੀ ਸੁਚਾਰੂ ਢੰਗ ਨਾਲ ਚਲਦੀ ਹੈ।

**ਜ਼ਿਆਦਾ ਨਿੰਬੂ ਪਾਣੀ ਵੀ ਨੁਕਸਾਨਦਾਇਕ**

ਨਿੰਬੂ ਹੀ ਨਹੀਂ, ਕਿਸੇ ਵੀ ਨਿੰਬੂ ਦੇ ਫਲ ਦਾ ਨਿਯਮਤ ਅਤੇ ਬਹੁਤ ਜ਼ਿਆਦਾ ਸੇਵਨ ਦੰਦਾਂ ਦੀ ਉਪਰਲੀ ਪਰਤ ਇਨਾਮੇਲ ਪ੍ਰਭਾਵਿਤ ਹੁੰਦੀ ਹੈ ਅਤੇ ਇਸ ਤਰ੍ਹਾਂ ਤੇਜ਼ਾਬ ਦੇ ਕਟੌਤੀ ਕਾਰਨ ਦੰਦਾਂ ਨੂੰ ਕਮਜ਼ੋਰ ਕਰ ਸਕਦਾ ਹੈ। ਇਸ ਲਈ ਜ਼ਿਆਦਾ ਮਾਤਰਾ 'ਚ ਨਿੰਬੂ ਪਾਣੀ ਪੀਣ ਤੋਂ ਬਚੋ।

# ਪ੍ਰੋਟੀਨ ਭਰਪੂਰ ਅਤੇ ਹਲਕੀ-ਫੁਲਕੀ ਖੁਰਾਕ ਨੇ ਦਾਲਾਂ

ਡਾਇਬਟੀਜ਼ ਤੇ ਦਿਲ ਸਬੰਧੀ ਸਮੱਸਿਆਵਾਂ ਨਾਲ ਵੱਡੀ ਗਿਣਤੀ ’ਚ ਲੋਕ ਪੀੜਤ ਹਨ। ਸ਼ੂਗਰ ਲੈਵਲ ਨੂੰ ਕੰਟਰੋਲ ’ਚ ਕਰਨ ’ਚ ਵੀ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਕ ਖੋਜ ’ਚ ਸਾਹਮਣੇ ਆਇਆ ਹੈ ਕਿ ਮਟਰ, ਮਸਰ ਤੇ ਛੋਲਿਆਂ ਵਰਗੀਆਂ ਦਾਲਾਂ ਡਾਇਬਟੀਜ਼ ਨੂੰ ਕੰਟਰੋਲ ਕਰਨ ’ਚ ਮਦਦਗਾਰ ਸਾਬਿਤ ਹੋ ਸਕਦੀਆਂ ਹਨ। ਖੋਜ ’ਚ ਦੱਸਿਆ ਗਿਆ ਹੈ ਕਿ ਦਾਲਾਂ ਤੁਹਾਡੇ ਕਾਰਡੀਓਵਸਕੂਲਰ ਬਾਇਓਮਾਰਕਰ ’ਤੇ ਵੀ ਸਕਾਰਾਤਮਕ ਅਸਰ ਪਾਉਂਦੀਆਂ ਹਨ। ਇਨ੍ਹਾਂ ’ਚ ਐੈਲਡੀਐੈਲ ਭਾਵ ਬੈਡ ਕੋਲੈਸਟਰੋਲ ਤੇ ਐੈਚਡੀਐੈਲ ਭਾਵ ਗੁੱਡ ਕੋਲੈਸਟਰੋਲ ਸ਼ਾਮਲ ਹਨ।



ਇਹ ਸੋਧ ਜਰਨਲ ਨਿਊਟਰੀਐਂਟਸ ’ਚ ਪ੍ਰਕਾਸ਼ਿਤ ਹੋਇਆ ਹੈ। ਇਸ ਵਿਚ ਬਿਹਤਰ ਸਿਹਤ ਲਈ ਦਾਲਾਂ ਦੀ ਵਰਤੋਂ ਤੇ ਬਿਮਾਰੀਆਂ ਨਾਲ ਲੜਨ ’ਚ ਇਸਦੀ ਅਹਿਮ ਭੂਮਿਕਾ ’ਤੇ ਪ੍ਰਕਾਸ਼ ਪਾਇਆ ਗਿਆ ਹੈ। ਅਧਿਐਨ ਨਾਲ ਜੁੜੇ ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਦੇ ਪ੍ਰੋਫੈਸਰ ਟੇਲਰ ਸੀ ਵੇਲੇਸ ਨੇ ਕਿਹਾ ਕਿ ਦਾਲਾਂ ਦੀ ਜੇ ਲਗਾਤਾਰ ਵਰਤੋਂ ਕੀਤੀ ਜਾਵੇ ਤਾਂ ਇਹ ਲੰਬੇ ਸਮੇਂ ਤੱਕ ਤੁਹਾਨੂੰ ਸਿਹਤਮੰਦ ਰੱਖਣ ’ਚ ਸਹਾਇਕ ਸਾਬਿਤ ਹੋ ਸਕਦੀਆਂ ਹਨ।

ਖਾਸ ਕਰਕੇ ਉਨ੍ਹਾਂ ਨੂੰ ਹੋਰ ਵੱਧ ਫਾਇਦਾ ਕਰਦੀਆਂ ਹਨ, ਜੋਂ ਟਾਈਪ-2 ਡਾਇਬਟੀਜ਼ ਤੇ ਦਿਲ ਸਬੰਧੀ ਪਰੇਸ਼ਾਨੀ ਨਾਲ ਜੂਝ ਰਹੇ ਹਨ। ਘੱਟ ਫੈਟ ਵਾਲੀ ਸਮੱਗਰੀ ਹੋਣ ਤੇ ਸਿਹਤ ਮੋਨੋ ਤੇ ਪਾਲੀਅਨਸੈਚੂਰੇਟਿਡ ਫੈਟ, ਜ਼ਰੂਰੀ ਸੂਖਮ ਪੋਸ਼ਕ ਤੱਤਾਂ ਤੇ ਐਂਟੀਆਕਸੀਡੈਂਟ ਨਾਲ ਭਰਪੂਰ ਦਾਲਾਂ ਪੋਸ਼ਣ ਦਾ ਪਾਵਰਹਾਊਸ ਹਨ। ਦਾਲਾਂ ਪਲਾਂਟ ਪ੍ਰੋਟੀਨ ਦਾ ਵੀ ਉੱਤਮ ਸਰੋਤ ਹਨ। ਇਹ ਫਾਈਬਰ, ਫੋਲੇਟ ਤੇ ਪੋਟਾਸ਼ੀਅਮ ਨਾਲ ਭਰਪੂਰ ਹੁੰਦੀਆਂ ਹਨ। ਇਹ ਜ਼ਿੰਕ, ਆਇਰਨ, ਕੈਲਸ਼ੀਅਮ ਤੇ ਮੈਗਨੀਸ਼ੀਅਮ ਵਰਗੇ ਖਣਿਜਾਂ ਦੇ ਸ਼ਾਨਦਾਰ ਸਰੋਤ ਦੇ ਤੌਰ ’ਤੇ ਵੀ ਕੰਮ ਕਰਦੀਆਂ ਹਨ। ਇਸ ਲਈ ਉਨ੍ਹਾਂ ਲਈ ਇਹ ਬੇਹੱਦ ਅਹਿਮ, ਜੋ ਪੋਸ਼ਕ ਤੱਤਾਂ ਲਈ ਬੂਟਿਆਂ ਆਧਾਰਿਤ ਸਰੋਤਾਂ ਨੂੰ ਪਹਿਲ ਦਿੰਦੇ ਹਨ।


NANAK FOOD & GROCERY HATT
Your Neighborhood Indian Food Market
We Carry All Brands Quality Food Items,
Vegetables,
Spices, Frozen Food,
Ready-To-Eat
And Dairy
SPECIAL OFFER
10% OFF
Limited Time Only
1625 A ST . ANTIOCH. CA 94509
TEL: 925-799-1313
ਪੰਜਾਬੀ ਭਰਾਵਾਂ
ਦੀ ਦੁਕਾਨ
With the Purchase of
$ 100 or more


UNIVERSAL
TIRE HUB
BAKERSFIELD, CA
TRUCK & TRAILER TIRES
ਯੂਨੀਵਰਸਲ ਟਾਇਰ ਹੱਬ, ਬੇਕਰਸਫੀਲਡ, ਕੈਲੀਫੋਰਨੀਆ
ਸਾਡੇ ਕੋਲ ਟਰੱਕ ਅਤੇ ਟਰੇਲਰ ਦੇ ਵਧੀਆ ਟਾਇਰ ਵਾਜ਼ਿਬ ਰੇਟ ਤੇ ਮਿਲਦੇ ਹਨ।
ਫੋਨ : 661.735.0001
ਫੋਨ : 661.735.0002
BEST PRICE IN CALIFORNIA
2309 S UNION AVE,
BAKERSFIELD, CA 93307
info@universaltirehub.com
TRAILER
$1699
(ALL TAX INCLUDE 8 TIRES)
DRIVE TIRES
$1850
(ALL TAX INCLUDE 8 TIRES)
WE ACCEPT BULK ORDERS AND CONTAINER SHIPMENTS
HUBTRACTYRES
AvanTech
ROADX TYRE
Firestone
AEOLUS
PIRELLI
BRIDGESTONE